
ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੯ ਫੱਗਣ-ਚੇਤ ਸੰਮਤ ਨਾਨਕਸ਼ਾਹੀ ੫੫੭-੫੮ ਮਾਰਚ ੨੦੨੬ ਅੰਕ : ੧੨
Vol. : 69 March 2026 Issue : 12



ਭਾਈ ਤਾਰਾ ਸਿੰਘ ਜੀ 'ਵਾਂ' ਦੁਆਰਾ ਆਪਣੇ ਕੁਝ ਕੁ ਸਿੰਘਾਂ ਸਮੇਤ ਮੋਮਨ ਖਾਂ ਦੀ ੨੨੦੦ ਸਿਪਾਹੀਆਂ ਦੀ ਫੌਜ ਨਾਲ ਮੁਕਾਬਲਾ ਕਰਨ ਸਮੇਂ ਦਾ ਦ੍ਰਿਸ਼



ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ,
ਵੇਰਕਾ, ਸ੍ਰੀ ਅੰਮ੍ਰਿਤਸਰ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼


(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਫੱਗਣ-ਚੇਤ, ਸੰਮਤ ਨਾਨਕਸ਼ਾਹੀ ੫੫੭-੫੮ ਮਾਰਚ 2026

ਜਿਲਦ ੬੯ (Vol. 69) ਅੰਕ ੧੨ (Issue 12)

*ਸੰਪਾਦਕ*
ਸਤਵਿੰਦਰ ਸਿੰਘ

*ਸਹਾਇਕ ਸੰਪਾਦਕ*
ਬਿਕਰਮਜੀਤ ਸਿੰਘ


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com, gyan_gurmat@yahoo.com


ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੮ |
| ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦੁ ਸਾਹਿਬ' ਦੀ ਸੰਬੋਧਨਮਈ ਸ਼ੈਲੀ | -ਪ੍ਰਿੰ. ਕ੍ਰਿਸ਼ਨ ਸਿੰਘ | ੧੧ |
| ਵਡ ਜੋਧਾ ਬਹੁ ਪਰਉਪਕਾਰੀ | -ਪ੍ਰੋ. ਪਿਆਰਾ ਸਿੰਘ ਪਦਮ | ੧੯ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ | -ਡਾ. ਰਵਨੀਤ ਕੌਰ | ੨੩ |
| ਸਿਮਰਨ ਦਾ ਫ਼ਲ | -ਪ੍ਰੋ. ਸਾਹਿਬ ਸਿੰਘ | ੨੮ |
| ਹੋਲਾ ਮਹੱਲਾ (ਕਵਿਤਾ) | -ਸ. ਮਾਨ ਸਿੰਘ ਲਾਂਬਾ ਮਸਕੀਨ | ੩੧ |
| ਲੰਗਰ ਸੰਸਥਾ: ਨਿਕਾਸ ਤੇ ਵਿਕਾਸ | -ਡਾ. ਬਲਵੰਤ ਸਿੰਘ | ੩੨ |
| ਸਿੱਖ ਪ੍ਰਚਾਰਕ ਕਿਹੋ ਜਿਹਾ ਹੋਵੇ? | -ਪ੍ਰਿੰਸੀਪਲ ਸੁਰਿੰਦਰ ਸਿੰਘ | ੪੬ |
| ਦਸਤਾਰ: ਸਤਿਕਾਰ ਅਤੇ ਮਹੱਤਵ | -ਡਾ. ਪਰਮਵੀਰ ਸਿੰਘ | ੫੭ |
| ਹੋਲਾ ਮਹੱਲਾ | -ਡਾ. ਗਿਆਨੀ ਭੁਪਿੰਦਰ ਪਾਲ ਸਿੰਘ | ੬੨ |
| ਇਕ ਅਦੁੱਤੀ ਸਿੱਖ ਜਰਨੈਲ: ਸਰਦਾਰ ਬਘੇਲ ਸਿੰਘ | -ਡਾ. (ਕਰਨਲ) ਦਲਵਿੰਦਰ ਸਿੰਘ | ੭੩ |
| ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ, ਪਾਤਸ਼ਾਹੀ ਪਹਿਲੀ, ਵੇਰਕਾ (ਸ੍ਰੀ ਅੰਮ੍ਰਿਤਸਰ) | -ਸ੍ਰੀ ਰਮੇਸ਼ ਬੱਗਾ ਚੋਹਲਾ | ੮੦ |
| ਮਨ ਮੇਰੇ... (ਕਵਿਤਾ) | -ਸ. ਅਭੈਜੀਤ ਸਿੰਘ | ੮੧ |
| ਪਹਿਲਾ ਪਾਣੀ ਜੀਉ ਹੈ | -ਸ. ਇਕਵਾਕ ਸਿੰਘ ਪੱਟੀ | ੮੨ |
| ਪ੍ਰਿੰਸੀਪਲ ਸਤਿਬੀਰ ਸਿੰਘ | -ਸ੍ਰੀ ਦਲਜੀਤ ਰਾਏ ਕਾਲੀਆ | ੮੪ |
| ਗੁਰਮਤਿ ਦੇ ਨਿਰਮਲ ਵਿਚਾਰ | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੮੬ |
| ਭਾਈ ਤਾਰਾ ਸਿੰਘ ਜੀ 'ਵਾਂ' | -ਡਾ. ਗੁਰਚਰਨ ਸਿੰਘ | ੯੦ |
| ਮਾਰਚ ਅਤੇ ਅਪ੍ਰੈਲ ੨੦੨੬ ਈ. ਦੇ ਗੁਰਪੁਰਬ ਤੇ ਇਤਿਹਾਸਿਕ ਦਿਹਾੜੇ | | ੯੨ |
| ਰਾਗੁ ਧਨਾਸਰੀ | -ਮਾ. ਬਲਬੀਰ ਸਿੰਘ ਹੰਸਪਾਲ | ੯੩ |
| ਖ਼ਬਰਨਾਮਾ | | ੯੫ |

# ਗੁਰਬਾਣੀ ਵਿਚਾਰ

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਅਰੰਭਕ ਪਉੜੀ ਵਿਚ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਨਾਮ ਬਿਨਾਂ ਮਨੁੱਖਾ ਸਰੀਰ ਦੇ ਵਿਅਰਥ ਜਾਣ ਦੀ ਵਾਸਤਵਿਕਤਾ ਸਮਝਾਉਂਦਿਆਂ, ਮਨੁੱਖਾ ਜਨਮ ਦੀ ਦੁਰਲੱਭਤਾ ਤੇ ਉੱਚੀ ਕੀਮਤ ਦਾ ਅਹਿਸਾਸ ਕਰਾਉਂਦੇ ਹਨ। ਗੁਰੂ ਪਾਤਸ਼ਾਹ ਜੀ ਇਸ ਵਿਚ ਅਧਿਆਤਮ ਮਾਰਗ 'ਤੇ ਤੁਰਨਾ ਅਤਿ ਜ਼ਰੂਰੀ ਦੱਸਦੇ ਹੋਏ ਇਸ ਦਿਸ਼ਾ ਵਿਚ ਤੁਰਨ ਹਿੱਤ ਉਸ ਨੂੰ ਪਰਮਾਤਮਾ ਦੀ ਕਿਰਪਾ ਦੀ ਜਾਚਨਾ ਕਰਨ ਅਤੇ ਉਸ ਦੇ ਸੱਚੇ ਸਦੀਵੀ ਕੰਮ ਆਉਣ ਵਾਲੇ ਨਾਮ ਨੂੰ ਮਨ-ਚਿਤ-ਆਤਮਾ ਵਿਚ ਵਸਾਉਣ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਅਕਾਲ ਪੁਰਖ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਫੁਰਮਾਨ ਕਰਦੇ ਹਨ ਕਿ, ਹੇ ਪ੍ਰਭੂ ! ਆਪਣੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਵਿਛੜੇ ਹੋਏ ਹਾਂ। ਆਪਣੀ ਕਿਰਪਾ ਕਰਦਿਆਂ ਹੇ ਪ੍ਰਭੂ, ਆਪ ਨੇ ਸਾਨੂੰ ਆਪਣੇ ਨਾਲ ਮਿਲਾ ਲੈਣਾ। ਭਾਵ ਸਾਡਾ ਆਪ ਨੂੰ ਵਿਸਾਰੀ ਰੱਖਣਾ ਖ਼ਤਮ ਹੋ ਜਾਵੇ। ਅਸੀਂ ਆਪਣੇ ਆਲੇ-ਦੁਆਲੇ ਦੀਆਂ ਚਾਰੋਂ ਹੀ ਨੁੱਕਰਾਂ ਅਤੇ ਦਸਾਂ ਹੀ ਦਿਸ਼ਾਵਾਂ ਵਿਚ ਜਗਤ ਦੀ ਮਾਇਆ ਦੇ ਅਸਰ ਥੱਲੇ ਭੌਂਦੇ ਫਿਰਦੇ ਰਹੇ ਹਾਂ, ਹੁਣ ਹਾਰ-ਹੁੱਟ ਕੇ ਤੁਹਾਡਾ ਆਸਰਾ ਤੱਕਿਆ ਹੈ।

ਪਰਮਾਤਮਾ ਦੇ ਸਦੀਵੀ ਸੱਚੇ ਨਾਮ ਤੋਂ ਬਗੈਰ ਅਰਥਹੀਣ ਅਤੇ ਦੁਖਦਾਇਕ

ਮਾਨਸਿਕ ਆਤਮਿਕ ਹਾਲਤ ਨੂੰ ਦੋ ਦ੍ਰਿਸ਼ਟਾਂਤਾਂ ਰਾਹੀਂ ਦਰਸਾਉਂਦੇ ਹੋਏ ਗੁਰੂ ਪਾਤਸ਼ਾਹ ਕਥਨ ਕਰਦੇ ਹਨ ਕਿ ਗਊ ਜੋ ਦੁੱਧ ਨਹੀਂ ਦਿੰਦੀ, ਕਿਸੇ ਕੰਮ ਨਹੀਂ ਆਉਂਦੀ। ਦੂਸਰਾ ਦ੍ਰਿਸ਼ਟਾਂਤ ਦਿੰਦਿਆਂ ਗੁਰੂ ਜੀ ਕਥਨ ਕਰਦੇ ਹਨ ਕਿ ਪਾਣੀ ਬਿਨਾਂ ਖੇਤੀ ਮੁਰਝਾਅ ਜਾਂਦੀ ਹੈ ਅਤੇ ਉਸ ਤੋਂ ਪੂਰੀ ਆਮਦਨ ਨਹੀਂ ਹੋ ਸਕਦੀ ਭਾਵ ਪਾਣੀ ਖੇਤੀ ਦੇ ਵਿਕਾਸ-ਵਿਗਾਸ ਵਾਸਤੇ ਅਤਿ ਜ਼ਰੂਰੀ ਤੱਤ ਹੈ। ਦੋਨਾਂ ਦ੍ਰਿਸ਼ਟਾਂਤਾਂ ਦੀ ਸੰਰਚਨਾਤਮਕ ਯੋਜਨਾਬੰਦੀ ਦੁਆਰਾ ਸਹਿਜੇ ਹੀ ਸਿੱਟਾ ਕੱਢਦੇ ਹੋਏ ਗੁਰੂ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਇਨਸਾਨ ਦਾ ਸੱਜਣ ਕੇਵਲ ਤੇ ਕੇਵਲ ਉਹ ਪਰਮਾਤਮਾ ਹੈ। ਉਸ ਬਗ਼ੈਰ ਸੁਖ-ਸ਼ਾਂਤੀ ਕਿਵੇਂ ਮਿਲੇਗੀ? ਭਾਵ ਕਦਾਚਿਤ ਵੀ ਨਹੀਂ ਮਿਲੇਗੀ। 'ਪ੍ਰਭੂ ਦੇ ਨਾਮ ਵਿਚ ਹੀ ਸੱਚਾ ਸੁਖ ਮਿਲ ਸਕਦਾ ਹੈ' ਇਹ ਭਾਵ ਦ੍ਰਿੜ੍ਹ ਕਰਾਉਣ ਵਾਸਤੇ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਘਰ ਅਰਥਾਤ ਹਿਰਦੇ ਅੰਦਰ ਪਰਮਾਤਮਾ-ਰੂਪੀ ਪਿਆਰਾ ਪਤੀ ਪ੍ਰਗਟ ਨਹੀਂ ਹੁੰਦਾ ਮਤਲਬ ਕਿ ਜਿਹੜਾ ਹਿਰਦਾ ਉਹਨੂੰ ਯਾਦ ਨਹੀਂ ਰੱਖਦਾ ਜਾਂ ਹੱਦੋਂ ਵੱਧ ਦਿੱਸਦੇ ਸੰਸਾਰ ਦੀ ਮੋਹ-ਮਾਇਆ ਵਿਚ ਗੁਆਚ ਜਾਂਦਾ ਹੈ ਉਹ ਵੱਡੀ ਭੱਠੀ ਸਮਾਨ ਤਪਦੇ ਸ਼ਹਿਰ ਜਾਂ ਪਿੰਡ ਜਿਹਾ ਹੈ। ਜੀਵ-ਇਸਤਰੀ ਦਾ ਸਰੀਰਿਕ ਸ਼ਿੰਗਾਰ ਉਸ ਦੇ ਸਰੀਰ ਸਮੇਤ ਝੂਠਾ ਜਾਂ ਖ਼ਤਮ ਹੋ ਜਾਣ ਵਾਲਾ ਹੈ। ਮਾਲਕ ਪਰਮਾਤਮਾ ਬਿਨਾਂ ਬਾਹਰੀ ਰੂਪ ਵਿਚ ਮਿੱਤਰ ਜਾਂ ਹਿਤੈਸ਼ੀ ਦਿੱਸਦੇ ਲੋਕ ਜਮਾਂ/ਜਮਦੂਤਾਂ ਸਮਾਨ ਹਨ। ਗੁਰੂ ਜੀ ਮਨੁੱਖ-ਮਾਤਰ ਨੂੰ ਅਧਿਆਤਮ ਮਾਰਗ 'ਤੇ ਪਾਉਣ ਹਿੱਤ ਪ੍ਰਭੂ ਮਾਲਕ ਅੱਗੇ ਅਰਦਾਸ-ਜਾਚਨਾ ਕਰਦੇ ਹਨ ਕਿ, ਹੇ ਨਾਨਕ! ਆਪਣੀ ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ ਦਿਓ! ਮੈਨੂੰ ਆਪਣੇ ਨਾਲ ਆਪਣੇ ਨਾਮ ਦੁਆਰਾ ਮਿਲਾ ਲੈਣਾ ਜੀ! ਕੇਵਲ ਤੇ ਕੇਵਲ ਇਸ ਸ੍ਰਿਸ਼ਟੀ ਉੱਪਰ ਆਪ ਜੀ ਦਾ ਨਾਮ ਹੀ ਸਦਾ ਅਟੱਲ ਰਹਿਣ ਵਾਲਾ ਹੈ ਭਾਵ ਇਸ ਸੰਸਾਰ ਉੱਪਰ ਹੋਰ ਜੋ ਕੁਝ ਵੀ ਦ੍ਰਿਸ਼ਟਮਾਨ ਹੈ ਸਭ ਬਦਲ ਜਾਣ ਵਾਲਾ ਹੈ।

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੁਆਰਾ ਚੇਤ ਮਹੀਨੇ ਨਾਲ ਸੰਬੰਧਿਤ ਵਾਤਾਵਰਨ ਅਤੇ ਮੌਸਮ ਦੇ ਰੂ-ਬ-ਰੂ ਜੀਵ-ਇਸਤਰੀ ਨੂੰ ਮਾਲਕ ਪਰਮਾਤਮਾ ਨੂੰ ਯਾਦ ਕਰਦਿਆਂ ਉਸ ਵਿਚ ਸੁਖ-ਅਨੰਦ ਮਾਣਦਿਆਂ, ਬਨਸਪਤੀ ਅਤੇ ਕੁਦਰਤ 'ਚ ਵੱਸਦੇ ਕਾਦਰ ਨੂੰ ਮਹਿਸੂਸ ਕਰਦਿਆਂ ਅਧਿਆਤਮਿਕ ਖੇਤਰ ਵਿਚ ਵਿਗਾਸ ਹਿੱਤ ਸਦਾ ਯਤਨਸ਼ੀਲ ਰਹਿਣ ਲਈ, ਸੱਚੇ ਗੁਰੂ ਦੀ ਅਗਵਾਈ ਹਾਸਲ ਕਰਨ ਦੀ ਗੁਰਮਤਿ-ਜੁਗਤ ਬਖ਼ਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਉਸ ਸੱਚੇ ਮਾਲਕ ਨੂੰ ਯਾਦ ਕਰੀਏ ਤਾਂ ਡੂੰਘਾ ਅਨੰਦ ਮਿਲਦਾ ਹੈ। ਸੰਤ ਭਾਵ ਰੱਬ ਨਾਲ ਮਿਲੇ ਹੋਏ ਲੋਕਾਂ ਨਾਲ ਮਿਲ-ਬੈਠ ਕੇ, ਜੀਭਾ ਨਾਲ ਉਸ ਮਾਲਕ ਦਾ ਨਾਮ ਜਪਣਾ ਸਹਿਜੇ ਹੀ ਸੰਭਵ ਹੋ ਜਾਂਦਾ ਹੈ। ਇੱਥੇ ਗੁਰੂ ਜੀ ਦਾ ਅੰਤਰੀਵ ਭਾਵ ਹੈ ਕਿ ਜਗਤ ਤੋਂ ਕਿਨਾਰਾ ਕਰਨਾ ਕਿਸੇ ਤਰ੍ਹਾਂ ਵੀ ਪ੍ਰਭੂ-ਭਗਤੀ ਦੇ ਵਾਸਤੇ ਲੋੜੀਂਦਾ ਅਤੇ ਯੋਗ ਨਹੀਂ ਸਿਰਫ਼ ਚੰਗੀ ਸੰਗਤ ਲੱਭਣ ਦੀ ਲੋੜ ਹੈ। ਚੰਗੀ ਸੰਗਤ ਵਿਚ ਹੋਣ ਵਾਲੀ ਪਰਸਪਰ ਵਿਚਾਰ ਮਨੁੱਖ ਨੂੰ ਭਟਕਣ ਤੋਂ ਬਚਾਉਂਦੀ ਹੋਈ ਰੂਹਾਨੀ ਮੰਜ਼ਲ ਵੱਲ ਤੋਰ ਦਿੰਦੀ ਹੈ।

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਲਕ (ਪਰਮਾਤਮਾ) ਨੂੰ ਪਾ ਲਿਆ ਹੈ ਉਸੇ ਨੂੰ ਹੀ ਇਸ ਸੰਸਾਰ ਉੱਪਰ ਆਇਆ ਗਿਣੀਏ। ਕਹਿਣ ਤੋਂ ਭਾਵ, ਮਾਲਕ ਨੂੰ ਰੀਝਾਉਣ ਬਿਨਾਂ ਮਨੁੱਖੀ ਸਰੀਰ ਨੂੰ ਪਾਉਣ ਦਾ ਕੋਈ ਅਰਥ ਹੀ ਨਹੀਂ। ਜਿਹੜਾ ਮਾਲਕ ਨੂੰ ਪਛਾਣ ਲੈਂਦਾ ਹੈ ਉਹ ਤਾਂ ਉਸ ਦੀ ਯਾਦ ਬਿਨਾਂ, ਉਸ ਨੂੰ ਚਿਤਵਣ ਬਿਨਾਂ ਨਹੀਂ ਰਹਿੰਦਾ। ਉਹ ਮਾਲਕ ਦਾ ਪਸਾਰਾ ਸਾਰੇ ਪਾਸੇ ਜਲ-ਥਲ ਅਤੇ ਬਨਸਪਤੀ ਵਿਚ ਵੇਖਦਾ-ਮਹਿਸੂਸਦਾ ਹੈ। ਦੂਜੇ ਬੰਨੇ ਜਿਸ ਨੂੰ ਉਹ ਮਾਲਕ ਯਾਦ ਨਹੀਂ ਆਉਂਦਾ ਉਹਦਾ ਦੁੱਖ ਬਹੁਤ ਹੀ ਵੱਡਾ ਹੈ। ਜਿਨ੍ਹਾਂ ਮਨੁੱਖਾਂ ਨੇ ਉਸ ਨੂੰ ਸਿਮਰਿਆ ਹੈ ਉਨ੍ਹਾਂ ਦੇ ਭਾਗ ਵੱਡੇ ਹਨ। ਹੇ ਨਾਨਕ! ਪ੍ਰਭੂ ਨੂੰ ਮਿਲਿਆਂ ਹੋਇਆਂ ਨੂੰ ਵੇਖ ਕੇ ਮਨ ਵਿਚ ਪਰਮਾਤਮਾ ਮਾਲਕ ਨੂੰ ਮਿਲ ਪੈਣ ਦੀ ਇੱਛਾ ਉਪਜੀ ਹੈ, ਮਨ ਵਿਚ ਇਕ ਤ੍ਰੇਹ ਲੱਗ ਗਈ ਹੈ। ਮਨੁੱਖਾ ਜੀਵਨ ਰੂਪੀ ਚੇਤ ਮਹੀਨੇ ਵਿਚ ਜੇਕਰ ਕੋਈ ਉਸ ਮਾਲਕ ਨਾਲ ਮਿਲਾ ਦੇਣ ਦੀ ਆਸ ਬੰਨ੍ਹਾਏ ਤਾਂ ਉਸ ਦੇ ਚਰਨੀਂ ਲੱਗਣਾ ਚਾਹੀਦਾ ਹੈ।

ਸੰਪਾਦਕੀ...

# ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ

*ਵੇਖਿਆ ਜਾਵੇ ਤਾਂ ਹਰੇਕ ਪਲ ਆਪਣੇ ਆਪ ਵਿਚ ਨਵਾਂ ਹੁੰਦਾ ਹੈ। ਜੋ ਮਨੁੱਖ ਪ੍ਰਭੂ-ਨਾਮ ਵਿਚ ਮਗਨ ਹੈ, ਜੋ ਇਸ ਸਰੀਰਕ ਜਾਮੇ ਨੂੰ ਪਰਮਾਤਮਾ ਨਾਲ ਮਿਲਾਪ ਕਰਨ ਦੇ ਸਾਧਨ ਦੇ ਰੂਪ ਵਿਚ ਲੈਂਦਾ ਹੈ ਉਹ ਸਾਰਾ ਜੀਵਨ ਹੀ ਖੁਸ਼ੀ, ਚਾਅ ਅਤੇ ਉਤਸ਼ਾਹ ਵਿਚ ਸਫਲ ਕਰਦਾ ਹੈ। ਚਿੰਤਾ, ਉਦਾਸੀ ਅਤੇ ਨਿਰਾਸ਼ਾ ਦੇ ਮਾੜੇ ਪ੍ਰਭਾਵ ਤੋਂ ਉਹ ਬਚਿਆ ਰਹਿੰਦਾ ਹੈ ਅਤੇ ਜੀਵਨ ਗੁਜ਼ਾਰਦਾ ਹੋਇਆ ਆਪਣੇ ਜ਼ਿੰਮੇ ਲੱਗਾ ਹਰੇਕ ਜ਼ਰੂਰੀ ਫ਼ਰਜ਼ ਸਹੀ ਢੰਗ ਨਾਲ ਨਿਭਾਉਂਦਾ ਹੈ। ਪਰੰਤੂ ਅਜਿਹੇ ਕਰਮ ਕਰਨ ਵਾਲੇ ਲੋਕਾਂ ਦੀ ਇਸ ਸੰਸਾਰ ਵਿਚ ਗਿਣਤੀ ਕਿਸੇ ਯੁੱਗ ਵਿਚ ਵੀ ਜ਼ਿਆਦਾ ਨਹੀਂ ਹੁੰਦੀ। ਉਹ 'ਵਿਰਲੇ ਕੇਈ ਕੇਇ' ਦੇ ਗੁਰਵਾਕ ਅਨੁਸਾਰ ਬਹੁਤ ਹੀ ਚੋਣਵੇਂ ਹੁੰਦੇ ਹਨ।*

*ਦੂਜੀ ਤਰ੍ਹਾਂ ਦੇ ਲੋਕਾਂ ਦੀ ਜ਼ਿੰਦਗੀ ਵਿਚ ਵਿਸ਼ੇਸ਼ ਰੂਪ ਵਿਚ ਨਵੀਨਤਾ, ਤਾਜ਼ਗੀ, ਰੰਗ ਅਤੇ ਰਸ ਦਾ ਸੰਚਾਰ ਕਰਨ ਦੇ ਉਦੇਸ਼ ਦੀ ਪੂਰਤੀ ਕਰਨ ਲਈ ਸਾਡੇ ਬੁੱਧੀਮਾਨ ਅਨੁਭਵੀ ਬਜ਼ੁਰਗਾਂ ਨੇ ਤਿਉਹਾਰਾਂ ਦੀ ਵਿਉਂਤਬੰਦੀ ਕੀਤੀ। ਸ਼ਾਇਦ ਸਾਡੇ ਦੇਸ਼ ਭਾਰਤ ਦੇ ਲੋਕਾਂ ਦੇ ਜੀਵਨ ਵਿਚ ਮਿਹਨਤ ਦੀ ਬਹੁਤਾਤ ਸੀ ਜਿਸ ਦੇ ਫਲਸਰੂਪ ਇੱਥੇ ਦੂਜੇ ਦੇਸ਼ਾਂ/ਕੌਮਾਂ ਦੀ ਤੁਲਨਾ ਵਿਚ ਤਿਉਹਾਰਾਂ ਦੀ ਗਿਣਤੀ ਜ਼ਿਆਦਾ ਹੈ। ਸਾਡੇ ਜ਼ਿਆਦਾਤਰ ਤਿਉਹਾਰ ਜਿੱਥੇ ਰੁੱਤਾਂ ਵਿਚ ਬਦਲਾਉ ਦੇ ਸੂਚਕ ਹਨ, ਉੱਥੇ ਉਨ੍ਹਾਂ ਦਾ ਸਭਿਆਚਾਰਕ, ਲੌਕਿਕ, ਨੈਤਿਕ ਅਤੇ ਇਤਿਹਾਸਿਕ ਪਿਛੋਕੜ ਵੀ ਹੈ। ਹੋਲੀ ਅਤੇ ਹੋਲਾ-ਮਹੱਲਾ ਸਾਡੇ ਅਜਿਹੇ ਹੀ ਤਿਉਹਾਰ ਹਨ।*

*ਹੋਲੀ ਸਾਡੇ ਦੇਸ਼ ਵਿਚ ਸਦੀਆਂ ਤੋਂ ਮਨਾਈ ਜਾ ਰਹੀ ਹੈ, ਜਿਸ ਦਾ ਸੰਬੰਧ ਫੱਗਣ ਮਹੀਨੇ ਦੀ ਸੁਹਾਵਣੀ ਰੁੱਤ ਨਾਲ ਹੈ। ਇਸ ਰੁੱਤ ਵਿਚ ਅਸੀਂ ਸਿਆਲ ਦੀ ਅਤਿ ਦੀ ਠੰਡ ਤੋਂ ਬਾਅਦ ਸੁਖ-ਆਰਾਮ ਦਾ ਅਨੁਭਵ ਕਰਦੇ ਹਾਂ। ਹੋਲੀ ਦੇ ਨਾਲ ਪਰਮਾਤਮਾ ਦੇ ਸੱਚੇ ਭਗਤ ਪ੍ਰਹਿਲਾਦ ਅਤੇ ਉਸ ਦੇ ਕ੍ਰੋਧੀ ਅਤੇ ਸਖ਼ਤ ਸੁਭਾਅ ਵਾਲੇ ਪਿਤਾ, ਜਿਸ ਨੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਸੀ, ਦਾ ਲੋਕਯਾਨਿਕ ਪ੍ਰਸੰਗ ਵੀ ਜੁੜਿਆ ਹੋਇਆ ਹੈ। ਬੁਰਾਈ ਦੀ ਓੜਕ ਹਮੇਸ਼ਾਂ ਹਾਰ ਹੁੰਦੀ ਹੈ ਅਤੇ ਉਸ ਦੀ ਬੇੜੀ ਹਮੇਸ਼ਾਂ ਭਰ ਕੇ ਡੁੱਬਦੀ ਹੈ ਇਸ ਦਾ ਸਪੱਸ਼ਟ ਸਬੂਤ ਹੋਲੀ ਨਾਲ ਜੁੜੇ ਹਰਨਾਖਸ਼ ਅਤੇ ਉਸ ਦੀ ਭੈਣ ਹੋਲਿਕਾ ਦੀ, ਪਰਮਾਤਮਾ ਦੀ ਮਰਜ਼ੀ ਨਾਲ ਹੋਈ ਮੌਤ ਨੂੰ ਯਾਦ ਕਰਦਿਆਂ ਹੋਇਆਂ ਮਿਲਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਦੂਸਰੀ ਪਉੜੀ ਵਿਚ ਪ੍ਰਭੂ ਮਾਲਕ ਦੁਆਰਾ ਭਗਤ ਪ੍ਰਹਿਲਾਦ ਦੀ ਰੱਖਿਆ ਦਾ ਸੰਖੇਪ*

ਰੂਪ 'ਚ ਬਿਰਤਾਂਤ ਅੰਕਤ ਕੀਤਾ ਹੈ:

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ।
ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈਕਾਰ ਕਰਨਿ ਬ੍ਰਹਮਾਦਿ॥੨॥

ਹੋਲਿਕਾ ਦੀ ਮਾੜੀ ਨੀਅਤ ਦੀ ਹੋਈ ਹਾਰ ਦਾ ਲੋਕਾਂ ਦੁਆਰਾ ਨੱਚ ਕੇ ਅਤੇ ਮਿੱਟੀ ਆਦਿ ਉਡਾ ਕੇ ਜਸ਼ਨ ਮਨਾਇਆ ਗਿਆ ਜੋ ਹੋਲੀ ਕਹਿਲਾਉਂਦਾ ਹੈ। ਸਹੀ ਸੋਚ ਦੇ ਧਾਰਨੀਆਂ ਨੇ ਇਸ ਵਿਚ ਇਕ-ਦੂਜੇ 'ਤੇ ਰੰਗ ਪਾਉਣ ਆਦਿ ਨੂੰ ਸ਼ਾਮਲ ਕੀਤਾ ਤਾਂ ਹੋਲੀ ਦਾ ਤਿਉਹਾਰ ਰੰਗਾਂ ਦੇ ਤਿਉਹਾਰ ਦੇ ਰੂਪ ਵਿਚ ਵਿਕਸਿਤ ਹੋ ਗਿਆ, ਪਰ ਮਨੁੱਖੀ ਅਕਲ ਵਿਚ ਗ਼ਲਤ ਦਿਸ਼ਾ ਵਿਚ ਜਾਣ ਦਾ ਜੋ ਰੁਝਾਨ ਹੈ ਉਸ ਨੇ ਰੰਗਾਂ ਨੂੰ ਇਕ-ਦੂਜੇ 'ਤੇ ਪਾ ਕੇ, ਇਕ-ਦੂਜੇ ਨਾਲ ਖੁਸ਼ੀਆਂ ਵੰਡਣ ਦੀ ਜਗ੍ਹਾ ਕਈ ਤਰ੍ਹਾਂ ਦੀਆਂ ਗ਼ਲਤ ਸ਼ਰਾਰਤਾਂ ਨੂੰ ਇਸ ਵਿਚ ਸ਼ਾਮਲ ਕਰ ਦਿੱਤਾ ਜਿਸ ਕਾਰਨ ਅਤਿਅੰਤ ਹਾਨੀਕਾਰਕ ਰਸਾਇਣਕ ਰੰਗਾਂ ਦਾ ਪ੍ਰਯੋਗ ਹੋਣ ਲੱਗ ਪਿਆ। ਮਿੱਟੀ ਉਡਾਉਣਾ, ਚਿੱਕੜ ਸੁੱਟਣਾ, ਟੋਲੀਆਂ ਬਣਾ ਕੇ ਬਜ਼ਾਰਾਂ ਵਿਚ ਖੜ੍ਹੇ ਹੋ ਕੇ ਰਾਹੀਆਂ ਨੂੰ ਤੰਗ ਕਰਨਾ ਆਦਿ ਹੋਲੀ ਦਾ ਇਕ ਜ਼ਰੂਰੀ ਅੰਗ ਹੀ ਮੰਨ ਲਿਆ ਗਿਆ।

ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਲੋਕਾਂ ਨੂੰ ਅਜਿਹੇ ਕੋਝੇ ਢੰਗ ਨਾਲ ਹੋਲੀ ਮਨਾਉਂਦਿਆਂ ਦੇਖਿਆ-ਸੁਣਿਆ ਤਾਂ ਆਪਣੇ ਪਿਆਰੇ ਸਿੱਖ ਪੰਥ/ਖਾਲਸਾ ਪੰਥ ਨੂੰ ਹੋਲੇ-ਮਹੱਲੇ ਦੇ ਰੂਪ ਵਿਚ ਖਾਲਸ ਖਾਲਸਈ ਤਿਉਹਾਰ ਬਖਸ਼ਿਸ਼ ਕੀਤਾ ਜੋ ਜਿੱਥੇ ਉਸ ਯੁੱਗ ਵਿਚ ਹੋਲੀ ਦੀਆਂ ਕੁਰੀਤੀਆਂ ਤੋਂ ਪੂਰੀ ਤਰ੍ਹਾਂ ਰਹਿਤ ਅਤੇ ਨਿਰਮਲ ਹੈ, ਉੱਥੇ ਇਸ ਨੂੰ ਮਨਾਉਣ ਲਈ ਪ੍ਰਚਲਿਤ ਕੀਤਾ ਗਿਆ ਢੰਗ ਵੀ ਖਾਲਸਾ ਪੰਥ ਵਿਚ ਬਾਹਰੀ ਅਤੇ ਅੰਤਰੀਵੀ ਦੋਨਾਂ ਰੂਪਾਂ ਵਿਚ ਬੀਰ-ਰਸ ਸੰਚਾਰ ਕਰਨ ਵਾਲੀ ਗੁਰਮਤਿ ਭਾਵਨਾ ਦੇ ਅਨੁਕੂਲ ਵੀ ਹੈ।

ਹੋਲਾ ਮਹੱਲਾ ਗੁਰੂ ਜੀ ਦੀ ਆਪਣੀ ਦੇਖ-ਰੇਖ ਅਤੇ ਅਗਵਾਈ ਹੇਠ ਖਾਲਸਾ ਪੰਥ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਸੰਮਤ ੧੭੫੭ ਬਿਕ੍ਰਮੀ ਅਥਵਾ ਸੰਮਤ ਨਾਨਕਸ਼ਾਹੀ ੨੩੧ ਮੁਤਾਬਿਕ ਸੰਨ ੧੭੦੦

ਬਿਕ੍ਰਮੀ ਵਿਚ ਮਨਾਇਆ ਜਾਣਾ ਅਰੰਭ ਹੋਇਆ। ਆਪਣੀਆਂ ਖਾਲਸਈ ਫੌਜਾਂ ਨੂੰ ਚੁਸਤ-ਦਰੁਸਤ ਤੇ ਸਦ-ਕਿਰਿਆਸ਼ੀਲ ਰੱਖਣ, ਉਨ੍ਹਾਂ ਨੂੰ ਹਰੇਕ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਲਈ ਅਤੇ ਹੋਰ ਵੀ ਦ੍ਰਿੜ੍ਹ ਕਰਨ ਦੇ ਉਦੇਸ਼ ਦੀ ਪੂਰਤੀ ਕਰਨ ਹਿੱਤ ਗੁਰੂ ਜੀ ਨੇ ਸਿੰਘਾਂ ਨੂੰ ਦੋ ਦਲਾਂ ਵਿਚ ਵੰਡ ਕੇ ਮਸਨੂਈ ਜੰਗ ਕਰਵਾਈ। ਇਕ ਦਲ ਨੂੰ ਕਿਲ੍ਹਾ ਹੋਲਗੜ੍ਹ ਦੇ ਰੱਖਿਅਕਾਂ ਦੇ ਰੂਪ ਵਿਚ ਤੈਨਾਤ ਕਰ ਦਿੱਤਾ ਅਤੇ ਦੂਸਰੇ ਦਲ ਨੂੰ ਕਿਲ੍ਹੇ ਉੱਤੇ ਹੱਲਾ ਬੋਲਣ ਦਾ ਹੁਕਮ ਦਿੱਤਾ। ਦੋਨਾਂ ਦਲਾਂ ਦੇ ਸਿੰਘ ਜੋਧਿਆਂ ਦੀ ਅਲੱਗ-ਅਲੱਗ ਪਛਾਣ ਲਈ ਦੋਨਾਂ ਨੂੰ ਵੱਖਰੇ-ਵੱਖਰੇ ਰੰਗ ਦੀਆਂ ਪੋਸ਼ਾਕਾਂ ਪਹਿਨਾਈਆਂ ਗਈਆਂ। ਇਤਿਹਾਸ ਵਿਚ ਵਰਣਨ ਮਿਲਦਾ ਹੈ ਕਿ ਹੱਲਾ ਬੋਲਣ ਵਾਲੇ ਦਲ ਨੇ ਜਿੱਤ ਪ੍ਰਾਪਤ ਕੀਤੀ ਜਿਸ ਨੂੰ ਗੁਰੂ ਜੀ ਨੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਦੋਨਾਂ ਦਲਾਂ ਦੇ ਸਿੰਘਾਂ ਨੂੰ ਰੱਜਵਾਂ ਕੜਾਹ-ਪ੍ਰਸ਼ਾਦ ਛਕਾਇਆ ਗਿਆ।

ਦਸਮੇਸ਼ ਪਿਤਾ ਦੁਆਰਾ ਬਖਸ਼ਿਸ਼ ਕੀਤੇ ਗਏ ਖਾਲਸਈ ਹੋਲੇ-ਮਹੱਲੇ ਦੀ ਪਰੰਪਰਾ ਨੂੰ ਗੁਰੂ ਜੀ ਦੇ ਸਾਜੇ-ਨਿਵਾਜੇ ਖਾਲਸਾ ਪੰਥ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਇਕ ਅਮੁੱਲ ਖਜ਼ਾਨੇ ਦੇ ਤੌਰ 'ਤੇ ਸਾਂਭਣ ਲਈ ਹਰ ਸੰਭਵ ਯਤਨ ਕੀਤਾ ਹੈ। ਹਰ ਸਾਲ ਫੱਗਣ ਦੇ ਮਹੀਨੇ ਸਿੱਖ ਸੰਗਤ ਬੜੇ ਉਤਸ਼ਾਹ ਅਤੇ ਸ਼ਰਧਾ-ਭਾਵਨਾ ਨਾਲ ਉਡੀਕ ਕਰਦੀ ਹੈ ਕਿ ਕਦੋਂ ਹੋਲੇ-ਮਹੱਲੇ ਦਾ ਦਿਨ ਆਏ ਅਤੇ ਉਹ ਅਨੰਦਪੁਰ ਸਾਹਿਬ ਪਹੁੰਚ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਦਰਬਾਰ ਵਿਖੇ ਹਾਜ਼ਰੀਆਂ ਭਰਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਨਜ਼ਾਰਾ ਅਜਿਹਾ ਨਿਆਰਾ ਹੁੰਦਾ ਹੈ ਜੋ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ, ਇਸ ਨਜ਼ਾਰੇ ਦੀ ਵਿਲੱਖਣਤਾ ਨੂੰ ਸਿਰਫ਼ ਦੇਖਣ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਨਗਰ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਕਿਲ੍ਹਾ ਹੋਲਗੜ੍ਹ ਤੇ ਮਾਤਾ ਜੀਤੋ ਜੀ ਦੇ ਦੇਹੁਰੇ ਦੀ ਯਾਤਰਾ ਕਰਦਾ ਚਰਨ ਗੰਗਾ ਦੇ ਖੁੱਲ੍ਹੇ ਰੇਤਲੇ ਮੈਦਾਨ ਵਿਚ ਪੁੱਜ ਜਾਂਦਾ ਹੈ। ਉਹ ਸੰਗਤਾਂ ਬਹੁਤ ਸੁਭਾਗ ਵਾਲੀਆਂ ਹੁੰਦੀਆਂ ਹਨ ਜੋ ਇਸ ਨਗਰ ਕੀਰਤਨ ਵਿਚ ਸ਼ਾਮਲ ਹੁੰਦੀਆਂ ਹਨ। ਸਾਨੂੰ ਸਾਰਿਆਂ ਨੂੰ ਵੀ ਹੋਲੇ-ਮਹੱਲੇ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪਹੁੰਚ ਕੇ ਨਤਮਸਤਕ ਹੋਣਾ ਚਾਹੀਦਾ ਹੈ ਅਤੇ ਆਪਣੀ ਪਰੰਪਰਾ ਨੂੰ ਗੁਰਮਤਿ ਅਨੁਸਾਰ ਸੁਰਜੀਤ ਰੱਖਦਿਆਂ ਹੋਇਆਂ ਹੋਲਾ ਮਹੱਲਾ ਖਾਲਸਈ ਪਰੰਪਰਾ ਨਾਲ ਮਨਾਉਣਾ ਚਾਹੀਦਾ ਹੈ।

# ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦੁ ਸਾਹਿਬ' ਦੀ ਸੰਬੋਧਨਮਈ ਸ਼ੈਲੀ

*-ਪ੍ਰਿੰ. ਕ੍ਰਿਸ਼ਨ ਸਿੰਘ**

ਕਿਸੇ ਵੀ ਰਚਨਾ ਦਾ ਮੂਲ ਆਧਾਰ ਉਸ ਦੀ ਪ੍ਰਮਾਨਿਕਤਾ ਭਾਵ ਲਿਖਤ-ਪਾਠ, ਉਸ ਦਾ ਸ਼ੁਧ ਉਚਾਰਨ ਭਾਵ ਉਚਾਰਨ-ਪਾਠ ਅਤੇ ਸਹੀ ਪ੍ਰਾਸੰਗਿਕ-ਵਿਆਖਿਆ ਭਾਵ ਪੜ੍ਹਤ-ਪਾਠ; ਅਸਲੋਂ ਅਜਿਹੀ ਤ੍ਰੈਮੁਖੀ-ਚੇਤਨਾ ਹੀ ਹੁੰਦੀ ਹੈ ਜੋ ਰਚਨਾ ਦੇ ਮੂਲ ਸਿਧਾਂਤ/ਪ੍ਰਯੋਜਨ ਦੀ ਸਹੀ ਮਾਅਨਿਆਂ ਵਿਚ ਨਿਸ਼ਾਨਦੇਹੀ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦੇ ਨਾਲ-ਨਾਲ ਲੋਕ-ਮੁਹਾਵਰੇ ਦੇ ਅੰਤਰਗਤ ਅਤੇ ਵਿਚਾਰ/ਸਿਧਾਂਤ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ, ਉਸ ਖਿੱਤੇ ਦਾ ਸੱਭਿਆਚਾਰਕ ਪ੍ਰਬੰਧ ਵੀ, ਆਪਣੇ ਨਿਵੇਕਲੇ ਪਛਾਣ-ਚਿੰਨ੍ਹਾਂ ਦੇ ਮਾਧਿਅਮ ਨਾਲ ਸੋਨੇ ਤੇ ਸੁਹਾਗੇ ਵਾਲਾ ਕਾਰਜ ਕਰਦਾ ਹੈ। ਇੱਥੇ ਹੀ ਬਸ ਨਹੀਂ ਸਾਹਿਤ ਵਿਧਾਵਾਂ/ਸੰਪ੍ਰਦਾਵਾਂ ਦੇ ਆਪਣੇ ਵਿਸ਼ੇਸ਼ ਵਿਆਕਰਣਕ ਨਿਯਮਾਂ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ, ਵਿਸ਼ੇਸ਼ ਤੌਰ 'ਤੇ ਜਿਵੇਂ ਗੁਰਬਾਣੀ ਵਿਚਾਰਧਾਰਾ ਨੂੰ ਸਮਝਣ ਲਈ ਗੁਰਬਾਣੀ ਵਿਆਕਰਨ ਦੇ ਨਿਯਮਾਂ ਨੂੰ ਕਿਸੇ ਵੀ ਤਰ੍ਹਾਂ ਅੱਖੋਂ-ਪਰੋਖੇ ਨਹੀਂ ਕੀਤਾ ਸਕਦਾ। ਇਸ ਤੋਂ ਇਲਾਵਾ ਵਿਆਕਰਨ ਦੀਆਂ ਸੂਖ਼ਮ ਤੰਦਾਂ ਦੀ ਮੁੱਢਲੀ ਇਕਾਈ, ਜਿਨ੍ਹਾਂ ਨੂੰ ਅਸੀਂ ਬਿਸਰਾਮ-ਚਿੰਨ੍ਹਾਂ ਦੀ ਸੰਗਿਆ ਦਿੰਦੇ ਹਾਂ, ਉਨ੍ਹਾਂ ਦੇ ਮਾਮੂਲੀ ਫ਼ਰਕ ਨਾਲ ਵੀ ਕਈ ਵਾਰ ਅਰਥਾਂ ਦੇ ਅਨਰਥ ਹੋ ਜਾਂਦੇ ਹਨ; ਇਸ ਲਈ ਉਨ੍ਹਾਂ ਦੇ ਮਹੱਤਵ ਤੋਂ ਵੀ ਮੁੱਖ ਨਹੀਂ ਮੋੜਿਆ ਜਾ ਸਕਦਾ, ਜਿਵੇਂ; ਮਿਸਾਲ ਵਜੋਂ, "ਲੜੋ, ਮੱਤ ਹਟੋ" ਜਾਂ "ਲੜੋ ਮੱਤ, ਹਟੋ" ਦੇ ਇਸ ਲਘੂ ਵਾਕ ਵਿਚ ਜਾਂ ਬਾਣੀ ਦੀ ਇਸ ਤੁਕ *ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ, ਗੁਰੁ ਅਰਜੁਨੁ ਘਰਿ, ਗੁਰ ਰਾਮਦਾਸ ਭਗਤ ਉਤਰਿ ਆਯਉ* ਇੱਕ ਸਹੀ ਥਾਂ 'ਤੇ ਸਹੀ ਬਿਸਰਾਮ ਨਾ ਲਾਉਣ ਨਾਲ ਅਰਥਾਂ ਵਿਚ ਕਿੰਨਾ ਅੰਤਰ ਆ ਜਾਂਦਾ ਹੈ। ਇਹ ਸਭ ਕੁਝ ਸਾਡੀ ਅਰਥ-ਸਮਝ ਅਤੇ ਸੁਰ-ਪ੍ਰਣਾਲੀ 'ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਵਕਤ, ਕਿਸ ਤਰ੍ਹਾਂ ਤੇ ਕਿਸ ਨੂੰ ਸੰਬੋਧਨ ਹੁੰਦੇ ਹਾਂ ਭਾਵ ਮੁਖ਼ਾਤਿਬ ਹੁੰਦੇ ਹਾਂ।

ਇਸੇ ਲੜੀ ਵਿਚ ਅਗਰ ਵਾਰਤਕ ਸ਼ੈਲੀ ਦੀਆਂ ਵਿਭਿੰਨ ਪਰਤਾਂ ਨੂੰ ਡੂੰਘੀ ਨੀਝ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਵਿੱਚੋਂ ਸੰਬੋਧਨੀ ਸ਼ੈਲੀ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਅਮਰਦਾਸ ਦਾਸ ਜੀ ਦੀ ਬਾਣੀ 'ਅਨੰਦੁ ਸਾਹਿਬ' ਵਿਚ ਲੌਕਿਕ ਅਤੇ

* *#੨੬੪-ਸੀ ਰਾਜ ਗੁਰੂ ਨਗਰ, ਲੁਧਿਆਣਾ-੧੪੧੦੧੨; ਮੋ. ੯੪੬੩੯੯੬੬੩੯*

ਅਲੌਕਿਕ ਪ੍ਰਸੰਗ ਵਿਚ, ਇਸ ਸੰਬੋਧਨੀ ਸ਼ੈਲੀ ਦਾ ਕਿਵੇਂ ਪ੍ਰਯੋਗ ਹੋਇਆ ਹੈ, ਇਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਹੋਰ ਵੀ ਵਧੇਰੇ ਸਪੱਸ਼ਟਤਾ ਲਈ, ਗੁਰਬਾਣੀ ਦੀਆਂ ਮੂਲ ਧਾਰਨਾਵਾਂ ਦੇ ਸੰਦਰਭ ਵਿਚ ਜਾਣਨਾ ਜਾਂ ਉਨ੍ਹਾਂ ਦੀ ਨਿਸ਼ਾਨਦੇਹੀ ਕਰਨਾ ਵੀ ਅਤਿ ਜ਼ਰੂਰੀ ਜਾਪਦਾ ਹੈ।

ਭਾਵੇਂ ਰੂਹਾਨੀਅਤ ਦੇ ਅਗੰਮੀ ਅਨੰਦ ਦੀ ਵਿਆਖਿਆ *ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ* ਵਾਲੀ ਗੱਲ ਹੈ ਪਰੰਤੂ ਬਾਣੀ-ਅਧਿਐਨ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇੱਕ ਸੀਮਾ-ਰੇਖਾ ਵਿਚ ਰਹਿ ਕੇ, ਦੁਨਿਆਵੀ ਪ੍ਰਾਸੰਗਿਕ ਵਿਆਖਿਆ/ਸ਼ਾਬਦਿਕ ਵਿਆਖਿਆ ਦਾ ਉਪਰਾਲਾ ਤਾਂ ਸੰਭਵ ਹੈ ਹੀ ਕਿਉਂਕਿ ਆਪਣੇ ਸਮੁੱਚ ਵਜੋਂ ਗੁਰਬਾਣੀ ਦਾ ਮੁੱਖ ਉਦੇਸ਼ ਜੀਵਾਤਮਾ ਤੇ ਪਰਮਾਤਮਾ ਦੇ ਪ੍ਰਸਪਰ ਸੰਬੰਧਾਂ ਦੇ ਪ੍ਰਗਟਾਵੇ 'ਤੇ ਕੇਂਦ੍ਰਿਤ ਹੈ। ਇਸ ਲਈ *ਆਪੁ ਆਪਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥* (ਚੌਪਈ ਸਾਹਿਬ) ਅਨੁਸਾਰ ਪੂਰਨ ਤੌਰ 'ਤੇ ਦਾਅਵਾ ਤਾਂ ਭਾਵੇਂ ਨਹੀਂ ਕੀਤਾ ਜਾ ਸਕਦਾ, ਚਲੋ! ਭਾਵੇਂ ਅਨੁਪਾਤਕ ਰੂਪ ਵਿਚ ਹੀ ਸਹੀ ਪਰੰਤੂ ਇਹ ਸੱਚ ਹੈ ਕਿ ਗੁਰਬਾਣੀ ਦਾ ਸਾਡੀ ਸਮਝ ਦਾ ਕੇਂਦਰ-ਬਿੰਦੂ ਬਣਨਾ ਵੀ ਅਤਿ ਜ਼ਰੂਰੀ ਹੈ ਤਦ ਹੀ ਅਸੀਂ ਗੁਰਮਤਿ ਆਸ਼ੇ ਅਨੁਸਾਰ ਇਸ ਦੁਰਲੱਭ ਦੇਹੀ ਦੇ ਅਸਲ ਪ੍ਰਯੋਜਨ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਾਂ। ਸ਼ਬਦ-ਸੱਭਿਆਚਾਰ ਮਨੁੱਖੀ ਬਿਬੇਕ ਦੀ ਬੁਨਿਆਦੀ ਆਧਾਰਸ਼ਿਲ੍ਹਾ ਹੈ; ਇਹੋ ਕਾਰਨ ਹੈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਤੋਂ *ਦੀਜੈ ਬੁਧਿ ਬਿਬੇਕਾ* ਦੀ ਦਾਤ ਮੰਗੀ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਵੀ ਇਸ ਬਿਬੇਕ-ਬੁੱਧੀ ਨੂੰ ਮਨੁੱਖੀ ਜੀਵਨ ਦਾ ਵਿਸ਼ੇਸ਼ ਪ੍ਰਯੋਜਨ ਮੰਨਿਆ ਹੈ, ਜਿਵੇਂ:

*-ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

*-ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੬)*

ਪ੍ਰਤੱਖ ਹੈ, ਗੁਰਮਤਿ ਦਾ ਮਾਰਗ ਨਾਥਾਂ ਯੋਗੀਆਂ ਵਾਂਗ ਕੇਵਲ ਸਮਾਧੀ ਦੀ ਅਵਸਥਾ ਤਕ ਸੀਮਿਤ ਨਹੀਂ ਸਗੋਂ ਬ੍ਰਹਿਮੰਡੀ ਚੇਤਨਾ ਦੇ ਨਾਲ-ਨਾਲ ਮਨੁੱਖ ਦੀ ਕਰਮਸ਼ੀਲਤਾ ਨੂੰ ਵੀ ਪਹਿਲ ਦੇ ਆਧਾਰ 'ਤੇ ਸਵੀਕ੍ਰਿਤੀ ਦਿੰਦਾ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਇਹ ਕੇਵਲ ਆਤਮਾ ਪਰਮਾਤਮਾ ਦੇ ਵਿਛੋੜੇ ਦੇ ਗੀਤਾਂ ਤਕ ਸੀਮਿਤ ਨਹੀਂ ਇਸ ਵਿਚ ਬ੍ਰਹਮ ਵੀਚਾਰ ਨੂੰ ਵੀ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ, ਜਿਵੇਂ ਕਿ ਭਗਤ ਕਬੀਰ ਜੀ ਤੇ ਗੁਰੂ ਨਾਨਕ ਸਾਹਿਬ ਦੇ ਬਾਣੀ ਬੋਲ ਹਨ;

*-ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੫)*

*-ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੮੧)*

ਉਪਰੋਕਤ ਤੋਂ ਇਲਾਵਾ ਇਹ 'ਧੁਰ ਕੀ ਬਾਣੀ' ਨੂੰ ਜੇਕਰ *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ* ਕਿਹਾ ਗਿਆ ਹੈ ਤਾਂ *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ* ਕਹਿ ਕੇ *ਗਾਵਹੁ ਸਚੀ ਬਾਣੀ* ਅਤੇ *ਗਾਵਹੁ ਸੁਣਹੁ ਪੜਹੁ ਨਿਤ ਭਾਈ* ਦੀ ਹਦਾਇਤ ਵੀ ਕੀਤੀ ਗਈ ਹੈ। ਗੱਲ ਕੀ, ਅਕਾਦਮਿਕ ਖੇਤਰ ਵਿਚ ਬਾਣੀ ਦ੍ਰਿਸ਼ਟੀਕੋਣ ਨੂੰ ਸਮਝਣ ਦੇ ਨਾਲ-ਨਾਲ, ਬਾਣੀ-ਆਵੇਸ਼ ਦੇ ਕਲਾਤਮਿਕ ਸੁਹਜ 'ਤੇ ਕੇਂਦ੍ਰਿਤ ਹੋਣਾ ਵੀ ਸੁਭਾਵਿਕ ਹੈ। ਇਕੱਤੀ ਪ੍ਰਮੁੱਖ ਰਾਗਾਂ ਵਿਚ ਬਾਣੀ-ਸੰਪਾਦਨ ਹੋਣਾ ਤੇ ਪੰਜਵੇਂ ਗੁਰੂ ਜੀ ਵੱਲੋਂ ਨਿਵੇਕਲੀਆਂ ਸੰਪਾਦਕੀ-ਜੁਗਤਾਂ ਦਾ ਪ੍ਰਯੋਗ ਹੋਣਾ, ਹਿੰਦੁਸਤਾਨੀ ਇਤਿਹਾਸ ਵਿਚ ਇਹ ਇੱਕ ਅਦੁੱਤੀ ਘਟਨਾ ਸੀ। ਰੱਬੀ ਗੁਣਾਂ ਦੇ ਗਾਇਨ ਦੇ ਨਾਲ ਬਾਣੀ ਦੀ ਸਾਂਭ-ਸੰਭਾਲ ਦੀ ਵਿਗਿਆਨਕ ਪਹੁੰਚ-ਵਿਧੀ ਦਾ ਇਹ ਅਨੋਖਾ ਸੰਗਮ ਵੀ ਆਪਣੀ ਮਿਸਾਲ ਆਪ ਹੈ। ਇਸ ਲਈ ਕੁਦਰਤੀ ਹੈ, ਬਾਣੀ-ਅਧਿਐਨ ਵਕਤ ਵੀ ਸਾਨੂੰ ਇਨ੍ਹਾਂ ਦੋਹਾਂ ਪਹਿਲੂਆਂ ਭਾਵ ਬਾਣੀ-ਆਵੇਸ਼ ਤੇ ਬਾਣੀ ਦੇ ਕਲਾਤਮਿਕ ਸੁਹਜ ਨੂੰ ਸਾਮਾਨਾਂਤ੍ਰ ਰੂਪ ਵਿਚ ਆਪਣੀ ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਬਣਾਉਣਾ ਪਵੇਗਾ ਕਿਉਂਕਿ ਬਾਣੀ ਦੇ ਲੌਕਿਕ ਅਤੇ ਅਲੌਕਿਕ ਪਰਿਪੇਖ ਨੂੰ ਤਦ ਹੀ ਸਹੀ ਮਾਅਨਿਆਂ ਵਿਚ ਸਮਝਿਆ ਜਾ ਸਕੇਗਾ; ਬਾਣੀ-ਅਧਿਐਨ ਦੀ ਜਾਣੋ ਇਹ ਮੂਲ ਸ਼ਰਤ ਹੈ। ਇੱਕ ਪਾਸੇ 'ਧੁਰ ਕੀ ਬਾਣੀ' ਦਾ ਅਦਿੱਖ ਧਰਮ-ਜਗਤ ਤੇ ਦੂਜੇ ਪਾਸੇ ਦੁਨਿਆਵੀ ਭਾਵ ਦਿਸਦੇ- ਜਗਤ ਦਾ ਯਥਾਰਥ/ਵਿਵਹਾਰਿਕ ਪ੍ਰਬੰਧਕੀ ਢਾਂਚਾ, ਇਨ੍ਹਾਂ ਦੋਹਾਂ ਦਰਮਿਆਨ ਇੱਕ ਕੜੀ ਸਥਾਪਿਤ ਕਰਨਾ ਵੀ ਕੋਈ ਐਨੀ ਸੌਖੀ ਖੇਡ ਨਹੀਂ। ਸਮਝੋ, *ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥* ਅਨੁਸਾਰ ਇਹ ਸ਼ਬਦ-ਸੱਭਿਆਚਾਰ ਦਾ ਹੀ ਇੱਕ ਕ੍ਰਿਸ਼ਮਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੇ ਹਿੱਸੇ ਆਇਆ ਹੈ। ਉਪਰੋਕਤ ਹਵਾਲਿਆਂ ਦੇ ਅੰਤਰਗਤ ਇਕ ਸੀਮਿਤ ਦਾਇਰੇ ਵਿਚ ਰਹਿ ਕੇ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਦੇ ਨਾਲ-ਨਾਲ ਬਾਣੀ ਦੇ ਕਲਾਤਮਿਕ ਸੁਹਜ ਦੇ ਇਸ ਸੂਖਮ ਪਹਿਲੂ ਭਾਵ ਸੰਬੋਧਨੀ ਸ਼ੈਲੀ ਬਾਰੇ ਵਿਚਾਰ ਕਰਨਾ ਹੀ ਇੱਥੇ ਸਾਡਾ ਮੂਲ ਪ੍ਰਯੋਜਨ ਹੈ।

ਸੰਬੋਧਨੀ ਸ਼ੈਲੀ ਤੋਂ ਭਾਵ ਹੈ, ਸਵੈ-ਚਿੰਤਨ ਆਧਾਰਿਤ ਆਪਣੇ ਅੰਤਰਮੁਖੀ ਜਾਂ ਬਾਹਰਮੁਖੀ ਹਾਵਾਂ -ਭਾਵਾਂ/ ਦੁੱਖਾਂ-ਸੁੱਖਾਂ/ਵਸਲ/ਵਿਛੋੜੇ ਦੇ ਪ੍ਰਤਿਕਰਮ ਵਜੋਂ ਸਵੈ-ਪ੍ਰਗਟਾਵੇ ਦੀ ਭਾਵਨਾ ਜੋ ਕਿਸੇ ਵੀ ਅਲੌਕਿਕ/ਦੈਵੀ-ਸ਼ਕਤੀ/ਸ਼ਕਤੀਆਂ ਜਾਂ ਪ੍ਰਕ੍ਰਿਤੀ ਦੇ ਜੀਵੰਤ ਜਾਂ ਨਿਰਜੀਵ ਵਸਤਾਂ/ਵਿਅਕਤੀ-ਵਿਸ਼ੇਸ਼ ਜਾਂ ਪ੍ਰੇਮੀ/ਪ੍ਰੇਮਿਕਾ 'ਤੇ ਕੇਂਦ੍ਰਿਤ ਹੋ ਸਕਦੀ ਹੈ। ਬਾਣੀ ਦੇ ਸਮੁੱਚੇ ਅਧਿਐਨ ਤੋਂ ਪ੍ਰਤੱਖ ਹੈ ਕਿ *ਕਹੁ ਕਬੀਰ ਇਹੁ ਰਾਮ ਕੀ ਅੰਸੁ* ਜਾਂ *ਕੁਦਰਤਿ ਕੇ ਸਭ ਬੰਦੇ* ਜਾਂ *ਸਭ ਮਹਿ ਜੋਤਿ ਜੋਤਿ ਹੈ ਸੋਇ* ਆਦਿ ਬਾਣੀ

ਤੁਕਾਂ ਅਨੁਸਾਰ ਜੀਵਾਤਮਾ ਸਰਵੋਤਮ ਸ਼ਕਤੀ ਪਰਮਾਤਮਾ ਦੀ ਅੰਸ਼ ਹੈ। ਕੁਦਰਤੀ ਹੈ ਜੀਵਾਤਮਾ ਦੀ ਸ਼ਕਤੀ ਸੁਸੀਮ ਹੈ ਤੇ ਪਰਮਾਤਮਾ ਦੀ ਸ਼ਕਤੀ ਅਸੀਮ ਹੈ। ਜੀਵਾਤਮਾ ਬੇਲੋੜੇ ਮਾਇਆਵੀ ਪਦਾਰਥਾਂ ਦੀ ਪਕੜ ਕਾਰਨ ਆਪਣੇ ਅਸਲੇ ਮਨ ਤੂੰ ਜੋਤਿ ਸਰੂਪੁ ਹੈ *ਆਪਣਾ ਮੂਲੁ ਪਛਾਣੁ* ਤੋਂ ਵਿਛੜ ਚੁੱਕੀ ਹੈ। ਵਿਛੋੜੇ ਦੇ ਪ੍ਰਤਿਕਰਮ ਵਜੋਂ ਹੁਣ ਸੱਚੇ ਪ੍ਰਭੂ ਦੇ ਲੜ ਲੱਗਣ ਦੀ ਸੰਭਾਵਨਾ ਕਿਵੇਂ ਬਣੇ ਜਾਂ ਸਚਿਆਰ-ਪਦ ਦੀ ਪ੍ਰਾਪਤੀ ਕਿਵੇਂ ਹੋਵੇ? ਗੁਰੂ ਨਾਨਕ ਸਾਹਿਬ ਦੀ ਪ੍ਰਸ਼ਨੋਤਰੀ ਸ਼ੈਲੀ ਤੋਂ ਸਪੱਸ਼ਟ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੦੧)*

ਵਿਛੋੜੇ ਦਾ ਇਹ ਅਹਿਸਾਸ ਜਦੋਂ ਪੂਰਨ ਤੌਰ ’ਤੇ ਅੰਤਰਮੁਖੀ ਹੋ ਜਾਂਦਾ ਹੈ ਤਾਂ ਦੁਨਿਆਵੀ ਦੁੱਖਾਂ-ਸੁੱਖਾਂ ਦਾ ਵੀ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਅੰਤਰਮੁਖੀ ਬਿਰਤੀ ਦਾ ਹੀ ਪ੍ਰਤੀਕਰਮ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਭ ਕੁਝ ਕੌਮ ਦੇ ਲੇਖੇ ਲਾ ਕੇ, ਮਾਛੀਵਾੜੇ ਦੇ ਜੰਗਲਾਂ ਵਿਚ ਬੈਠ ਕੇ ਵੀ, ਕੇਵਲ ਤੇ ਕੇਵਲ ਪ੍ਰਭੂ ਮਿਲਾਪ ਦੀ ਤਾਂਘ ਰੱਖਦੇ ਹੋਏ, ਆਪਣੀ ਸਵੈ-ਸੰਬੋਧਨੀ ਸ਼ੈਲੀ ਵਿਚ ਧੁਰ ਅੰਦਰੋਂ ਬੋਲ ਉੱਠਦੇ ਹਨ; ਆਤਮਿਕ ਅਡੋਲਤਾ ਦੀ ਅਜਿਹੀ ਅਦੁੱਤੀ ਮਿਸਾਲ ਦੁਨੀਆ ਦੇ ਕਿਸੇ ਵੀ ਇਤਿਹਾਸ ਵਿਚ ਨਹੀਂ ਮਿਲਦੀ:

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ॥*

*(ਖਿਆਲ ਪਾਤਿਸਾਹੀ ੧੦)*

ਗੁਰੂ ਨਾਨਕ-ਬਾਣੀ ਸੰਦਰਭ ਵਿਚ ਵੀ ਦੇਖਿਆ ਜਾਵੇ ਤਾਂ ਰਾਗ ਵਡਹੰਸ ਵਿਚ ਉਚਾਰਨ ਕੀਤੇ ਉਨ੍ਹਾਂ ਦੇ ਸ਼ਬਦ ਵਿੱਚੋਂ ਪ੍ਰਗਟ ਹੁੰਦੇ ਸੰਬੋਧਨਮਈ ਬੋਲ ਅਤੇ ਉਨ੍ਹਾਂ ਰੱਬੀ-ਬੋਲਾਂ ਦੀ ਸਮੁੱਚੀ ਕਾਇਨਾਤ ਨਾਲ ਪੈਦਾ ਹੋਈ ਇਕਸੁਰਤਾ, ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ। ਇੱਕ ਹਵਾਲੇ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਇਸੇ ਸ਼ਬਦ ਬਾਰੇ ਹੀ ਕਿਹਾ ਜਾਂਦਾ ਹੈ ਕਿ ਨੋਬੇਲ ਪੁਰਸਕਾਰ ਵਿਜੇਤਾ ਤੇ ਰਾਸ਼ਟਰੀ ਗੀਤ ਦੇ ਨਿਰਮਾਤਾ ਰਾਬਿੰਦਰ ਨਾਥ ਟੈਗੋਰ ਨੇ ਜਦੋਂ ਇਸ ਸ਼ਬਦ ਨੂੰ ਅਨੁਵਾਦਿਤ ਰੂਪ ਵਿਚ ਪੜ੍ਹਿਆ, ਸੁਣਿਆ ਤੇ ਵਿਚਾਰਿਆ ਤਾਂ ਉਹ ਵੈਰਾਗ ਵਿਚ ਆ ਕੇ ਲਗਾਤਾਰ ਦਸ ਦਿਨ ਰੋਂਦਾ ਰਿਹਾ ਸੀ। ਵਿਚਾਰਾਧੀਨ ਵਿਸ਼ੇ ਦੇ ਅੰਤਰਗਤ ਸੰਬੰਧਿਤ ਸ਼ਬਦ ਦੀਆਂ ਕੁਝ ਬਾਣੀ ਤੁਕਾਂ ਦਾ ਹਵਾਲਾ ਦੇਣਾ ਵੀ ਇੱਥੇ ਅਨੁਉਚਿੱਤ ਨਹੀਂ ਹੋਵੇਗਾ:

*-ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥...(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੭)*

*-ਮੈਂ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥*
*ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੮)*

ਅਜਿਹੀ ਵੈਰਾਗਮਈ ਅਵਸਥਾ ਵਿਚ ਪ੍ਰਭੂ-ਪ੍ਰੀਤਮ ਤੋਂ ਇਲਾਵਾ ਹੋਰ ਕੁਝ ਚੇਤੇ ਵਿਚ ਵੀ ਨਹੀਂ ਆਉਂਦਾ, ਹਮੇਸ਼ਾਂ ਉਸ ਨੂੰ ਹੀ ਮਿਲਣ ਦੀ ਤਾਂਘ ਬਣੀ ਰਹਿੰਦੀ ਹੈ। ਬਿਰਹਾ ਨੂੰ ਸੁਲਤਾਨ ਕਹਿਣ ਵਾਲੇ ਬਾਣੀਕਾਰ, ਭਗਤ ਫ਼ਰੀਦ ਜੀ ਦੇ ਇਹ ਬੋਲ, ਉਨ੍ਹਾਂ ਦੀ ਬਿਰਹੋਂ ਦੀ ਤੜਪ ਨੂੰ ਖ਼ੁਦ ਹੀ ਬਿਆਨ ਸਕਦੇ ਹਨ:

*ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥*
*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੯)*

ਕਿਸੇ ਵੀ ਰੱਬੀ ਸਾਧਕ ਦੀ ਅਜਿਹੀ ਅੰਤਰਮੁਖੀ ਬਿਰਤੀ ਤੇ ਸਵੈ-ਵਿਸ਼ਲੇਸ਼ਿਤ ਮਾਨਸਿਕਤਾ, ਵੇਦਨਾ ਤੋਂ ਸੰਵੇਦਨਾ ਤਕ ਦਾ ਰੂਹਾਨੀ ਸਫ਼ਰ ਕਰਦਿਆਂ, ਨਿੱਜਤਾ ਤਕ ਸੀਮਿਤ ਹੋ ਕੇ ਨਹੀਂ ਰਹਿੰਦੀ ਸਗੋਂ ਸਰਬੱਤ ਦੇ ਭਲੇ ਨਾਲ ਜਾ ਜੁੜਦੀ ਹੈ। ਸਹਿਜੇ-ਸਹਿਜੇ ਜਿਉਂ-ਜਿਉਂ ਉਸ ਦੀ ਅਜਿਹੀ ਉਚੇਰੀ ਰੱਬੀ ਇਕਾਗਰਤਾ ਬਣਦੀ ਹੈ ਤਿਉਂ-ਤਿਉਂ ਉਹ ਜੀਵਾਤਮਾ ਕੇਵਲ ਆਪਣੇ ਲਈ ਹੀ ਨਹੀਂ ਸਗੋਂ ਦੂਜਿਆਂ ਲਈ ਵੀ ਆਨੰਦ ਦਾ ਮੂਲ-ਸਰੋਤ ਬਣ ਜਾਂਦੀ ਹੈ। ਆਤਮਿਕ-ਮੰਡਲ ਦੀਆਂ ਡੂੰਘਾਈਆਂ ਨੂੰ ਛੂਹਦੀ ਹੋਈ, ਉਹ ਇੱਕ ਰਸ ਹੋ ਕੇ ਅਤੇ ਨਿਰਮਾਣਤਾ ਦੀ ਪੁੰਜ ਬਣ ਕੇ, ਰੱਬੀ-ਸ਼ਕਤੀ ਨੂੰ ਸੰਬੋਧਨ ਹੁੰਦੀ ਹੈ। ਉਸ ਦੀ ਇਹੋ ਸੰਬੋਧਨੀ-ਸੁਰ, ਸੰਬੋਧਨੀ-ਸ਼ੈਲੀ ਦੇ ਵਿਭਿੰਨ ਪਾਸਾਰਾਂ ਨੂੰ ਜਨਮ ਦਿੰਦੀ ਹੈ ਜਿਸ ਦਾ ਪਿਛੋਕੜ ਸੱਚੇ ਗੁਰੂ ਦੀ ਪ੍ਰਾਪਤੀ ਤੇ ਉਸ ਵਲੋਂ ਦਿੱਤੇ ਉਪਦੇਸ਼ ਦੀ ਅਗਵਾਈ ਅਤੇ ਅਭਿਆਸੀ ਕਮਾਈ ਬਣਦੀ ਹੈ। ਗੁਰੂ ਅਮਰਦਾਸ ਜੀ ਦੀ ਵਿਚਾਰਾਧੀਨ ਬਾਣੀ ਦੀ ਪਹਿਲੀ ਤੁਕ ਵਿਚ ਅੰਕਿਤ 'ਮੇਰੀ ਮਾਏ' ਤੋਂ ਵੀ ਪ੍ਰਤੱਖ ਹੈ:

*-ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
*ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*

*-ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*

ਸ਼ਰਤ ਤਾਂ ਇਹ ਹੈ ਕਿ ਇਹ 'ਸਹਿਜ ਸੇਤੀ' ਭਾਵ ਸਹਿਜਭਾਵੀ ਗੁਣ ਕਿਵੇਂ ਪੈਦਾ ਹੋਵੇ? ਗੁਰਮਤਿ ਦੇ ਇਸ ਮਹੱਤਵਪੂਰਨ ਪਹਿਲੂ ਦੀ ਵਿਆਖਿਆ ਕੇਵਲ ਇਸ 'ਅਨੰਦੁ ਬਾਣੀ' ਵਿਚ ਹੀ ਨਹੀਂ, ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਪਰ-ਥਾਂ ਹੋਈ ਹੈ। ਤੀਜੇ ਗੁਰੂ ਜੀ ਵੱਲੋਂ ਦਿੱਤੀ ਮਾਇਆ ਦੀ ਪਰਿਭਾਸ਼ਾ ਤੋਂ ਵੀ ਇਹ ਵਿਚਾਰ

ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਦੁਨਿਆਵੀ ਪਦਾਰਥਾਂ ਦਾ ਸੂਖ਼ਮ ਰੂਪ ਹੋਵੇ ਜਾਂ ਸਥੂਲ ਰੂਪ, ਉਹ ਸਭ ਕੁਝ ਮਾਇਆ ਹੈ ਜੋ ਸਾਨੂੰ ਸਾਡੇ ਅਸਲੇ ਪ੍ਰਭੂ-ਪਰਮਾਤਮਾ ਤੋਂ ਵਿਛੋੜਦੀ ਹੈ; ਜਿਸ ਦੇ ਸਿੱਟੇ ਵਜੋਂ *ਹਉਮੈ ਨਾਵੈ ਨਾਲਿ ਵਿਰੋਧੁ ਹੈ* ਅਨੁਸਾਰ ਜੀਵ ਆਪਣੇ ਅਸਲ ਰਸਤੇ ਤੋਂ ਭਟਕ ਜਾਂਦਾ ਹੈ:

*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

ਇਥੋਂ ਤੱਕ ਕਿ ਵਿਸ਼ੇ-ਵਿਕਾਰਾਂ ਦੀ ਭਟਕਣ ਤੋਂ ਬਚਣ ਲਈ ਮਨ 'ਤੇ ਕਾਬੂ ਪਾਉਣ, ਪ੍ਰਭੂ ਦੇ ਨਿਰਮਲ-ਭਉ ਵਿਚ ਰਹਿਣ, ਅਚਾਰਿ-ਵਿਧਾਨ ਅਥਵਾ ਮਨੁੱਖੀ ਕਦਰਾਂ-ਕੀਮਤਾਂ ਦੇ ਅਨੁਸਾਰੀ ਹੋਣ, ਰੱਬੀ ਗੁਣਾਂ ਨੂੰ ਗ੍ਰਹਿਣ ਕਰਨ ਆਦਿ ਦੇ ਵੇਰਵੇ ਵੀ ਗੁਰੂ ਜੀ ਨੇ ਬੜੇ ਹੀ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕੀਤੇ ਹਨ:

*-ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥*
*ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*
*-ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

ਕਾਰਨ ਵੀ ਸਪੱਸ਼ਟ ਹੈ, *ਚਤੁਰਾਈ ਨ ਚਤੁਰਭੁਜੁ ਪਾਈਐ* ਦੇ ਸਿਧਾਂਤ ਅਨੁਸਾਰ ਚੰਚਲਤਾ ਸੰਗਿ ਨਹੀਂ ਸਗੋਂ ਮਨ ਦੀ ਪਾਕਿ-ਪਵਿੱਤਰਤਾ ਹੀ ਪ੍ਰਭੂ ਮਿਲਾਪ ਦਾ ਮਾਧਿਅਮ ਬਣਦੀ ਹੈ:

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

ਇਸ ਤਰ੍ਹਾਂ ਜਦੋਂ ਗੁਰੂ-ਪਿਆਰੇ ਸਾਧਕ, ਸੰਗਤੀ ਰੂਪ ਵਿਚ ਰੱਬੀ ਗੁਣਾਂ ਦਾ ਗਾਇਨ ਕਰਦੇ ਹਨ ਤਾਂ ਉਹ ਸਹਿਜੇ-ਸਹਿਜੇ ਰੱਬੀ-ਰੰਗ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਦੀ ਵਿਚਾਰਧਾਰਕ ਸਾਂਝ ਤੇ ਇਕਾਗਰਤਾ ਵੀ ਆਪਣੀਆਂ ਆਤਮਿਕ ਉਚਾਈਆਂ ਤਕ ਰਸਾਈ ਕਰਦੀ ਹੈ; ਉਹ ਗੁਰੂ ਬਖ਼ਸ਼ਿਸ਼ ਦੇ ਪਾਤਰ ਬਣ ਜਾਂਦੇ ਹਨ। ਸੰਗਤ ਦਾ ਇਹ ਕ੍ਰਾਂਤੀਕਾਰੀ ਜਥੇਬੰਦਕ ਰੂਪ, ਮੱਧਕਾਲੀ ਸਾਹਿਤ ਦਾ ਵਿਸ਼ੇਸ਼ ਖ਼ਾਸਾ ਹੈ, ਵਿਸ਼ੇਸ਼ ਕਰਕੇ ਸਿੱਖੀ ਚੇਤਨਾ ਦੇ ਸੰਦਰਭ ਵਿਚ, ਜੋ ਕੇਵਲ ਅਨੁਭਵੀ ਜਾਂ ਅੰਦਰੂਨੀ ਤੌਰ 'ਤੇ ਹੀ ਨਹੀਂ ਸਗੋਂ ਆਪਣੇ ਬਾਹਰੀ ਪਰਿਪੇਖ ਵਜੋਂ ਵੀ: ਜੇਕਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਮੀਰੀ-ਪੀਰੀ ਦਾ ਦੁਵੱਲਾ ਸੰਕਲਪ ਆਪਣੇ ਸਾਮਾਨਾਂਤ੍ਰ ਰੂਪ ਵਿਚ ਆਪਣੀ ਹੋਂਦ ਦਾ ਪ੍ਰਤੀਕ ਹੈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਈ ਖਾਲਸਾ ਪੰਥ ਦੀ ਸਾਜਨਾ, ਰੂਹਾਨੀਅਤ ਦੇ ਨਾਲ-ਨਾਲ ਮਨੁੱਖ ਜਾਤੀ ਦੇ ਇੱਕ ਸਰਬ-ਸਾਂਝੇ ਮੰਚ ਦੀ ਤਲਾਸ਼ ਨਾਲ ਵੀ ਜੁੜੀ ਹੋਈ ਹੈ; ਤੀਜੇ ਗੁਰੂ ਜੀ ਦੇ ਇਹ ਬਾਣੀ ਬੋਲ ਵੀ ਸੰਗਤੀ

ਰੂਪ ਵਿਚ ਇਹੋ ਅਹਿਸਾਸ ਕਰਵਾਉਂਦੇ ਹਨ:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

ਗੁਰਮਤਿ ਦਾ ਇਹ ਦਿੱਬ-ਕੇਂਦ੍ਰਿਤ ਚਿੰਤਨ ਮਨੁੱਖਾ ਦੇਹੀ ਨੂੰ *ਜੰਮਣੁ ਮਰਣਾ ਹੁਕਮੁ ਹੈ* ਦੇ ਸਿਧਾਂਤ ਅਨੁਸਾਰ ਸਰਵੋਤਮ ਸ਼ਕਤੀ ਪਰਮਾਤਮਾ ਦੀ ਦੇਣ ਮੰਨਦਾ ਹੈ। ਇਥੇ ਹੀ ਬਸ ਨਹੀਂ *ਘਟ ਘਟ ਮੈ ਹਰਿ ਜੂ ਬਸੈ* ਮੁਤਾਬਿਕ ਹਰ ਜੀਵਾਤਮਾ ਵਿਚ ਪਰਮਾਤਮਾ ਦਾ ਵਾਸਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਬਾਣੀ (੩੩ਵੀਂ ਤੇ ੩੫ਵੀਂ ਪਉੜੀ) ਵਿਚ ਜੀਵਾਤਮਾ ਨੂੰ ਸੰਬੋਧਨ ਕਰਦਿਆਂ ਸੁਚੇਤ ਕੀਤਾ ਹੈ ਕਿ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਸਮਝਣ ਦੀ ਲੋੜ ਹੈ; ਜਿੰਨੀ ਵੱਡੀ ਦਾਤ ਹੋਵੇ ਓਨਾ ਵੱਡਾ ਸ਼ੁਕਰਾਨਾ ਕਰਨਾ ਵੀ ਓਨਾ ਹੀ ਜ਼ਰੂਰੀ ਹੈ:

*-ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥*
*ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

*-ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥*
*ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

ਗੁਰੂ ਜੀ ਨੇ ਸੰਬੋਧਨੀ ਸ਼ੈਲੀ ਦੇ ਮਾਧਿਅਮ ਰਾਹੀਂ, ਦੇਹੀ-ਸਮੁੱਚ ਵਜੋਂ ਕੇਵਲ ਸਰੀਰ ਨੂੰ ਹੀ ਨਹੀਂ, ਦੁਨਿਆਵੀ ਰੂਪ ਵਿਚ ਚੇਤਨ/ਅਰਧ ਚੇਤਨ/ਅਵਚੇਤਨ ਦੀ ਸਤ੍ਹਾ ਨਾਲ ਜੁੜੇ ਗਿਆਨ ਇੰਦ੍ਰਿਆਂ; ਜਿਵੇਂ ਮਨੁੱਖੀ ਮਨ, ਰਸਨਾ (ਜੀਭਾ), ਨੇਤ੍ਰ (ਅੱਖਾਂ), ਸ੍ਰਵਣ (ਕੰਨਾਂ) ਆਦਿ ਨੂੰ ਵੀ ਆਪਣਾ-ਆਪਣਾ ਧਰਮ ਨਿਭਾਉਣ ਦਾ ਸੰਦੇਸ਼ ਦਿੱਤਾ ਹੈ ਤਾਂ ਕਿ ਸਹੀ ਮਾਅਨਿਆਂ ਵਿਚ ਜੀਵਨ ਮਿਸ਼ਨ ਦੀ ਪ੍ਰਾਪਤੀ ਹੋ ਸਕੇ। ਮਨੁੱਖੀ ਜੀਵਨ ਦੇ ਇਹ ਵਿਭਿੰਨ ਅੰਗਾਂ/ਇਕਾਈਆਂ ਦੀ ਸਾਕਾਰਾਤਮਿਕ/ਨਕਾਰਾਤਮਿਕ ਪ੍ਰਕਿਰਿਆ ਜੀਵਨ ਦੀਆਂ ਭਵਿੱਖਮੁਖੀ ਸੰਭਾਵਨਾਵਾਂ ’ਤੇ ਅਸਰ ਅੰਦਾਜ਼ ਹੁੰਦੀ ਹੈ ਇਸ ਲਈ ਇਨ੍ਹਾਂ ਪ੍ਰਤਿ ਬਿਬੇਕ- ਬੁੱਧੀ ਦਾ ਸਹੀ ਰੂਪ ਵਿਚ ਚੇਤੰਨ ਹੋਣਾ ਵੀ ਅਤਿ ਜ਼ਰੂਰੀ ਹੈ। ਸ੍ਰੀ ਗੁਰੂ ਅਮਰਦਾਸ ਜੀ ਮਨੁੱਖੀ ਜੀਵਨ ਦੇ ਇਨ੍ਹਾਂ ਮਹੱਤਵਪੂਰਨ ਪਹਿਲੂਆਂ ’ਤੇ ਕੇਂਦ੍ਰਿਤ ਹੁੰਦੇ ਹੋਏ, ਇਨ੍ਹਾਂ ਨੂੰ ਰੱਬੀ-ਚੇਤਨਾ ਪ੍ਰਤਿ ਅਸਲ ਧਰਮ ਨਿਭਾਉਣ ਦਾ ਨਿਰਣਾ ਦਿੰਦੇ ਹਨ; ਗੁਰਮਤਿ ਦੇ ਸਿਧਾਂਤਕ ਪਰਿਪੇਖ ਵਿਚ ਦੇਖਿਆ ਜਾਵੇ ਤਾਂ ਉਨ੍ਹਾਂ ਦੀ ਇਹ ਪ੍ਰਭਾਵਸ਼ਾਲੀ ਸੰਬੋਧਨਮਈ ਸ਼ੈਲੀ ਆਪਣੀ ਮਿਸਾਲ ਆਪ ਹੈ:

*-ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)*

*-ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥*
*ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

*-ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

*-ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

ਉਪਰੋਕਤ ਕੀਤੀ ਵਿਚਾਰ ਉਪਰੰਤ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਉਚਾਰਨ ਕੀਤੀ ਅਨੰਦੁ ਸਾਹਿਬ ਦੀ ਇਹ ਬਾਣੀ ਆਪਣੇ ਅੰਤਰਮੁਖੀ ਰੂਪ ਵਿਚ ਸਵੈ-ਸੰਬੋਧਨ ਤੋਂ ਰੱਬੀ-ਸੰਬੋਧਨ ਤਕ ਦਾ ਆਤਮਿਕ ਸਫ਼ਰ ਤੈਅ ਕਰਦੀ ਹੈ; ਜਿਵੇਂ ਇਕ ਪਾਸੇ, 'ਏ ਮਨ ਮੇਰਿਆ', 'ਏ ਸਰੀਰਾ ਮੇਰਿਆ', 'ਏ ਨੇਤ੍ਰਹੁ ਮੇਰਿਹੋ', 'ਏ ਸ੍ਰਵਣਹੁ ਮੇਰਿਹੋ', 'ਏ ਰਸਨਾ ਤੂ ਅਨ ਰਸਿ ਰਾਚਿ ਰਹੀ' ਆਦਿ ਸੰਬੋਧਨੀ ਸ਼ਬਦ ਵਿਅਕਤੀਗਤ ਪ੍ਰਭਾਵ ਦਾ ਅਹਿਸਾਸ ਕਰਵਾਉਂਦੇ ਹਨ ਜਦੋਂ ਕਿ ਇਨ੍ਹਾਂ ਦਾ ਅੰਤਰਮੁਖੀ ਰੱਬੀ-ਸੰਦੇਸ਼ ਸਮੁੱਚੀ ਮਨੁੱਖਤਾ 'ਤੇ ਅਸਰ ਅੰਦਾਜ਼ ਹੁੰਦਾ ਹੈ: ਇਸੇ ਤਰ੍ਹਾਂ ਦੂਜੇ ਪਾਸੇ 'ਸਾਚੇ ਸਾਹਿਬਾ', 'ਬਾਬਾ ਜਿਸੁ ਤੂ ਦੇਹਿ', 'ਅਗਮ ਅਗੋਚਰਾ' ਆਦਿ ਸੰਬੋਧਨੀ ਸ਼ਬਦ ਸਿੱਧੇ ਤੌਰ 'ਤੇ ਅਲੌਕਿਕ ਸ਼ਕਤੀ ਪਰਮਾਤਮਾ 'ਤੇ ਕੇਂਦ੍ਰਿਤ ਹਨ। ਇਸ ਬਾਣੀ 'ਚੋਂ ਉਭਰਦਾ ਗੁਰਮਤਿ ਦਾ ਇਹ ਉਪਦੇਸ਼ ਰਿਸ਼ਤਿਆਂ-ਨਾਤਿਆਂ, ਜਾਤ, ਕੌਮ, ਧਰਮ ਦੀ ਵਲਗਣ ਤੋਂ ਮੁਕਤ ਹੋ ਕੇ ਸਮੁੱਚੀ ਮਨੁੱਖ ਜਾਤੀ 'ਤੇ ਕੇਂਦ੍ਰਿਤ ਹੈ। ਇੱਥੇ ਹੀ ਬੱਸ ਨਹੀਂ ਜਿਵੇਂ ਕਿ ਇਸ ਬਾਣੀ ਦੇ ਨਾਮਕਰਨ ਤੋਂ ਵੀ ਪ੍ਰਤੱਖ ਹੈ, ਇਹ ਬਾਣੀ ਹਮੇਸ਼ਾਂ ਚੜ੍ਹਦੀ ਕਲਾ ਦੀ ਪ੍ਰਤੀਕ ਹੈ; ਸ਼ੁਕਰਾਨੇ ਦੀ ਅਰਦਾਸ ਹੋਵੇ ਜਾਂ ਰੱਬੀ ਭਾਣੇ ਦੀ, ਖੁਸ਼ੀ ਦਾ ਇਜ਼ਹਾਰ ਹੋਵੇ ਜਾਂ ਗ਼ਮੀ ਦਾ, ਗੁਰਮਤਿ ਮਰਿਆਦਾ ਅਨੁਸਾਰ ਇਸ ਬਾਣੀ ਨੂੰ ਹਮੇਸ਼ਾਂ ਗਾਵਿਆ, ਸੁਣਿਆ ਤੇ ਪੜ੍ਹਿਆ ਜ਼ਰੂਰ ਜਾਂਦਾ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ, ਸਾਹਿਤਕ ਗੁਣਾਂ/ ਲੱਛਣਾਂ ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਬਾਣੀ-ਆਵੇਸ਼ ਦੀ ਇਹ ਸੰਬੋਧਨਮਈ ਸ਼ੈਲੀ ਦਾ ਸੰਗਤੀ ਪ੍ਰਭਾਵ ਆਪਣੀ ਮਿਸਾਲ ਆਪ ਹੈ। ਇਹੋ ਕਾਰਨ ਹੈ ਕਿ ਇਹ ਬਾਣੀ ਨਿੱਤਨੇਮ ਦਾ ਅੰਗ ਹੋਣ ਕਰਕੇ ਬਹੁਤ ਸਾਰੇ ਗੁਰੂ-ਪ੍ਰੇਮੀਆਂ ਨੂੰ ਜ਼ਬਾਨੀ ਯਾਦ ਹੈ।

# ਵਡ ਜੋਧਾ ਬਹੁ ਪਰਉਪਕਾਰੀ

*-ਪ੍ਰੋ. ਪਿਆਰਾ ਸਿੰਘ ਪਦਮ**

ਜ਼ਿੰਦਗੀ ਇਕ ਹੁਨਰ ਹੈ, ਕਲਾ ਹੈ, ਜਿਸਦਾ ਕਮਾਲ ਕਿਸੇ ਕਿਸੇ ਨੂੰ ਹਾਸਲ ਹੈ। ਜਿਨ੍ਹਾਂ ਪਾਸ ਜੀਵਨ-ਜਾਚ ਦੀ ਇਹ ਕਲਾ ਨਹੀਂ, ਉਨ੍ਹਾਂ ਦੀ ਇੱਥੇ ਬਹਿਸ ਨਹੀਂ, ਵਿਚਾਰ-ਚਰਚਾ ਉਨ੍ਹਾਂ ਜੀਵਨ-ਸੰਗ੍ਰਾਮੀਆਂ ਦੀ ਹੈ, ਜਿਨ੍ਹਾਂ ਸੰਸਾਰਕ ਰਣ-ਭੂਮੀ ਵਿਚ ਬਿਖੜੇ ਹਾਲਾਤ ਦੇ ਬਾਵਜੂਦ ਬੇਖ਼ੌਫ਼ ਹੋ ਕੇ ਲੜਨਾ ਪ੍ਰਵਾਨ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਜਿਹੇ ਹੀ ਬੀਰ ਮਹਾਂਪੁਰਖ ਸਨ, ਜਿਨ੍ਹਾਂ ਧਰਮ ਦੀ ਸ਼ਕਤੀ ਅਤੇ ਸੰਸਾਰਕ ਸ਼ਕਤੀ ਦਾ ਸੰਗਮ ਰਚ ਕੇ ਸੰਤ-ਸਿਪਾਹੀ ਦੀ ਇਕ ਨਵੀਂ ਲਹਿਰ ਚਲਾਈ। ਤਲਵਾਰ ਜੇਹੀ ਮਾਰੂ ਚੀਜ਼ ਨੂੰ ਉਸਾਰੂ ਮਨੋਰਥਾਂ ਲਈ ਵਰਤਣਾ ਇਸੇ ਕਲਾ ਦਾ ਕ੍ਰਿਸ਼ਮਾ ਸੀ। ਆਮ ਤੌਰ 'ਤੇ ਜੋਧੇ ਤਲਵਾਰੀਏ ਅਹੰਕਾਰੀ ਤੇ ਸਵਾਰਥੀ ਹੋ ਕੇ ਵਿਕਾਰੀ ਹੋ ਜਾਂਦੇ ਤੇ ਪਰੋਪਕਾਰੀ ਹੋਣ ਦਾ ਸੁਭਾਅ ਹਾਸਲ ਨਹੀਂ ਕਰ ਸਕਦੇ ਸਨ ਤੇ ਮਾਰੋਮਾਰੀ ਨੂੰ ਹੀ ਸਾਰੀ ਕਲਾਕਾਰੀ ਮੰਨ ਬਹਿੰਦੇ ਸਨ। ਇਸੇ ਦਾ ਮੰਦਾ ਨਤੀਜਾ ਇਹ ਸੀ ਕਿ ਹਿੰਦ ਵਿਚ ਜਾਂ ਮਾਰ ਖਾਣ ਵਾਲੇ ਸਨ ਜਾਂ ਮਾਰਨ ਵਾਲੇ, ਜੀਉਣ ਜੋਗਾ ਕੋਈ ਵੀ ਨਹੀਂ ਸੀ। ਗੁਰੂਆਂ ਨੇ ਪਹਿਲੇ ਸੌ ਸਾਲ ਲਾ ਕੇ ਐਸੇ ਸ੍ਰੇਸ਼ਟਾਚਾਰੀ ਪੁਰਸ਼ ਤਿਆਰ ਕੀਤੇ ਜੋ ਤਲਵਾਰ ਧਾਰਨ ਦੇ ਯੋਗ ਅਧਿਕਾਰੀ ਬਣ ਸਕਦੇ ਸਨ। ਪ੍ਰਭੂ ਭਗਤੀ ਤੇ ਸਦਾਚਾਰ ਦੀ ਬਰਕਤ ਨਾਲ ਐਸੀਆਂ ਨਿਰਭਉ ਤੇ ਨਿਰਵੈਰ ਆਤਮਾਵਾਂ ਤਿਆਰ ਕੀਤੀਆਂ ਗਈਆਂ ਜੋ ਖੂੰਖਾਰ ਹੋ ਕੇ ਬਦਅਮਨੀ ਤੇ ਤਬਾਹੀ ਦਾ ਕਾਰਨ ਨਾ ਬਣਨ ਸਗੋਂ ਪਰੋਪਕਾਰੀ ਹੋ ਕੇ ਲੋਕ-ਭਲਾਈ ਦਾ ਬਾਨ੍ਹਣੂ ਬੰਨ੍ਹਣ।

ਜਹਾਂਗੀਰ ਦੀ ਜਾਬਰ ਹਕੂਮਤ ਨੇ ਸ਼ਾਂਤੀ ਦੇ ਪੁੰਜ ਮਹਾਨ ਧਰਮਾਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਤਿ ਘਿਨਾਉਣੀ ਜ਼ਿਆਦਤੀ ਕਰ ਕੇ ਰੰਗ ਵਿਚ ਭੰਗ ਪਾ ਦਿੱਤਾ, ਜਿਸ ਕਰਕੇ ਕੇਵਲ ਸਿੱਖਾਂ ਵਿਚ ਹੀ ਨਹੀਂ ਬਲਕਿ ਦੇਸ਼ ਭਰ ਵਿਚ ਜਬਰ ਵਿਰੁੱਧ ਰੋਸ ਤੇ ਜੋਸ਼ ਪੈਦਾ ਹੁੰਦਾ ਗਿਆ। ਇਸ ਜਬਰ-ਵਿਰੋਧੀ ਜਨਤਕ ਅੰਦੋਲਨ ਦੀਆਂ ਭਖਦੀਆਂ ਚੰਗਿਆੜੀਆਂ ਨੂੰ ਸੰਗਠਿਤ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਵਾਂ ਮੋੜ ਦਿੱਤਾ। ਉਨ੍ਹਾਂ ਕਿਹਾ, ਅਸਾਂ ਧਾਰਮਿਕ ਸਹਿਣਸ਼ੀਲਤਾ ਤੇ ਸੰਜਮ ਨੂੰ ਤਿਆਗਣਾ ਨਹੀਂ ਬਲਕਿ ਇਸ ਦੇ ਨਾਲ ਸੰਸਾਰਕ ਸਮਰੱਥਾ ਨੂੰ ਵਿਕਸਿਤ ਕਰ ਕੇ ਧਰਮ ਦੀ ਸ਼ਕਤੀ ਨੂੰ ਹੋਰ ਵਧੇਰੇ ਬਲਵਾਨ ਬਣਾਉਣਾ ਹੈ। ਇਸੇ ਕਰਕੇ ਉਨ੍ਹਾਂ ਖ਼ੁਦ

** ਗੁਰਪੁਰਵਾਸੀ*

ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਗੁਰਿਆਈ ਦੀ ਰਸਮ ਭੁਗਤਾਈ। ਦਰਬਾਰੀ ਢਾਡੀ ਅਬਦੁੱਲਾ ਦੱਸਦਾ ਹੈ:

*ਦੋ ਤਲਵਾਰੀ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।*

ਸਿੱਖਾਂ ਨੂੰ ਹਦਾਇਤ ਕੀਤੀ ਗਈ ਕਿ ਗੁਰੂ-ਦਰਬਾਰ ਲਈ ਜੇ ਕੋਈ ਭੇਟਾ ਸੁਗਾਤਾਂ ਲਿਆਵੇ ਤਾਂ ਵਧੀਆ ਸ਼ਸਤਰ ਤੇ ਵਧੀਆ ਨਸਲ ਦੇ ਘੋੜੇ ਪੇਸ਼ ਕੀਤੇ ਜਾਣ ਤਾਂ ਕਿ ਇਸ ਨੇਕੀ ਦੇ ਚਸ਼ਮੇ ਨੂੰ ਸਭ ਤਰ੍ਹਾਂ ਸੁਰੱਖਿਅਤ ਕੀਤਾ ਜਾ ਸਕੇ। ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਸੀ ਕਿ ਜੇਕਰ ਤਾਕਤਵਰ ਦਾ ਤਾਕਤ ਵਾਲੇ ਨਾਲ ਮੁਕਾਬਲਾ ਪੈ ਜਾਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗ੍ਰਾਮ ਹੈ ਤੇ ਨੇਕੀ ਲਈ ਸੰਗ੍ਰਾਮ ਰਚਣਾ ਇਕ ਵਧੀਆ ਕਲਾ ਹੈ। ਪਰ ਜਦ ਕਿਸੇ ਨਿਰਬਲ-ਨਿਤਾਣੇ ਤੇ ਬਲਵਾਨ ਨੂੰ ਇਕੋ ਅਖਾੜੇ ਵਿਚ ਆਹਮੋ-ਸਾਹਮਣੇ ਦੰਗਲ ਲਈ ਖੜਾ ਕਰ ਦਿੱਤਾ ਜਾਂਦਾ ਹੈ ਤਾਂ ਇਹ ਨਿਆਇ-ਸੰਗਤ ਨਹੀਂ ਹੁੰਦਾ, ਜਿੱਤ-ਹਾਰ ਦੀ ਜ਼ਿੰਮੇਵਾਰੀ ਮਾਲਕ ਦੇ ਸਿਰ ਪੈਂਦੀ ਹੈ।

ਇਸੇ ਕਰਕੇ ਸਿੱਖ ਗੁਰੂਆਂ ਨੇ ਭਗਤੀ ਅਤੇ ਸ਼ਕਤੀ ਦਾ ਸੰਗਮ ਰਚ ਕੇ ਜ਼ਿੰਦਗੀ ਨੂੰ ਹਰ ਤਰ੍ਹਾਂ ਤਿਆਰ-ਬਰ-ਤਿਆਰ ਕੀਤਾ। ਜੰਗ ਜਿੱਤਣ ਦੀ ਥਾਂ ਮਨ ਜਿੱਤਣ ਨੂੰ ਤਰਜੀਹ ਦਿੱਤੀ:

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲਿ ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੯)*

ਇਸ ਤਰ੍ਹਾਂ ਦੇ ਆਤਮਿਕ ਤੌਰ 'ਤੇ ਵਿਜਈ ਸਿੱਖਾਂ ਨੂੰ ਤਲਵਾਰਾਂ ਪਹਿਨਾਈਆਂ ਗਈਆਂ, ਸਾਧਾਰਣ ਸੰਗਤਾਂ ਫ਼ੌਜਾਂ ਸਜਾਈਆਂ ਗਈਆਂ, ਛਪਰੀਆਂ ਨੇ ਛਾਉਣੀਆਂ ਦਾ ਰੂਪ ਧਾਰਿਆ ਤੇ ਮਾਲਾ ਫੇਰਨ ਵਾਲੇ ਹੱਥ ਗੁਰਜਾ ਫੇਰਨ ਲੱਗੇ ਅਤੇ ਹਰਿ-ਕੀਰਤਨ ਦੀਆਂ ਝੁਨਕਾਰਾਂ ਨਾਲ ਬੀਰ ਰਸੀ ਵਾਰਾਂ ਦੀਆਂ ਗੁੰਜਾਰਾਂ ਪੈਣ ਲੱਗੀਆਂ। ਇਹ ਸਭ ਕੁਝ ਇਸ ਲਈ ਕਰਨਾ ਪਿਆ ਕਿਉਂਕਿ ਜਾਬਰ ਇਸ ਗ਼ਲਤ-ਫਹਿਮੀ ਦਾ ਸ਼ਿਕਾਰ ਸੀ ਕਿ ਸ਼ਾਇਦ ਘੱਟ ਤਾਕਤ ਦਾ ਇਸਤੇਮਾਲ ਹੋਣ ਕਰਕੇ ਸਿੱਖ ਲਹਿਰ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜ਼ਮਾਨੇ ਸਿੱਖ, ਲੰਗਰ ਲਈ ਬਿਆਸ ਦਰਿਆ ਤੋਂ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ ਤੇ ਆਏ-ਗਏ ਯਾਤਰੂ ਦੀ ਪਿਆਸ ਬੁਝਾਉਂਦੇ ਸਨ ਲੇਕਿਨ ਮੱਛਰੀ ਹੋਈ ਮੁਗ਼ਲ ਮੁੰਡੀਹਰ ਤੀਰਾਂ ਦੇ ਨਿਸ਼ਾਨੇ ਲਾ-ਲਾ ਮਸ਼ਕਾਂ ਪਾੜ ਛੱਡਦੀ ਸੀ। ਗੁਰੂ ਸਾਹਿਬ ਨੇ ਘੜੇ ਲੈ ਕੇ ਦਿੱਤੇ ਪਰ ਸ਼ਰਾਰਤੀ ਲੋਕਾਂ ਗੁਲੇਲੇ ਮਾਰ ਘੜੇ ਵੀ ਭੰਨ ਦਿੱਤੇ। ਫਿਰ ਗਾਗਰਾਂ ਦਾ ਇੰਤਜ਼ਾਮ ਕੀਤਾ ਗਿਆ। ਪਰੰਤੂ ਬਿਖੇੜਾ ਕਰਨ ਵਾਲੇ ਲੋਕ ਫਿਰ ਵੀ

ਬਾਜ ਨ ਆਏ। ਅੰਤ ਸ਼ਾਂਤੀ ਦੇ ਪੁੰਜ, ਧਰਮਾਤਮਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਲੋਕ-ਪ੍ਰਿਯ ਗੁਰੂ ਜੀ ਨੂੰ ਜਿਨ੍ਹਾਂ ਦੇ ਦਰਬਾਰ ਵਿਚ ਕੱਲ ਬਾਦਸ਼ਾਹ ਅਕਬਰ ਖ਼ੁਦ ਹਾਜ਼ਰੀ ਭਰਨ ਆਇਆ ਸੀ। ਇਸ ਬਦੀ ਦੀ ਕੋਝੀ ਕਰੂਰ ਹਿੰਸਾ 'ਤੇ ਨੇਕੀ ਦੀ ਨਫੀਸ ਅਹਿੰਸਾ-ਦੋਹਾਂ ਦੀ ਹੱਦ ਸੀ।

ਅਜੇਹੀ ਅਵਸਥਾ ਦੇਖ ਕੇ ਹੀ ਛਠਮ ਗੁਰੂ ਜੀ ਨੇ ਸੰਤ-ਸਿਪਾਹੀ ਵੇਸ ਧਾਰਨਾ ਪਸੰਦ ਕੀਤਾ। ਇਹ ਤਬਦੀਲੀ ਕੋਈ ਸਾਧਾਰਨ ਗੱਲ ਨਹੀਂ ਸੀ ਤੇ ਹਰ ਕੋਈ ਇਸ ਨੂੰ ਸਮਝ ਵੀ ਨਹੀਂ ਸੀ ਸਕਦਾ। ਕਈ ਸਿੱਖ ਵੀ ਭੁਲੇਖਿਆਂ ਦਾ ਸ਼ਿਕਾਰ ਹੋਏ ਕਿ ਸੁਲਹਕੁਲ ਗੁਰੂ ਨਾਨਕ ਦੇ ਗੱਦੀ-ਨਸ਼ੀਨਾਂ ਨੂੰ ਦੋ-ਦੋ ਤਲਵਾਰਾਂ ਧਾਰਨ ਦੀ ਕੀ ਲੋੜ ਹੈ ਪਰ ਬਾਬਾ ਬੁੱਢਾ ਸਾਹਿਬ ਜੀ ਤੇ ਭਾਈ ਗੁਰਦਾਸ ਜੀ ਵਰਗੇ ਸਿਆਣੇ ਸਿੱਖਾਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਜਿਵੇਂ ਬਾਗ ਜਾਂ ਖੇਤੀ ਦੀ ਰਾਖੀ ਲਈ ਕੰਡਿਆਲੀ ਵਾੜ ਕਰਨੀ ਹੀ ਪੈਂਦੀ ਹੈ, ਚੋਰਾਂ-ਡਾਕੂਆਂ ਤੋਂ ਘਰ ਬਚਾਉਣ ਲਈ ਮਜ਼ਬੂਤ ਜੰਦਰਾ-ਕੁੰਡਾ ਲਾਉਣਾ ਹੀ ਪੈਂਦਾ ਹੈ, ਤੇ ਹੁਸ਼ਿਆਰ ਕੂਕਰ ਨੂੰ ਪਹਿਰੇਦਾਰ ਬਿਠਾਉਣਾ ਹੀ ਪੈਂਦਾ ਹੈ ਤਿਵੇਂ ਸਿੱਖ ਲਹਿਰ ਨੇ ਸ਼ਸਤ੍ਰਧਾਰੀ ਹੋ ਕੇ ਨੇਕੀ ਤੇ ਧਰਮ ਨੂੰ ਸੁਰੱਖਿਅਤ ਕਰਨ ਦਾ ਉਪਰਾਲਾ ਕੀਤਾ ਹੈ।

ਜਦੋਂ ਸ੍ਰੀਨਗਰ ਗੜਵਾਲ ਲਾਗੇ ਸ਼ਿਵਾ ਜੀ ਦੇ ਧਰਮ ਗੁਰੂ ਰਾਮ ਦਾਸ, ਸਮਰੱਥ ਸੁਆਮੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲੇ ਤਾਂ ਉਨ੍ਹਾਂ ਨੇ ਵੀ ਅਜੇਹੀ ਸ਼ੰਕਾ ਪ੍ਰਗਟਾਈ ਸੀ। ਪਰ ਪ੍ਰਬੀਨ ਗੁਰੂ ਜੀ ਦੇ ਉੱਤਰ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਸੰਤੁਸ਼ਟ ਕਰ ਦਿੱਤਾ ਸੀ। ਸਾਖੀ ਦਾ ਵਾਰਤਾਲਾਪ ਹੈ-

"ਹਉ ਸੁਣਿਆ ਥਾ, ਗੁਰੂ ਨਾਨਕ ਕੀ ਗਾਦੀ ਪਰ ਬੈਠਾ ਹੈ। ਨਾਨਕ ਗੁਰੂ ਤਿਆਗੀ ਸਾਧੂ ਥੇ, ਤੁਮ ਸ਼ਸਤ੍ਰ ਧਾਰਨ ਕਰੇ ਹੈਨਿ, ਘੋੜੇ ਫਉਜ ਰਖੀ ਹੈ, ਸੱਚਾ ਪਾਤਸ਼ਾਹ ਕਹਾਵਤਾ ਹੈ, ਕੈਸਾ ਸਾਧੂ ਹੈ?" ਗੁਰੂ ਹਰਿਗੋਬਿੰਦ ਕਹਿਆ-

"ਬਾਤਨ ਫ਼ਕੀਰੀ, ਜ਼ਾਹਰ ਅਮੀਰੀ, ਸ਼ਸਤ੍ਰ ਗ਼ਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ, ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ, ਮਾਇਆ ਤਿਆਗੀ ਥੀ।"

ਰਾਮਦਾਸ ਪ੍ਰਸੰਨ ਹੋਇਆ, ਕਹਿਆ-

"ਏਹੁ ਹਮਾਰੈ ਮਨ ਭਾਵਤੀ ਹੈ।" (ਸਾਖੀ ੩੯ਵੀਂ)

ਇਸੇ ਤਰ੍ਹਾਂ ਜਦ ਗੁਰੂ ਸਾਹਿਬ ਗੁਜਰਾਤ ਗਏ ਤਾਂ ਸ਼ਾਹ ਦੌਲੇ ਦੇ ਚੇਲਿਆਂ ਵੀ ਅਜੇਹੇ ਹੀ ਸਵਾਲ ਕੀਤੇ ਕਿ ਤੁਸੀਂ ਸਾਧੂ ਹੁੰਦੇ ਹੋਏ ਇਤਨਾ ਦੁਨਿਆਵੀ ਠਾਠ-ਬਾਠ ਕਿਉਂ ਰੱਖ ਰਹੇ ਹੋ। ਕਿੱਥੇ ਮਾਲਾ ਤੇ ਕਿੱਥੇ ਤੇਗਾ ਵਾਲਾ, ਕਿੱਥੇ ਜੰਗਲ- ਬਣ ਤੇ ਕਿੱਥੇ ਧਨ ਤੇ ਜਨ। ਉਨ੍ਹਾਂ ਦਾ ਇਤਰਾਜ਼ ਸੀ-

"ਅਉਰਤ ਕਿਆ ਫਕੀਰੀ ਕਿਆ, ਹਿੰਦੂ ਕਿਆ ਔਰ ਪੀਰੀ ਕਿਆ?

ਪੁੱਤਰ ਕਿਆ ਵੈਰਾਗ ਕਿਆ, ਦੌਲਤ ਕਿਆ ਔਰ ਤਿਆਗ ਕਿਆ?"

ਸਤਿਗੁਰਾਂ ਦਾ ਜਵਾਬ ਬੜਾ ਸਪੱਸ਼ਟ ਸੀ:

"ਔਰਤ ਈਮਾਨ, ਪੁੱਤਰ ਨਿਸ਼ਾਨ।
ਦੌਲਤ ਗੁਜਰਾਨ, ਫਕੀਰ ਨ ਹਿੰਦੂ ਨ ਮੁਸਲਮਾਨ।"

ਉਸ ਸਮੇਂ ਹਿੰਦੂ ਪਰਜਾ ਦਾ ਪ੍ਰਧਾਨ ਮਾਰਗ 'ਅਹਿੰਸਾ' ਸੀ। ਸਭ ਕੁਝ ਚੁੱਪ ਕਰ ਕੇ ਬਰਦਾਸ਼ਤ ਕਰੀ ਜਾਣਾ। ਮੁਸਲਮਾਨ ਹਮਲਾਵਰ 'ਜਹਾਦ' ਦੇ ਨਾਂ 'ਤੇ ਹਿੰਸਾ ਦੀ ਨਿਝਕ ਵਰਤੋਂ ਕਰਦੇ ਨਹੀਂ ਸੀ ਸ਼ਰਮਾਉਂਦੇ। ਲੇਕਿਨ ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਤੋਂ ਵਿਲੱਖਣ ਰਸਤਾ ਅਖਤਿਆਰ ਕੀਤਾ। ਉਨ੍ਹਾਂ ਨੇ ਆਖਿਆ ਕਿ ਸ਼ਾਂਤਮਈ ਰਹਿ ਕੇ ਚੰਗੇ ਧਰਮਾਤਮਾ ਬਣੋ ਤੇ ਜੇ ਕੋਈ ਫਿਰ ਵੀ ਨਹੀਂ ਜੀਣ ਦਿੰਦਾ ਤਾਂ ਹੱਥ 'ਤੇ ਹੱਥ ਧਰ ਕੇ ਨਹੀਂ ਬਹਿਣਾ ਸਗੋਂ ਦੋਹਾਂ ਹੱਥਾਂ ਵਿਚ ਤੇਗਾਂ ਫੜ ਕੇ ਬਦੀ ਨਾਲ ਨਿਧੜਕ ਹੋ ਕੇ ਜੂਝਣਾ ਹੀ ਧਰਮ ਹੈ। ਤਲਵਾਰ ਦੀ ਵਰਤੋਂ ਸਦਾ ਜ਼ਰੂਰੀ ਨਹੀਂ, ਇਹ ਤਾਂ ਮਜ਼ਬੂਰੀ ਦਾ ਅਮਲ ਹੈ ਪਰ ਜੇ ਤੇਗ ਉਠਾਉਣੀ ਹੀ ਪੈ ਜਾਵੇ ਤਾਂ ਆਪਣੇ ਸਵੈਮਾਣ ਤੇ ਸੁਤੰਤਰਤਾ ਲਈ ਡਟ ਜਾਣਾ ਧਰਮੀ ਪੁਰਸ਼ ਦਾ ਪਰਮ ਕਰਤੱਵ ਹੈ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਥੋੜ੍ਹੇ ਅਰਸੇ ਵਿਚ ਹੀ ਸਿੱਖ ਧਰਮ ਨੂੰ ਕ੍ਰਾਂਤੀਕਾਰੀ ਮੋੜਾ ਦੇ ਕੇ ਨਵੀਆਂ ਮੰਜ਼ਲਾਂ ਸੁਝਾਈਆਂ ਤੇ ਇਨਕਲਾਬ ਨੂੰ ਪੌੜੀਆਂ ਲਾਈਆਂ।

ਢਾਡੀ ਨੱਥ ਮਲ ਦਾ ਬਿਆਨ ਹੈ:

*ਤੇਰਾ ਨਾਮ ਲਿਆਂ ਗੁਰੂ ਹਰਿਗੋਬਿੰਦ, ਅਮਰਾਵਤਿ ਪਉੜੀ ਚੜ੍ਹੀਦਾ।*
*ਤੁਧ ਗੋਪ ਉਠਾਲੀ ਪ੍ਰਿਥਮੀ, ਕ੍ਰਿਸਾਣ ਜਿਵਾਵੇਂ ਰੜੀ ਦਾ।*
*ਕਉਣ ਬੰਦਾ ਤੁਧ ਨਾਲਿ ਅੜੀ ਦਾ।*

ਭਾਈ ਗੁਰਦਾਸ ਜੀ ਨੇ ਵੀ ਇਸੇ ਵਿਸ਼ੇਸ਼ਤਾ ਨੂੰ ਉਜਾਗਰ ਕਰਦਿਆਂ ਕਿਹਾ ਹੈ ਕਿ ਜੋਧੇ ਤਾਂ ਹੋਰ ਵੀ ਬਥੇਰੇ ਹੋਏ ਜੋ ਨਿੱਜੀ ਸਵਾਰਥਾਂ ਲਈ ਲੜਦੇ-ਭਿੜਦੇ ਰਹੇ ਪਰ ਛਠਮ ਗੁਰੂ ਦੀ ਖੂਬੀ ਇਹ ਹੈ ਕਿ ਉਨ੍ਹਾਂ ਪਰੋਪਕਾਰ ਖਾਤਰ ਸ਼ਸਤ੍ਰ ਉਠਾਏ ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਦਾ ਹੀ ਦੂਜਾ ਰੂਪ ਸਨ

*ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।...*
*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।* *(ਵਾਰ ੧:੪੮)*

ਸੋ ਮੀਰੀ-ਪੀਰੀ ਦੇ ਸੰਗਮ ਦਾ ਸਿਧਾਂਤ, ਧਰਮ ਦੀ ਸ਼ਕਤੀ ਨੂੰ ਹੋਰ ਸਮਰੱਥਾਵਾਨ ਕਰਨਾ ਸੀ ਜਿਸਨੇ ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਵਰਗੇ ਮਿਸ਼ਨ ਲਈ ਨਵੇਂ ਰਸਤੇ ਖੋਲ੍ਹ ਦਿੱਤੇ। ਇਹ ਛਠਮ ਗੁਰੂ ਦੀ ਹੀ ਦਾਤ ਸੀ ਜਿਸ ਨੇ ਜਾਬਰਨਾ ਅੰਧੇਰੀ ਰਾਤ ਨੂੰ ਉਜਲੇ ਦਿਨ ਵਿਚ ਬਦਲਿਆ।

■

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ

-ਡਾ. ਰਵਨੀਤ ਕੌਰ*

*ਪ੍ਰਗਟ ਭਏ ਗੁਰੂ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।*
*ਕਰਮ ਧਰਮ ਕੀ ਜਿਨਿ ਪਤ ਰਾਖੀ। ਅਟਲ ਕਰੀ ਕਲਜੁਗ ਮੈਂ ਸਾਖੀ॥ (ਸ੍ਰੀ ਗੁਰ ਸੋਭਾ)*

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਜਿਸ ਕਾਰਨ ਹੋਈ ਉਹ ਸੀ ਔਰੰਗਜ਼ੇਬ ਦਾ ਹਿੰਦੂਆਂ 'ਤੇ ਅੱਤ ਦਾ ਤਸ਼ੱਦਦ। ਇਹ ਉਹ ਇਨਸਾਨ ਸੀ, ਜਿਸ ਨੂੰ ਇਨਸਾਨ ਨਹੀਂ ਹੈਵਾਨ ਕਹਿਣਾ ਠੀਕ ਹੋਵੇਗਾ, ਕਿਉਂਕਿ ਇਸ ਨੇ ਤਖ਼ਤ 'ਤੇ ਕਬਜ਼ਾ ਆਪਣੇ ਬਾਪ ਦੀ ਛਾਤੀ 'ਤੇ ਪੈਰ ਰੱਖ ਕੇ ਅਤੇ ਭਰਾਵਾਂ ਦੇ ਖ਼ੂਨ ਵਿਚ ਤਾਰੀ ਲਗਾ ਕੇ ਕੀਤਾ ਸੀ। ਉਹ ਇੰਨਾ ਪੱਥਰ-ਦਿਲ ਸੀ ਕਿ ਉਸ ਨੇ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਵਿਚ ਪਾਇਆ ਅਤੇ ਉਹ ਖਿੜਕੀ ਵੀ ਬੰਦ ਕਰਵਾ ਦਿੱਤੀ ਜਿਸ ਰਾਹੀਂ ਉਹ ਜਮਨਾ ਨਦੀ ਨੂੰ ਦੇਖਦਾ ਸੀ।

ਜਦੋਂ ਉਸ ਨੂੰ ਪਤਾ ਲੱਗਿਆ ਕਿ ਬ੍ਰਾਹਮਣ ਪਾਠਸ਼ਾਲਾਵਾਂ ਬਣਾ ਕੇ ਵਿੱਦਿਆ ਦੇ ਰਹੇ ਹਨ ਅਤੇ ਉੱਥੇ ਹਿੰਦੂ ਤੇ ਮੁਸਲਮਾਨ ਵਿਦਿਆਰਥੀ ਪੜ੍ਹਨ ਆਉਂਦੇ ਹਨ, ਤਾਂ ਉਸ ਨੇ ਇਹ ਪੜ੍ਹਾਈ-ਲਿਖਾਈ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਮੰਦਰਾਂ ਨੂੰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਹਰ ਨੌਕਰੀ ਤੋਂ ਹਿੰਦੂਆਂ ਨੂੰ ਹਟਾ ਕੇ ਮੁਸਲਮਾਨ ਲਗਾਉਣੇ ਸ਼ੁਰੂ ਕਰ ਦਿੱਤੇ ਤਾਂ ਜੋ ਆਉਣ ਵਾਲੇ ਸਮੇਂ ਵਿਚ ਹਿੰਦੁਸਤਾਨ ਵਿਚ ਸਿਰਫ਼ ਇੱਕ ਹੀ ਧਰਮ ਰਹਿ ਜਾਵੇ-ਮੁਸਲਮਾਨ ਧਰਮ। ਨੌਕਰੀ ਤੋਂ ਕੱਢੇ ਜਾਣ 'ਤੇ ਬਹੁਤ ਸਾਰੇ ਹਿੰਦੂਆਂ ਨੇ ਇਸਲਾਮ ਕਬੂਲ ਕਰ ਲਿਆ, ਜਿਸ ਕਰਕੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਸੋਚਿਆ ਕਿ ਕਸ਼ਮੀਰੀ ਪੰਡਿਤ ਵਿਦਵਾਨ ਹੋਣ ਕਰਕੇ ਪ੍ਰਸਿੱਧ ਹਨ; ਜੇ ਇਹ ਮੁਸਲਮਾਨ ਬਣ ਗਏ ਤਾਂ ਅਨਪੜ੍ਹਾਂ ਨੂੰ ਮਨਾਉਣਾ ਆਸਾਨ ਹੋ ਜਾਵੇਗਾ। ਇਸ ਲਈ ਉਸ ਨੇ ਕਸ਼ਮੀਰੀ ਪੰਡਿਤਾਂ ਨੂੰ ਮਜਬੂਰ ਕਰਨਾ ਸ਼ੁਰੂ ਕੀਤਾ ਕਿ ਜਾਂ ਮੁਸਲਮਾਨ ਬਣੋ ਜਾਂ ਮੌਤ ਕਬੂਲ ਕਰੋ। ਇਸ ਸਭ ਤੋਂ ਦੁਖੀ ਹੋ ਕੇ ਕਸ਼ਮੀਰੀ ਪੰਡਿਤ ਅਮਰਨਾਥ ਮੰਦਰ ਗਏ ਅਤੇ ਸ਼ਿਵ ਜੀ ਨੂੰ ਪੁਕਾਰਿਆ। ਇਸ ਗੁਫ਼ਾ ਵਿਚ ਪੰਡਿਤ ਕਿਰਪਾ ਰਾਮ ਜੀ ਸਨ, ਜਿਨ੍ਹਾਂ ਨੂੰ ਸੁਪਨੇ ਵਿਚ ਸ਼ਿਵ ਜੀ ਦੇ ਦਰਸ਼ਨ ਹੋਏ ਤੇ ਆਦੇਸ਼ ਮਿਲਿਆ ਕਿ ਪੰਜਾਬ ਵਿਚ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਜਾਓ ਅਤੇ ਉਨ੍ਹਾਂ ਨੂੰ ਹਿੰਦੂਆਂ ਦੀ ਬਾਂਹ ਫੜਨ ਦੀ ਬੇਨਤੀ ਕਰੋ, ਇਸ ਸਮੇਂ ਸਿਰਫ ਸਿੱਖਾਂ ਦੇ ਗੁਰੂ ਹੀ ਤੁਹਾਡੀ ਰੱਖਿਆ ਕਰ ਸਕਦੇ ਹਨ।

ਇਹ ਸਾਰੇ ਪੰਡਿਤ, ਕਿਰਪਾ ਰਾਮ ਜੀ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ

* Richmond Hill, New York, U.S.A +1 347 605 9612

ਪਹੁੰਚੇ। ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਵਾਨ ਲਗਾ ਕੇ ਬੈਠੇ ਸਨ ਅਤੇ ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਜੋ ਉਸ ਵੇਲੇ ਨੌਂ ਸਾਲ ਦੇ ਸਨ, ਵੀ ਗੁਰੂ ਸਾਹਿਬ ਦੇ ਨਾਲ ਸਭਾ ਵਿਚ ਬੈਠੇ ਸਨ। ਪੰਡਿਤ ਜਾ ਕੇ ਰੋਂਦੇ ਹੋਏ ਆਪਣੀ ਬੇਨਤੀ ਬਿਆਨ ਕਰਨ ਲੱਗੇ। ਉਨ੍ਹਾਂ ਨੇ ਬੇਨਤੀ ਕੀਤੀ ਕਿ ਜੇ ਤੁਸੀਂ ਸਾਡੀ ਬਾਂਹ ਨਾ ਫੜੀ ਤਾਂ ਇਸ ਜਗਤ ਵਿਚ ਕੋਈ ਵੀ ਹਿੰਦੂ ਨਹੀਂ ਦਿਸੇਗਾ:

*ਰਾਖਹੁ ਅਬਿ ਹਿੰਦੁਨ ਕੀ ਟੇਕ। ਨਾਂਹਿਤ ਜਗ ਮਹਿ ਰਹੈ ਨ ਏਕ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਪੰਡਿਤ ਕਿਰਪਾ ਰਾਮ ਉਹੀ ਹਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵਿੱਦਿਆ ਵੀ ਦਿੱਤੀ; ਜਦੋਂ ਮਾਤਾ ਗੁਜਰੀ ਜੀ ਕਸ਼ਮੀਰ ਵਿਚ ਰਹਿੰਦੇ ਸਨ। ਇਹ ਪੰਡਿਤ ਕਿਰਪਾ ਰਾਮ ਜੀ ਬਾਅਦ ਵਿਚ ਅੰਮ੍ਰਿਤ ਛਕ ਕੇ ਸਿੰਘ ਸਜੇ ਅਤੇ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ।

ਪੰਡਿਤਾਂ ਦੀ ਇਹ ਸਾਰੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਨਿਸਚਾ ਕਰ ਲਿਆ ਕਿ ਆਪਣਾ ਸੀਸ ਦੇ ਕੇ ਮੂੜ੍ਹਿਆਂ ਨੂੰ ਸਬਕ ਸਿਖਾਉਣਾ ਹੀ ਪਏਗਾ:

*"ਤਬ ਸਤਿਗੁਰ ਇਵ ਮਨ ਠਹਿਰਾਈ।*
*ਬਿਨ ਸਿਰ ਦੀਏ ਜਗਤ ਦੁਖ ਪਾਈ।"*

ਭਾਵੇਂ ਕਿੰਨੇ ਵੀ ਦੁਖ-ਤਕਲੀਫ਼ਾਂ ਮਿਲਣ, ਪਰ ਆਪਣਾ ਧਰਮ ਕਦੇ ਨਹੀਂ ਛੱਡਣਾ ਚਾਹੀਦਾ। ਗੁਰੂ ਸਾਹਿਬ ਨੇ ਪੰਡਿਤਾਂ ਨੂੰ ਆਖਿਆ ਕਿ ਤੁਸੀਂ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਵਾ ਲੈਂਦਾ ਹੈ ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ।

ਇਹ ਸੁਣ ਕੇ ਔਰੰਗਜ਼ੇਬ ਨੂੰ ਲੱਗਾ ਕਿ ਇੱਕ ਨੂੰ ਮਨਾਉਣਾ ਤਾਂ ਬਹੁਤ ਆਸਾਨ ਹੈ। ਉਸ ਨੇ ਗੁਰੂ ਸਾਹਿਬ ਦੇ ਇਸ ਫੁਰਮਾਨ ਨੂੰ ਹੱਸਦੇ ਹੋਏ ਕਬੂਲ ਕਰ ਲਿਆ ਅਤੇ ਪੰਡਿਤਾਂ ਉੱਤੇ ਜ਼ੁਲਮ ਕਰਨਾ ਬੰਦ ਕਰ ਦਿੱਤਾ।

ਪ੍ਰਿੰਸੀਪਲ ਸਤਬੀਰ ਸਿੰਘ ਲਿਖਦੇ ਹਨ- ਉਧਰ ਗੁਰੂ ਸਾਹਿਬ ਨੇ ਬਾਲ ਗੋਬਿੰਦ ਰਾਇ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਅਤੇ ਆਪ ਕਮਰ ਕੱਸ ਕੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ ਪਹਿਨ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਲ ਗੋਬਿੰਦ ਰਾਇ ਜੀ ਨੂੰ ਘੁੱਟ ਕੇ ਜੱਫੀ ਪਾਈ। ਮਾਤਾ ਨਾਨਕੀ ਜੀ ਨੂੰ ਮਿਲੇ ਜੋ ਕੁਝ ਚਿੰਤਾ ਵਿਚ ਨਜ਼ਰ ਆਏ, ਤਾਂ ਗੁਰੂ ਸਾਹਿਬ ਨੇ ਸਾਰੇ ਪਰਵਾਰ ਨੂੰ ਨਿਰਮੋਹ ਕਰਨ ਲਈ ਉਪਦੇਸ਼ ਦਿੱਤਾ ਕਿ ਸੰਸਾਰ ਵਿਚ ਸਰੀਰਾਂ ਦੇ ਸੰਬੰਧ ਅਸਥਾਈ ਹਨ। ਜਿਵੇਂ ਨਦੀ ਦੇ ਪਰਵਾਹ ਨਾਲ ਤਿਨਕੇ ਮਿਲ ਕੇ ਵਿਛੁੜ ਜਾਂਦੇ ਹਨ ਜਾਂ ਰਾਤ ਨੂੰ ਰੁੱਖ ਹੇਠ ਪੰਛੀ ਇਕੱਠੇ ਹੋ ਕੇ ਸਵੇਰੇ ਵਿਛੜ ਜਾਂਦੇ ਹਨ, ਉਸੇ ਤਰ੍ਹਾਂ ਵਾਸਨਾ ਅਤੇ ਪ੍ਰਲਬਧ ਅਨੁਸਾਰ ਸੰਬੰਧਾਂ ਦਾ ਮਿਲਣਾ ਤੇ ਵਿਛੋੜਾ ਹੁੰਦਾ ਹੈ। *ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥* ਸ਼ਬਦ ਪੜ੍ਹਿਆ ਅਤੇ ਪੰਜ

ਸਿੰਘ- ਭਾਈ ਊਦਾ ਸਿੰਘ, ਭਾਈ ਗੁਰਦਿੱਤਾ, ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਨਾਲ ਲੈ ਕੇ ਦਿੱਲੀ ਵੱਲ ਰਵਾਨਾ ਹੋ ਗਏ। ਗੁਰੂ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਕੀਰਤਪੁਰ ਸਾਹਿਬ ਆਏ। ਉੱਥੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ, ਫਿਰ ਰਸਤੇ ਵਿਚ ਪਟਿਆਲਾ, ਸਰਹਿੰਦ, ਖਟਕੜ, ਜੀਂਦ, ਲਖਨ ਮਾਜਰਾ ਅਤੇ ਰੋਹਤਕ ਹੁੰਦੇ ਹੋਏ ਆਪਣੇ ਪਿਆਰਿਆਂ ਨੂੰ ਜੋ ਜੋ ਯਾਦ ਕਰਦੇ ਰਹੇ, ਸਭ ਨੂੰ ਦਰਸ਼ਨ ਦਿੰਦਿਆਂ ਗੁਰੂ ਸਾਹਿਬ ਆਗਰਾ ਪਹੁੰਚੇ ਅਤੇ ਉੱਥੇ ਗ੍ਰਿਫਤਾਰ ਕਰ ਲਏ ਗਏ। ਮੁਗ਼ਲਾਂ ਦੀ ਵੱਡੀ ਫੌਜ ਦੀ ਸਖ਼ਤ ਨਿਗਰਾਨੀ ਹੇਠ ਉਨ੍ਹਾਂ ਨੂੰ ਚਾਂਦਨੀ ਚੌਂਕ ਲਿਆਂਦਾ ਗਿਆ। ਉੱਥੇ ਗੁਰੂ ਸਾਹਿਬ ਨੂੰ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਇਕ ਬਹੁਤ ਪੁਰਾਣੀ, ਡਰਾਉਣੀ ਅਤੇ ਢੱਠੀ ਹਵੇਲੀ ਵਿਚ ਰੱਖਿਆ ਗਿਆ। ਆਪ ਜੀ ਨੂੰ ਇਕ ਪਿੰਜਰੇ ਵਿਚ ਰੱਖਿਆ ਗਿਆ ਜਿਸ ਵਿਚ ਪੂਰੀ ਤਰ੍ਹਾਂ ਸਿੱਧੇ ਖੜ੍ਹੇ ਵੀ ਨਹੀਂ ਹੋ ਸਕਦੇ ਸਨ। ਫਿਰ ਵੀ ਨਾ ਚਿਹਰੇ 'ਤੇ ਸ਼ਿਕਨ, ਨਾ ਉਲਾਹਣਾ, ਨਾ ਕੋਈ ਸ਼ਿਕਾਇਤ ਸਿਰਫ਼ ਖਿੜਿਆ ਹੋਇਆ ਚਿਹਰਾ।

ਭਾਈ ਮਤੀ ਦਾਸ ਜੀ ਗੁਰੂ ਸਾਹਿਬ ਦੇ ਦੀਵਾਨ ਸਨ ਅਤੇ ਭਾਈ ਸਤੀ ਦਾਸ ਜੀ ਲਿਖਾਰੀ, ਦੋਵੇਂ ਭਰਾ ਸਨ। "ਗੈਲੋਂ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ, ਪੋਤੇ ਲਖੀ ਦਾਸ ਕੇ, ਪੜਪੋਤੇ ਪਿਰਾਗਾ ਕੇ, ਬੰਸ ਗੌਤਮ ਕਾ, ਸਾਰਸੁਤੀ ਭਾਗਵਤ ਗੌਤਰੇ ਛਿੱਬਰ ਬ੍ਰਾਹਮਣ ਸ਼ਹੀਦ ਹੋ ਗਏ।" ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਇਆ ਗਿਆ। ਜੱਲਾਦਾਂ ਨੇ ਭਾਈ ਸਾਹਿਬ ਦੀ ਆਖ਼ਰੀ ਇੱਛਾ ਪੁੱਛੀ, ਤਾਂ ਉਨ੍ਹਾਂ ਨੇ ਕਿਹਾ: "ਜਦੋਂ ਮੈਨੂੰ ਚੀਰਿਆ ਜਾਵੇ, ਮੇਰਾ ਮੁਖ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ।"

ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਗਿਆ। ਆਪ ਜੀ ਵੀ ਹੱਸ-ਹੱਸ ਸ਼ਹੀਦੀ ਪਾ ਕੇ ਸਿੱਖ ਇਤਿਹਾਸ ਵਿਚ ਨਵੇਂ ਪੂਰਨੇ ਪਾ ਗਏ।

ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਦੇ ਸਕੇ ਭਰਾ ਸਨ। ਗੁਰੂ ਸਾਹਿਬ ਜੀ ਦੇ ਇਤਨੇ ਪਿਆਰੇ ਸਨ ਕਿ ਆਪ ਉਨ੍ਹਾਂ ਨੂੰ 'ਭਾਈ ਜੀ' ਹੀ ਕਹਿ ਕੇ ਬੁਲਾਉਂਦੇ ਸਨ। ਇੱਕ ਹੁਕਮਨਾਮੇ ਵਿਚ ਤਾਂ ਇਹ ਵੀ ਦਰਜ ਕੀਤਾ ਗਿਆ ਹੈ ਕਿ ਭਾਈ ਦਿਆਲਾ ਜੀ ਦਾ ਆਖਿਆ, ਉਨ੍ਹਾਂ ਦਾ ਆਖਿਆ ਹੀ ਹੈ।

ਭਾਈ ਦਿਆਲਾ ਜੀ ਨੇ ਅਰਦਾਸ ਕਰਦੇ ਕਿਹਾ ਕਿ, "ਹੇ ਗੁਰੂ ਅਰਜਨ ਸਾਹਿਬ ਜੀ! ਅੱਗੇ ਤੁਸੀਂ ਇਕ ਵਾਰੀ ਚੰਦੂ ਦੀ ਦੇਗ ਵਿਚ ਉਬਲੇ ਸੀ, ਹੁਣ ਔਰੰਗਜ਼ੇਬ ਦੀ ਦੇਗ ਵਿਚ ਆ ਕੇ ਉਬਲਦੇ ਸਿੱਖ ਦੀ ਲਾਜ ਰੱਖੋ।"

ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਬਾਅਦ ਕਾਜ਼ੀ ਨੇ ਸੋਚਿਆ ਸ਼ਾਇਦ ਗੁਰੂ ਸਾਹਿਬ ਡੋਲ ਜਾਣ, ਤਾਂ ਕਾਜ਼ੀ ਨੇ ਗੁਰੂ ਸਾਹਿਬ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ: 'ਭਾਵੇਂ ਤੁਸੀਂ ਕਲਮਾ ਪੜ੍ਹ ਲਓ, ਜਾਂ ਕੋਈ

ਕਰਾਮਾਤ ਦਿਖਾਓ, ਜਾਂ ਫਿਰ ਮਰਨ ਨੂੰ ਪਰਵਾਨ ਕਰੋ।'

ਗੁਰੂ ਸਾਹਿਬ ਜੀ ਨੇ ਉੱਤਰ ਦਿੱਤਾ- "ਧਰਮ ਤਿਆਗਣ ਦਾ ਤਾਂ ਸਵਾਲ ਹੀ ਨਹੀਂ। ਕਰਾਮਾਤ ਤਾਂ ਕਹਿਰ ਦਾ ਦੂਜਾ ਨਾਮ ਹੈ, ਤੇ ਵਾਹਿਗੁਰੂ ਦੇ ਪ੍ਰੇਮੀ ਕਦੇ ਕਹਿਰ ਨਹੀਂ ਕਰਦੇ। ਇਸ ਲਈ ਸਾਨੂੰ ਪਹਿਲੀਆਂ ਦੋ ਗੱਲਾਂ ਪਰਵਾਨ ਨਹੀਂ। ਤੀਜੀ ਗੱਲ- ਸ਼ਹੀਦੀ - ਸਾਨੂੰ ਮਨਜ਼ੂਰ ਹੈ।"

ਕਾਜ਼ੀ ਨੇ ਫ਼ਤਵਾ ਸੁਣਾ ਦਿੱਤਾ ਅਤੇ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਹੁਕਮ ਦੇ ਦਿੱਤਾ। ਜੱਲਾਦ ਨੇ ਤਲਵਾਰ ਚਲਾਈ ਅਤੇ ਗੁਰੂ ਸਾਹਿਬ ਜੀ ਧਰਮ ਦੀ ਰੱਖਿਆ ਲਈ ਸ਼ਹੀਦ ਹੋ ਗਏ।

ਜਿਵੇਂ ਹੀ ਸ਼ਹੀਦੀ ਦਾ ਸਾਕਾ ਵਾਪਰਿਆ, ਤੁਰੰਤ ਹੀ ਇਕ ਭਿਆਨਕ ਗੁਬਾਰ ਅਤੇ ਤੂਫ਼ਾਨ ਉੱਠਿਆ। ਧੂੜ-ਧੱਕੜ ਨਾਲ ਅਸਮਾਨ ਡਿੱਗਦਾ ਜਾਪਦਾ ਸੀ, ਲੋਕਾਂ ਨੂੰ ਕੁਝ ਵੀ ਸਮਝ ਨਾ ਆਇਆ। ਹਰ ਪਾਸੇ ਹਾਹਾਕਾਰ ਮੱਚ ਗਿਆ। ਲੋਕ ਇਕ-ਦੂਜੇ ਉੱਤੇ ਡਿੱਗਣ ਲੱਗੇ, ਪਹਿਰੇਦਾਰ ਅਤੇ ਸਿਪਾਹੀ ਡਰ ਕੇ ਅੰਦਰ ਲੁਕ ਗਏ। ਐਸਾ ਤੂਫ਼ਾਨ ਸੀ ਕਿ ਦਿੱਲੀ ਆਪ ਹਿਲਦੀ ਹੋਈ ਜਾਪਦੀ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ:-

*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥* *(ਬਚਿਤ੍ਰ ਨਾਟਕ)*

ਇਸ ਹੜਬੜਾਹਟ ਵਿਚ ਭਾਈ ਜੈਤਾ ਜੀ ਨੇ ਬਹੁਤ ਹੀ ਬਹਾਦਰੀ ਅਤੇ ਦਲੇਰੀ ਨਾਲ ਸਤਿਕਾਰ ਸਹਿਤ ਗੁਰੂ ਸਾਹਿਬ ਦਾ ਸੀਸ ਸੰਭਾਲਿਆ ਅਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਤੁਰ ਪਏ।

ਉਸੇ ਸਮੇਂ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਗੁਰੂ ਸਾਹਿਬ ਦਾ ਧੜ ਆਪਣੇ ਘਰ ਲੈ ਜਾ ਕੇ ਬੜੀ ਸਾਵਧਾਨੀ ਨਾਲ ਸਸਕਾਰ ਲਈ ਉਨ੍ਹਾਂ ਨੇ ਆਪਣਾ ਘਰ ਸਾੜ ਦਿੱਤਾ ਅਤੇ ਇਸੇ ਅੱਗ ਵਿਚ ਗੁਰੂ ਸਾਹਿਬ ਦਾ ਸਸਕਾਰ ਕੀਤਾ। ਦਿੱਲੀ ਵਿਖੇ ਉਹ ਥਾਂ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ।

ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ। ਉੱਥੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਅਤੇ ਹੋਰ ਸੰਗਤ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਤਲਬ ਵਿਚ ਖੜੀ ਸੀ।

ਮਾਤਾ ਗੁਜਰੀ ਜੀ ਨੇ ਗੁਰੂ ਸਾਹਿਬ ਦਾ ਸੀਸ ਦੇਖ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਅਡੋਲ ਰਹੇ ਤੇ ਅਰਦਾਸ ਕੀਤੀ- "ਤੁਹਾਡਾ ਫਰਜ਼ ਤਾਂ ਨਿਭ ਗਿਆ, ਹੁਣ ਮੈਨੂੰ ਮੇਰਾ ਨਿਭਾਉਣ ਦੀ ਤਾਕਤ ਮਿਲੇ।"

ਫਿਰ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਦੀ ਸ਼ਹੀਦੀ ਦੇ ਪਲ਼-ਪਲ਼ ਦਾ ਵੇਰਵਾ

ਸੁਣਾਇਆ- ਹਿੰਮਤ, ਵਿਸ਼ਵਾਸ ਅਤੇ ਸ਼ਹਾਦਤ ਦਾ ਉਹ ਦਰਸ਼ਨ ਜਿਹੜਾ ਸਾਰੀ ਸੰਗਤ ਦੀਆਂ ਅੱਖਾਂ ਨੂੰ ਨਮ ਕਰ ਗਿਆ ਪਰ ਦਿਲਾਂ ਵਿਚ ਅਡੋਲ ਸ਼ਾਨ ਤੇ ਸਨਮਾਨ ਭਰ ਗਿਆ।"

ਸ਼ਹੀਦੀ ਤੋਂ ਬਾਅਦ ਬਾਲ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਭਾਈ ਜੈਤਾ ਜੀ ਨੂੰ ਪੁੱਛਿਆ–

"ਸ਼ਹੀਦੀ ਵੇਲੇ ਉੱਥੇ ਕਿੰਨੇ ਸਿੱਖ ਮੌਜੂਦ ਸਨ?"

ਭਾਈ ਜੈਤਾ ਜੀ ਨੇ ਦਰਦ ਭਰੇ ਸੁਰ ਵਿਚ ਉੱਤਰ ਦਿੱਤਾ–

"ਲੋਕ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸਨ, ਪਰ ਸਿੱਖ ਕਿੰਨੇ ਸਨ, ਇਹ ਪਛਾਣਨਾ ਬਹੁਤ ਔਖਾ ਸੀ।"

ਇਹ ਸੁਣ ਕੇ ਸ੍ਰੀ ਗੁਰੂ ਗੋਬਿੰਦ ਜੀ ਨੇ ਅਡੋਲ ਆਵਾਜ਼ ਵਿਚ ਕਿਹਾ–

"ਮੈਂ ਐਸਾ ਖਾਲਸਾ ਤਿਆਰ ਕਰਾਂਗਾ ਜੋ ਲੱਖਾਂ ਵਿਚ ਖਲੋਤਾ ਵੀ ਪਛਾਣਿਆ ਜਾਵੇ।"

ਇਸ ਤਰ੍ਹਾਂ ਖਾਲਸਾ ਪੰਥ ਦੀ ਨੀਂਹ, ਜੋ ਬਾਅਦ ਵਿਚ ੧ ਵੈਸਾਖ ਸੰਮਤ ੧੭੫੬ ਬਿਕ੍ਰਮੀ ਨੂੰ ਖਾਲਸਾ ਸਾਜਨਾ ਦੇ ਰੂਪ ਵਿਚ ਪ੍ਰਗਟ ਹੋਈ, ਉਸ ਦੀ ਸ਼ੁਰੂਆਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਹੀ ਹੋ ਗਈ ਸੀ।

ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਪਿਆਰ ਨਾਲ ਭਾਈ ਜੈਤਾ ਜੀ ਨੂੰ ਗਲੇ ਨਾਲ ਲਾਇਆ ਅਤੇ ਫੁਰਮਾਇਆ–

"ਰੰਗਰੇਟੇ ਗੁਰੂ ਦੇ ਬੇਟੇ।"

ਇੱਥੇ ਵਰਣਨਯੋਗ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਦੀ ਗੱਲ ਹੋਈ, ਤਾਂ ਉਨ੍ਹਾਂ ਨੇ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਜਨੇਊ ਦੀ ਰੱਖਿਆ ਦਾ ਮੌਕਾ ਆਇਆ, ਤਾਂ ਉਨ੍ਹਾਂ ਨੇ ਜਨੇਊ ਤਾਂ ਨਹੀਂ ਪਾਇਆ, ਪਰ ਧਰਮ ਦੀ ਅਜ਼ਾਦੀ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਫੁਰਮਾਇਆ- "ਜੇ ਪਾਪ ਕਰਨਾ ਜ਼ੁਲਮ ਹੈ, ਤਾਂ ਪਾਪ ਸਹਿਣਾ ਉਸ ਤੋਂ ਵੀ ਵੱਡਾ ਜ਼ੁਲਮ ਹੈ।"

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣਾ ਸੀਸ ਦੇ ਕੇ ਸਾਰੇ ਸੰਸਾਰ ਨੂੰ ਜੀਵਨ ਦਾਨ ਦੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ:

*"ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥*
*ਸਭ ਥਾਈਂ ਹੋਇ ਸਹਾਇ॥"*

ਗੁਰੂ ਸਾਹਿਬ ਜੀ ਦੀ ਸ਼ਹਾਦਤ ਆਪਣੇ ਆਪ ਵਿਚ ਇਕ ਨਿਵੇਕਲਾ, ਅਲੌਕਿਕ ਅਤੇ ਅਨੋਖਾ ਸਾਕਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਕੇ ਨੂੰ ਕਲਯੁੱਗ ਦਾ ਸਭ ਤੋਂ ਵੱਡਾ ਸਾਕਾ ਲਿਖਿਆ ਹੈ।

# ਸਿਮਰਨ ਦਾ ਫ਼ਲ

*-ਪ੍ਰੋ. ਸਾਹਿਬ ਸਿੰਘ**

ਯਾਦ ਵਿਚ ਇਹ ਇਕ ਸਿਫ਼ਤ ਹੈ ਕਿ ਜਿਸ ਨੂੰ ਮੁੜ-ਮੁੜ ਯਾਦ ਕਰਦੇ ਰਹੀਏ, ਉਸ ਦੇ ਵਿਚ ਹੀ ਆਪਾ ਇਕ-ਮਿਕ ਹੋ ਜਾਂਦਾ ਹੈ, ਯਾਦ ਕਰਨ ਵਾਲੇ ਨੂੰ ਆਪਣਾ ਆਪ ਵਿਸਰ ਹੀ ਜਾਂਦਾ ਹੈ।

ਜੋ ਮਨੁੱਖ ਪ੍ਰਭੂ ਦੇ ਸਿਮਰਨ ਵਿਚ ਚਿਤ ਜੋੜਦਾ ਹੈ, ਉਸ ਨਾਲ ਭੀ ਇਹ ਖੇਡ ਵਾਪਰਦੀ ਹੈ। ਪਹਿਲਾਂ ਉਸ ਦਾ ਆਪਣਾ ਆਪ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦਾ ਹੈ, ਉਸ ਨੂੰ ਆਪਣੇ ਅੰਦਰ ਵਸਦਾ ਪਰਮਾਤਮਾ ਪ੍ਰਤੀਤ ਹੁੰਦਾ ਹੈ, ਫਿਰ ਉਹੀ ਕਰਤਾਰ, ਸਿਰਜਣਹਾਰ ਉਸ ਨੂੰ ਸਾਰੀ ਖ਼ਲਕਤ ਵਿਚ ਦਿੱਸਦਾ ਹੈ, ਤੇ ਉਸ ਦੇ ਅੰਦਰੋਂ ਆਪਣੇ-ਪਰਾਏ ਦਾ ਵਿਤਕਰਾ ਮਿਟ ਜਾਂਦਾ ਹੈ। ਇਸ ਅਚਰਜ ਤਬਦੀਲੀ ਦਾ ਬਿਆਨ ਭਗਤ ਕਬੀਰ ਜੀ ਇਉਂ ਕਰਦੇ ਹਨ:

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੫)*

*-ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥*
*ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥੨੩੪॥*
*ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥*
*ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥੨੩੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੭)*

ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਗ਼ਰੀਬਾਂ ਦੀ ਬਾਂਹ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਫੜੀ ਤੇ ਉਨ੍ਹਾਂ ਨੂੰ ਧੀਰਜ ਦੇ ਕੇ ਆਖਿਆ: ਤਕੜੇ ਹੋਵੋ, ਇਕ ਅਕਾਲ ਪੁਰਖ ਦੀ ਓਟ ਲੈ ਕੇ ਮਨੁੱਖ ਬਣੋ। ਉਨ੍ਹਾਂ ਦੀ ਹੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਗਰੀਬਾਂ ਨੂੰ ਇਨ੍ਹਾਂ ਪੂਰਨਿਆਂ 'ਤੇ ਤੋਰਿਆ। ਗਰੀਬ, ਅਮੀਰ, ਉੱਚੇ-ਨੀਵੇਂ ਸਭ ਨੂੰ ਇੱਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਗ਼ਰੀਬਾਂ ਦੇ ਅੰਦਰ ਮਨੁੱਖਤਾ ਦਾ ਅਹਿਸਾਸ ਪੈਦਾ ਕਰ ਦਿੱਤਾ। ਪਰ ਗ਼ਰੀਬ ਜਨਤਾ ਦੀ ਅਜਿਹੀ ਜਾਗ੍ਰਿਤੀ ਹਾਕਮ-ਸ਼੍ਰੇਣੀ ਲਈ ਸਦਾ ਖ਼ਤਰੇ ਭਰੀ ਹੋਇਆ ਕਰਦੀ ਹੈ। ਦਿੱਲੀ ਦਾ ਤਖ਼ਤ ਡੋਲਿਆ। ਗ਼ਰੀਬਾਂ ਦਾ ਦਰਦ ਵੰਡਣ ਵਾਲੇ, ਪਾਤਿਸ਼ਾਹ-ਦਿਲ, ਸੰਤ-ਸਿਪਾਹੀ ਗੁਰੂ ਉਤੇ ਫ਼ੌਜਾਂ

** ਗੁਰਪੁਰਵਾਸੀ*

ਦੇ ਕਟਕ ਚੜ੍ਹ ਆਏ। ਜਿਉਂ-ਜਿਉਂ ਸਿੱਖ-ਪਤੰਗਿਆਂ ਨੂੰ ਖ਼ਬਰਾਂ ਮਿਲਦੀਆਂ ਗਈਆਂ, ਸ਼ਮ੍ਹਾਂ-ਸਤਿਗੁਰੂ ਤੋਂ ਸਦਕੇ ਹੋਣ ਲਈ ਆਉਣ ਲੱਗ ਪਏ। ਉਸ ਸਮੇਂ ਦੇ ਇਕ ਸਿੱਖ ਭਾਈ ਘਨ੍ਹੱਈਏ (ਭਾਈ ਘਨ੍ਹੱਈਆ ਜੀ) ਦੀ ਸਾਖੀ ਸਿੱਖ ਇਤਿਹਾਸ ਵਿਚ ਬਹੁਤ ਰੋਸ਼ਨ ਹੈ। ਜਦੋਂ ਇਸ ਨੇ ਆ ਕੇ ਗੁਰੂ ਪਾਤਸ਼ਾਹ ਤੋਂ ਸੇਵਾ ਮੰਗੀ, ਤਾਂ ਹਜ਼ੂਰ ਨੇ ਆਖਿਆ ਕਿ ਰਣ-ਭੂਮੀ ਜਾ ਕੇ ਜ਼ਖਮੀਆਂ ਨੂੰ ਜਲ ਛਕਾਇਆ ਕਰੋ। ਸਿਮਰਨ ਦੀ ਬਰਕਤ ਨਾਲ ਨਿਡਰ ਹੋਏ ਭਾਈ ਘਨ੍ਹੱਈਆ ਜੀ ਨੇ ਆਪਣੇ ਪਰਾਏ ਦੇ ਵਿਤਕਰੇ ਤੋਂ ਬਿਨਾਂ ਸਭ ਜ਼ਖ਼ਮੀਆਂ ਨੂੰ ਜਲ ਛਕਾਉਣਾ ਸ਼ੁਰੂ ਕੀਤਾ। ਹਜ਼ੂਰ ਪਾਸ ਸ਼ਿਕਾਇਤ ਹੋਈ ਕਿ ਭਾਈ ਘਨ੍ਹੱਈਆ ਵੈਰੀਆਂ ਨੂੰ ਪਾਣੀ ਪਿਲਾ ਕੇ ਮੁੜ ਸਾਡੇ ਵਿਰੁੱਧ ਤਿਆਰ ਕਰ ਦੇਂਦਾ ਹੈ। ਪਰ ਭਾਈ ਸਾਹਿਬ ਨੇ ਉੱਤਰ ਦਿੱਤਾ-'ਪਾਤਸ਼ਾਹ! ਤੇਰੇ ਬਖਸ਼ੇ ਸਿਮਰਨ ਦੀ ਬਰਕਤ ਨਾਲ ਹੁਣ ਮੈਨੂੰ ਕੋਈ ਓਪਰਾ ਨਹੀਂ ਦਿੱਸਦਾ। ਮੈਂ ਤਾਂ ਜਿਧਰ ਤੱਕਦਾ ਹਾਂ ਮੈਨੂੰ ਤੂੰ ਹੀਂ ਦਿੱਸਦਾ ਹੈਂ ਤੇ ਸਿਰਫ਼ ਤੈਨੂੰ ਹੀ ਪਾਣੀ ਪਿਲਾ ਰਿਹਾ ਹਾਂ।"

'ਤੂੰ ਹੀ ਤੂੰ' ਦੀ ਨਦੀ ਵਿਚ ਤਾਰੀਆਂ ਲਾਣ ਵਾਲਾ ਬੰਦਾ ਹਰ ਪਾਸੇ ਉਸ ਦੀ 'ਤੂੰ ਹੀ ਤੂੰ' ਨੂੰ ਵੇਖਦਾ ਹੈ। ਉਸ ਨੂੰ ਕਿਸੇ ਪਾਸੇ ਕੋਈ ਓਪਰਾ ਨਹੀਂ ਦਿੱਸਦਾ, ਕੋਈ ਵੈਰੀ ਨਹੀਂ ਜਾਪਦਾ ਤੇ ਉਹ ਸਤਿਗੁਰੂ ਅਰਜਨ ਸਾਹਿਬ ਦੀ ਮਿੱਠੀ ਲੋਰੀ ਨੂੰ ਇਉਂ ਗਾਉਂਦਾ ਹੈ:

*ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥*
*ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥੧॥*
*ਸਾਧਸੰਗਿ ਚਿੰਤ ਬਿਰਾਨੀ ਛਾਡੀ॥*
*ਅਹੰਬੁਧਿ ਮੋਹ ਮਨ ਬਾਸਨ ਦੇ ਕਰ ਗਡਹਾ ਗਾਡੀ॥੧॥ਰਹਾਉ॥*
*ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥੨॥*
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥*
*ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥*
*ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥੪॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੧)*

ਜਿਤਨਾ ਚਿਰ ਮਨੁੱਖ ਤ੍ਰਿਸ਼ਨਾ-ਅਧੀਨ ਰਹਿ ਕੇ 'ਮੈਂ-ਮੇਰੀ' ਦੇ ਜਾਲ ਵਿਚ ਫ਼ਸਿਆ ਰਹਿੰਦਾ ਹੈ, ਉਤਨਾ ਚਿਰ ਇਸ ਦੇ ਅੰਦਰ ਮੇਰ-ਤੇਰ ਹੈ ਤੇ ਗਿਲੇ-ਗੁਜ਼ਾਰੀਆਂ ਹਨ।

ਦੁਨਿਆਵੀ ਪਦਾਰਥਾਂ ਨੂੰ ਸੁਖ ਦਾ ਵਸੀਲਾ ਸਮਝ ਕੇ ਜੋ ਮਨੁੱਖ ਹਰਿ-ਨਾਮ ਨੂੰ

ਵਿਸਾਰਦਾ ਹੈ, ਉਹ ਰਹਿੰਦਾ ਭੀ ਘਾਟੇ ਵਿਚ ਹੀ ਹੈ। ਦੁਨੀਆ ਦੇ ਰੰਗ-ਤਮਾਸ਼ੇ ਤੇ ਮਹਲ-ਮਾੜੀਆਂ ਬਲਦੀ ਭੱਠੀ ਦਾ ਕੰਮ ਕਰਦੇ ਹਨ ਕਿਉਂਕਿ ਨਾਮ ਵਿਸਾਰ ਕੇ ਦੁਨੀਆ ਦੇ ਵਿਚ ਮਸਤ ਬੰਦਿਆਂ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਬਲਦੀ ਰਹਿੰਦੀ ਹੈ ਤੇ ਉਹ ਸਾਰੀ ਉਮਰ ਮਾਇਆ ਦੀ ਖਾਤਰ ਭਟਕਦੇ ਰਹਿੰਦੇ ਹਨ। ਅਜਿਹੇ ਬੰਦਿਆਂ ਦੇ ਮੂੰਹੋਂ ਜਦੋਂ ਭੀ ਨਿਕਲਦੇ ਹਨ, ਮੰਦੇ ਬੋਲ ਹੀ ਨਿਕਲਦੇ ਹਨ। ਮਨੁੱਖਾ ਜਨਮ ਦੇ ਅਸਲ ਮਨੋਰਥ ਤੋਂ ਖੁੰਝ ਕੇ ਉਹ ਸਾਰੀ ਉਮਰ ਖ਼ੁਆਰ ਹੀ ਹੁੰਦੇ ਹਨ ਕਿਉਂਕਿ ਮਾਇਆ ਅਨੇਕ ਰੂਪ ਧਾਰ ਕੇ ਸਦਾ ਉਨ੍ਹਾਂ ਨੂੰ ਕੁਰਾਹੇ ਹੀ ਪਾਈ ਰੱਖਦੀ ਹੈ। ਪਰ ਲੁਤਫ਼ ਇਹ ਹੈ ਕਿ ਇਤਨੇ ਦੁਖੀ ਰਹਿ ਕੇ ਭੀ ਮਾਇਆ-ਵੇੜ੍ਹੇ ਜੀਵ ਮਾਇਆ ਦਾ ਮੋਹ ਛੱਡਣ ਨੂੰ ਤਿਆਰ ਨਹੀਂ ਹੁੰਦੇ। ਜਿਨ੍ਹਾਂ ਬੰਦਿਆਂ ਨੇ ਹਰਿ-ਨਾਮ ਦੇ ਥਾਂ ਵਿੱਦਿਆ, ਰਾਜ ਭੁਇੰ ਆਦਿਕ ਨੂੰ ਭੀ ਜ਼ਿੰਦਗੀ ਦਾ ਆਸਰਾ ਪਰਨਾ ਬਣਾ ਰੱਖਿਆ ਹੈ ਉਨ੍ਹਾਂ ਦੀ ਸਾਂਝ ਤੇ ਮਿੱਤਰਤਾ ਭੀ ਇਤਬਾਰਯੋਗ ਨਹੀਂ ਹੁੰਦੀ। ਭਗਤ ਕਬੀਰ ਜੀ ਲਿਖਦੇ ਹਨ:

*ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥*
*ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੨੧॥...*
*ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ॥*
*ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ॥੨੪॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਪਰ ਜਿਸ ਭਾਗਾਂ ਵਾਲੇ ਨੂੰ ਸਤਿਗੁਰੂ ਹਰੀ ਦੇ ਚਰਨ ਫੜਾਂਦਾ ਹੈ, ਪਰਮਾਤਮਾ ਦੀ ਯਾਦ ਵਿਚ ਜੋੜਦਾ ਹੈ, ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ, ਅਪਣੱਤ ਦੂਰ ਹੋ ਜਾਂਦੀ ਹੈ।

ਫਿਰ ਸੁਖ ਆਵੇ ਚਾਹੇ ਦੁਖ, ਉਸ ਨੂੰ ਪ੍ਰਭੂ ਦੀ ਰਜ਼ਾ ਪਿਆਰੀ ਲੱਗਦੀ ਹੈ, ਉਸ ਦਾ ਮਨ ਸਦਾ ਅਡੋਲ ਰਹਿੰਦਾ ਹੈ, ਹਰੇਕ ਜੀਵ ਵਿਚ ਉਸ ਨੂੰ ਪਰਮਾਤਮਾ ਵਸਦਾ ਦਿੱਸਦਾ ਹੈ, ਕਿਤੇ ਭੀ ਉਸ ਨੂੰ ਕੋਈ ਦੂਤੀ ਵੈਰੀ ਨਹੀਂ ਜਾਪਦਾ, ਭਰਾਵਾਂ ਵਾਂਗ ਉਹ ਸਭ ਦੇ ਗਲ਼ ਮਿਲਦਾ ਹੈ। ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ:

*ਤਨ ਕੇ ਛੁਟਕੀ ਅਪਨੀ ਧਾਰੀ॥ ਪ੍ਰਭ ਕੀ ਆਗਿਆ ਲਗੀ ਪਿਆਰੀ॥*
*ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ॥ ਤਾ ਇਹੁ ਅਚਰਜੁ ਨੈਨਹੁ ਡੀਠਾ॥੧॥*
*ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ॥*
*ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ ਗੁਰਿ ਪੂਰੈ ਲੀਓ ਸਮਝਾਇ॥੧॥ ਰਹਾਉ॥*
*ਕਰਿ ਕਿਰਪਾ ਰਾਖਿਓ ਗੁਰਿ ਸਰਨਾ॥ ਗੁਰਿ ਪਕਰਾਏ ਹਰਿ ਕੇ ਚਰਨਾ॥*
*ਬੀਸ ਬਿਸੁਏ ਜਾ ਮਨ ਠਹਰਾਨੇ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ॥੨॥*
*ਜੋ ਜੋ ਕੀਨੋ ਹਮ ਤਿਸ ਕੇ ਦਾਸ॥ ਪ੍ਰਭ ਮੇਰੇ ਕੋ ਸਗਲ ਨਿਵਾਸ॥*
*ਨਾ ਕੋ ਦੂਤੁ ਨਹੀ ਬੈਰਾਈ॥ ਗਲਿ ਮਿਲਿ ਚਾਲੇ ਏਕੈ ਭਾਈ॥੩॥*

*ਜਾ ਕਉ ਗੁਰਿ ਹਰਿ ਦੀਏ ਸੂਖਾ॥ ਤਾ ਕਉ ਬਹੁਰਿ ਨ ਲਾਗਹਿ ਦੂਖਾ॥*
*ਆਪੇ ਆਪਿ ਸਰਬ ਪ੍ਰਤਿਪਾਲ॥ ਨਾਨਕ ਰਾਤਉ ਰੰਗਿ ਗੋਪਾਲ॥੪॥੫॥੧੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੨)*

■

---

ਕਵਿਤਾ:

# ਹੋਲਾ ਮਹੱਲਾ

*-ਸ. ਮਾਨ ਸਿੰਘ ਲਾਂਬਾ ਮਸਕੀਨ**

ਸੰਮਤ ਸਤਾਰਾਂ ਸੈ ਸਤਵੰਜਾ ਦੀ ਹੌਲੀ ਆਈ
ਲਾਲ ਤੇ ਗੁਲਾਲ ਰੰਗ ਦੁਨੀਆ ਉਡਾਇਆ ਏ।
ਪੀਆ ਦੇ ਪਿਆਰ ਸੰਗ, ਸਖੀਆਂ ਨੂੰ ਭਰ ਭਰ
ਕੇਵੜਾ ਗੁਲਾਬ ਤੇ ਗੁਲਾਲ ਛਿੜਕਾਇਆ ਏ।

ਥਾਈਂ ਥਾਈਂ ਢੋਲ ਵੱਜੇ, ਜਗ੍ਹਾ ਜਗ੍ਹਾ ਨਾਚ ਹੋਏ
ਸਿਰ ਪੈਰਾਂ ਤਕ ਕਈ ਰੰਗਾਂ 'ਚ ਰੰਗਾਇਆ ਏ।
ਕਈਆਂ ਨੇ ਮਲ ਕੇ ਸਿਹਾਈ ਕਾਲੇ ਮੂੰਹ ਕੀਤੇ
ਚੰਗੇ ਭਲੇ ਆਦਮੀ ਤੋਂ ਬਾਂਦਰ ਬਣਾਇਆ ਏ।

ਦੁਨੀਆ ਇਹ ਹੋਲੀ ਖੇਡੀ, ਖਾਲਸੇ ਨੂੰ ਹੋਲਾ ਖੇਡ
ਸਾਰੇ ਸੰਸਾਰ ਤਾਈਂ ਸਬਕ ਸਿਖਾਇਆ ਏ।
ਗੋਲ਼ੀਆਂ ਦੀ ਮਾਰ ਵਿਚ, ਤੋਪਾਂ ਦੀ ਚਿੰਘਾੜ ਵਿਚ
ਦੋ-ਦੋ ਹਿੱਸੇ ਹੋ ਕੇ ਖੂਬ ਖੰਡਾ ਖੜਕਾਇਆ ਏ।

ਕਾਇਰਤਾ ਨੂੰ ਛੱਡ ਕਰ, ਗੱਜਣਾ ਮੈਦਾਨ ਵਿਚ
ਭੱਜਣਾ ਨਾ ਜੰਗ ਵਿੱਚੋਂ, ਕਰਕੇ ਵਿਖਾਇਆ ਏ।
ਮਰ ਜਾਣਾ ਚੰਗਾ 'ਮਸਕੀਨ ਦੇਸ਼ ਕੌਮ ਲਈ
ਗੁਰੂ ਜੀ ਗੋਬਿੰਦ ਸਿੰਘ ਹੋਲਾ ਇਉਂ ਮਨਾਇਆ ਏ।

■

---

*ਗੁਰਪੁਰਵਾਸੀ*

# ਲੰਗਰ ਸੰਸਥਾ: ਨਿਕਾਸ ਤੇ ਵਿਕਾਸ

*-ਡਾ. ਬਲਵੰਤ ਸਿੰਘ**

ਸਿੱਖ ਪੰਥ ਦੇ ਵਿਕਾਸ ਤੇ ਸੰਗਠਨ ਵਿਚ ਜਿਨ੍ਹਾਂ ਸੰਸਥਾਵਾਂ ਨੇ ਬੁਨਿਆਦੀ ਭੂਮਿਕਾ ਨਿਭਾਈ ਹੈ, ਉਨ੍ਹਾਂ ਵਿਚ ਲੰਗਰ ਇਕ ਪ੍ਰਮੁੱਖ ਸੰਸਥਾ ਹੈ। ਸਿੱਖ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਪ੍ਰਗਟਾਉਣ ਤੇ ਸਿੱਖ ਸੱਭਿਆਚਾਰ ਨੂੰ ਵਿਸ਼ਵ ਪੱਧਰ ਉੱਤੇ ਪ੍ਰਸਾਰਨ ਵਿਚ ਇਸ ਸੰਸਥਾ ਦਾ ਯੋਗਦਾਨ ਕਦਾਚਿੱਤ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਵੇਂ ਲੰਗਰ ਸੰਸਥਾ ਦੀ ਸਿੱਖ ਇਤਿਹਾਸ ਵਿਚ ਬਾਕਾਇਦਾ ਸ਼ੁਰੂਆਤ ਬਾਰੇ ਸਮਕਾਲੀ ਗਵਾਹੀਆਂ ਦੀ ਅਣਹੋਂਦ ਹੈ ਪਰ ਇਸ ਦੀ ਉਤਪਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਖੋਜੀ ਜਾ ਸਕਦੀ ਹੈ। ਜਨਮਸਾਖੀ ਪਰੰਪਰਾ ਵਿਚ ਅਨੇਕਾਂ ਹਵਾਲੇ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਉਨ੍ਹਾਂ ਦੀ ਸ਼ਖ਼ਸੀਅਤ ਤੇ ਸਿੱਖਿਆ ਤੋਂ ਪ੍ਰਭਾਵਿਤ ਹੋਏ ਵਿਅਕਤੀਆਂ ਨਾਲ ਸਥਾਪਿਤ ਹੋਏ ਗੁਰੂ-ਸਿੱਖ ਦੇ ਰਿਸ਼ਤੇ ਦੀ ਸ਼ਾਹਦੀ ਭਰਦੇ ਹਨ। ਗੁਰੂ ਸਾਹਿਬ ਨੇ ਅਜਿਹੇ ਸਿੱਖਾਂ ਨੂੰ ਸੰਗਤਾਂ ਵਿਚ ਗਠਿਤ ਕਰ ਕੇ ਧਰਮਸਾਲਾਵਾਂ ਸਥਾਪਿਤ ਕਰਨ ਦੀ ਪ੍ਰੇਰਨਾ ਤੋਂ ਇਲਾਵਾ ਨਾਮ-ਦਾਨ ਤੇ ਇਸ਼ਨਾਨ ਦੀ ਸਿੱਖਿਆ ਵੀ ਦ੍ਰਿੜ੍ਹ ਕਰਵਾਈ। ਦੇਸ-ਪ੍ਰਦੇਸ ਦੀਆਂ ਉਦਾਸੀਆਂ ਉਪਰੰਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦਰਿਆ ਰਾਵੀ ਕਿਨਾਰੇ ਕਰਤਾਰਪੁਰ ਸਾਹਿਬ ਵਿਚ ਇਕ ਧਾਰਮਿਕ ਕੇਂਦਰ ਦੀ ਸਥਾਪਨਾ ਕੀਤੀ ਜੋ ਧਰਮਸਾਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇੱਥੇ ਉਨ੍ਹਾਂ ਨੇ ਆਪਣੇ ਗਿਰਦ ਇਕੱਠੇ ਹੋਏ ਸਿੱਖਾਂ ਨੂੰ ਧਰਮ ਦੇ ਬੁਨਿਆਦੀ ਅਸੂਲਾਂ ਦਾ ਸਬਕ ਸਿਖਾਇਆ ਤੇ ਆਪਣੇ ਮਿਸ਼ਨ ਨੂੰ ਸੰਸਥਾਗਤ ਆਧਾਰ ਪ੍ਰਦਾਨ ਕਰਨ ਲਈ ਗੁਰੂ, ਸੰਗਤ, ਧਰਮਸਾਲ, ਲੰਗਰ, ਆਦਿ ਸੰਸਥਾਵਾਂ ਨੂੰ ਹੋਂਦ ਵਿਚ ਲਿਆਂਦਾ। ਸਿੱਖ ਸ੍ਰੋਤ ਇਸ ਬਾਰੇ ਸਹਿਮਤ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਸਾਹਿਬ ਵਿਚ ਰਹਿਣ ਵਾਲੇ ਸਿੱਖ ਤੇ ਉਨ੍ਹਾਂ ਨੂੰ ਮਿਲਣ ਵਾਲੇ ਜਗਿਆਸੂ ਧਰਮਸਾਲ ਵਿਚ ਸਮੂਹਿਕ ਉਪਾਸਨਾ ਕਰਨ ਤੋਂ ਇਲਾਵਾ ਸਾਂਝੇ ਤੌਰ 'ਤੇ ਇੱਕੋ ਲੰਗਰ ਵਿੱਚੋਂ ਭੋਜਨ ਛਕਦੇ ਸਨ। ਆਦਿ ਸਾਖੀਆਂ ਵਿਚ ਇਸ ਸਬੰਧੀ ਉਲੇਖ ਹੈ ਕਿ:

> *"ਜਬ ਰਸੋਈ ਹੋਵੈ ਤਾ ਰਸੋਈਆ ਆਇ ਖੜਾ ਹੋਵੈ॥ ਰਸੋਈਆ ਚੁਪ ਕਰਿ ਕੈ ਜਾਇ ਖੜਾ ਹੋਵੈ॥ ਜਬ ਬਾਬਾ ਨਦਰਿ ਕਰਿ ਵੇਖੈ ਤਾ ਆਖੈ ਪੁਰਖਾ ਰਸੋਈ ਹੋਈ ਹੈ॥ ਤਾ ਰਸੋਈਆ ਕਹੈ ਪਿਛੋ ਦੀ ਜੀਓ ਪਾਤਿਸਾਹੁ ਹੋਈ ਹੈ॥ ਤਾ*

** ਸਾਬਕਾ ਡਾਇਰੈਕਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ. ੯੯੫੫੦-੫੭੬੨੪*

*ਬਾਬਾ ਰਸੋਈ ਵਿਚ ਬਹਿ ਕਰਿ ਆਗਿਆ ਕਰੈ ਜਾਹਿ ਬਚਾ ਜੇਵਹੁ॥ ਸਿਆਲ ਹੋਇ ਤਾ ਖਿਚੜੀ ਰੋਟੀ॥ ਜੇ ਉਨਾਲ ਹੋਇ ਤਾ ਦਾਲ ਰੋਟੀ॥ ਜਿਤਨਾ ਆਹਾਰ ਕਿਸੈ ਦਾ ਹੋਵੈ ਸੋ ਲੈ ਉਠੈ॥... ਦੁਇ ਵਖਤ ਸਿਖਾ ਕੋ ਰਸੋਈ ਹੁੰਦੀ॥ ਜੇਹੀ ਜਿਨਸ ਦਾ ਕੋਈ ਸੰਸਾਰੀ ਸਿਖ ਆਵੈ ਤੇਹਾ ਜੇਹਾ ਪਰਸਾਦੁ ਮਿਲਦਾ॥ ਸਗਉਤੀ ਭੀ ਪਉਦੀ॥ ਲੋਕ ਬਹੁਤੁ ਝੁਬ ਪਇਆ॥"*

ਉਪਰੋਕਤ ਹਵਾਲੇ ਤੋਂ ੧੯ਵੀਂ ਸਦੀ ਦੇ ਅਖੀਰ ਵਿਚ ਲੰਗਰ ਸੰਸਥਾ ਦੇ ਸਰੂਪ ਦੀ ਜੋ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਅਨੁਸਾਰ ਸਿੱਖ ਧਰਮ ਵਿਚ ਲੰਗਰ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸੰਗਤ ਤੇ ਧਰਮਸਾਲ ਦੀਆਂ ਸੰਸਥਾਵਾਂ ਦੇ ਨਾਲ ਹੀ ਪ੍ਰਚਲਿਤ ਹੋ ਗਈ ਸੀ। ਸਮਕਾਲੀ ਸਿੱਖ ਸ੍ਰੋਤਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪਰੰਪਰਾ ਨੂੰ ਜਾਰੀ ਹੀ ਨਹੀਂ ਰੱਖਿਆ ਸਗੋਂ ਹੋਰ ਪ੍ਰਫੁਲਿਤ ਕੀਤਾ। ਖਡੂਰ ਸਾਹਿਬ ਵਿਚ ਲੰਗਰ ਦਾ ਪ੍ਰਬੰਧ ਗੁਰੂ ਸਾਹਿਬ ਦੀ ਸੁਪਤਨੀ ਮਾਤਾ ਖੀਵੀ ਜੀ ਦੇ ਅਧੀਨ ਸੀ।

ਸਮਕਾਲੀ ਸ੍ਰੋਤਾਂ ਅਨੁਸਾਰ ਖਡੂਰ ਸਾਹਿਬ ਵਿਚ ਸਥਾਪਿਤ ਹੋਏ ਸਿੱਖ ਕੇਂਦਰ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਗੁਰੂ ਦਰਬਾਰ ਵਿਚ ਦਰਸ਼ਨਾਂ ਲਈ ਆਉਂਦੀਆਂ ਸਨ। ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਅਜਿਹੀ ਵਿਵਸਥਾ ਕੀਤੀ ਹੋਈ ਸੀ ਕਿ ਕਿਸੇ ਕਿਸਮ ਦੀ ਕੋਈ ਥੁੜ੍ਹ ਨਹੀਂ ਸੀ ਆਉਂਦੀ ਬਲਕਿ ਲੰਗਰ ਦੀ ਦਾਤ ਹਰੇਕ ਨੂੰ ਚੋਖੀ ਮਾਤਰਾ ਵਿਚ ਵਰਤਾਈ ਜਾਂਦੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਗੁਰਿਆਈ ਕਾਲ ਵਿਚ ਕੁਝ ਅਜਿਹੇ ਫੈਸਲੇ ਲਏ ਜਿਸ ਨਾਲ ਲੰਗਰ ਸਿੱਖ ਧਰਮ ਦੀ ਇਕ ਲਾਜ਼ਮੀ ਤੇ ਅਨਿੱਖੜ੍ਹ ਸੰਸਥਾ ਦਾ ਰੂਪ ਧਾਰ ਗਿਆ। ਛੂਆ-ਛਾਤ, ਸੁੱਚ-ਭਿੱਟ ਤੇ ਜਾਤੀ ਪ੍ਰਥਾ ਨਾਲ ਜੁੜੇ ਵਹਿਮਾਂ-ਭਰਮਾਂ ਨੂੰ ਤੋੜਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦਾ ਨਿਯਮ ਕਾਇਮ ਕੀਤਾ। ਫਲਸਰੂਪ ਉਨ੍ਹਾਂ ਦੇ ਦਰਸ਼ਨ-ਅਭਿਲਾਖੀਆਂ ਨੂੰ ਪਹਿਲੇ ਲੰਗਰ ਭਾਵ ਪੰਗਤ ਵਿਚ ਬੈਠ ਕੇ ਪਰਸ਼ਾਦ ਛਕਣਾ ਲਾਜ਼ਮੀ ਸੀ। ਧਾਰਮਿਕ ਵਰਗ ਨਾਲ ਸੰਬੰਧਿਤ ਸੰਨਿਆਸੀਆਂ, ਵੈਸ਼ਨਵਾਂ ਜਾਂ ਬ੍ਰਾਹਮਣਾਂ ਨੂੰ ਵੀ ਇਸ ਤੋਂ ਛੋਟ ਨਹੀਂ ਸੀ। ਸਿੱਖ ਪਰੰਪਰਾ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨਾਲ ਭੇਂਟ-ਵਾਰਤਾ ਲਈ ਜਦ ਬਾਦਸ਼ਾਹ ਅਕਬਰ ਗੋਇੰਦਵਾਲ ਸਾਹਿਬ ਆਇਆ ਤਾਂ ਉਸ ਨੇ ਵੀ ਲੰਗਰ ਵਿੱਚੋਂ ਪਰਸ਼ਾਦ ਛਕਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਪੰਥ ਦੇ ਆਧਾਰ ਨੂੰ ਫੈਲਾਉਣ ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਮੰਜੀ ਸੰਸਥਾ ਹੋਂਦ ਵਿਚ ਲਿਆਂਦੀ। ਸੁਭਾਵਿਕ ਹੈ ਕਿ ਮੰਜੀਦਾਰਾਂ ਨੇ ਆਪੋ-ਆਪਣੇ ਇਲਾਕਿਆਂ ਵਿਚ ਧਰਮਸਾਲਾਵਾਂ ਸਥਾਪਿਤ ਕਰਕੇ ਉਨ੍ਹਾਂ ਵਿਚ ਲੰਗਰ ਦੀ ਵਿਵਸਥਾ ਕੀਤੀ ਹੋਵੇਗੀ। 'ਸਿੱਖਾਂ ਦੀ ਭਗਤਮਾਲ' ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਮੋਹਰੀ ਸਿੱਖਾਂ ਨੂੰ ਵੰਡ-ਛਕਣ ਭਾਵ

ਗਰੀਬ ਸਿੱਖਾਂ ਵਿਚ ਲੰਗਰ ਵਰਤਾਉਣ ਦੀ ਹਦਾਇਤ ਕੀਤੀ ਹੋਈ ਸੀ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਲੰਗਰ ਦੇ ਸਿਧਾਂਤਕ ਆਧਾਰ 'ਤੇ ਇਸ ਨਾਲ ਜੁੜੀ ਭਾਵਨਾ ਨੂੰ ਬੜੇ ਵਿਸ਼ਾਲ ਅਰਥ ਪ੍ਰਦਾਨ ਕੀਤੇ। ਉਨ੍ਹਾਂ ਦੀਆਂ ਨਜ਼ਰਾਂ ਵਿਚ ਘਰ, ਮੰਦਰ, ਮਹਿਲ ਤੇ ਸਰਾਵਾਂ ਤਾਂ ਹੀ ਪਵਿੱਤਰ ਹੁੰਦੇ ਹਨ ਜੇਕਰ ਉੱਥੇ ਸਿੱਖ, ਸੇਵਕ ਤੇ ਅਭਿਆਗਤਾਂ ਨੂੰ ਵਰੋਸਾਇਆ ਜਾਵੇ। ਉਨ੍ਹਾਂ ਨੂੰ ਰੱਬੀ ਸਰਬ-ਵਿਆਪਕਤਾ ਲੰਗਰ ਦੀਆਂ ਸੇਵਾਵਾਂ ਵਿੱਚੋਂ ਦ੍ਰਿਸ਼ਟਮਾਨ ਹੁੰਦੀ ਸੀ। ਇਸ ਪ੍ਰਥਾਇ ਗੁਰੂ ਸਾਹਿਬ ਫੁਰਮਾਉਂਦੇ ਹਨ:

*ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥*
*ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ॥*
*ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥*
*ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੦)*

ਉਪਰੋਕਤ ਗਵਾਹੀ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਲੰਗਰ ਸੰਸਥਾ ਨਾਲ ਜੁੜੀਆਂ ਸੇਵਾਵਾਂ ਨੂੰ ਅਧਿਆਤਮਿਕ ਪ੍ਰਗਤੀ ਦੇ ਸਾਧਨ ਵਜੋਂ ਮਾਨਤਾ ਪ੍ਰਾਪਤ ਹੋ ਗਈ ਸੀ।

'ਦਬਿਸਤਾਨ-ਏ-ਮਜ਼ਾਹਿਬ' ਦੇ ਲੇਖਕ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਪੰਥ ਦਾ ਵਿਸਥਾਰ ਇੰਨਾ ਜ਼ਿਆਦਾ ਹੋ ਗਿਆ ਸੀ ਕਿ ਭਾਰਤ ਦੇ ਹਰ ਸ਼ਹਿਰ ਵਿਚ ਕੁਝ ਨਾ ਕੁਝ ਸਿੱਖ ਮੌਜੂਦ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਪੰਥ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਦਾਨ ਦੀ ਰਸਮ ਨੂੰ ਦਸਵੰਧ ਵਿਚ ਤਬਦੀਲ ਕਰ ਕੇ ਇਸ ਦੀ ਉਗਰਾਹੀ ਲਈ ਵੱਖੋ-ਵੱਖਰਿਆਂ ਇਲਾਕਿਆਂ ਵਿਚ ਮਸੰਦਾਂ ਦੀ ਨਿਯੁਕਤੀ ਕੀਤੀ। ਮਸੰਦ ਆਪੋ-ਆਪਣੇ ਇਲਾਕਿਆਂ ਵਿਚ ਗੁਰੂ ਦੇ ਨੁਮਾਇੰਦੇ ਵਜੋਂ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਿੱਖ ਸੰਗਤ ਤੋਂ ਦਸਵੰਧ ਤੇ ਕਾਰ-ਭੇਟ ਵੀ ਇਕੱਤਰ ਕਰਦੇ ਸਨ। ਇਸ ਤਰ੍ਹਾਂ ਪ੍ਰਾਪਤ ਹੋਏ ਧਨ ਨਾਲ ਆਪਣੇ ਅਧੀਨ ਧਰਮਸਾਲਾਵਾਂ ਵਿਚ ਲੰਗਰ ਚਲਾਉਂਦੇ ਸਨ। ਸਿੱਖ ਸ੍ਰੋਤਾਂ ਵਿਚ ਪ੍ਰਾਪਤ ਹਵਾਲਿਆਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਬਹੋੜੇ, ਭਾਈ ਬਹਿਲੋ, ਭਾਈ ਮੰਝ ਆਦਿ ਸਿੱਖਾਂ ਦੀ ਭਗਤੀ ਭਾਵਨਾ ਤੇ ਸੇਵਾ ਦੀ ਲਗਨ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਆਪਣੇ ਮੁਕਾਮੀ ਸਥਾਨਾਂ 'ਤੇ ਵਾਪਸ ਜਾਣ 'ਤੇ ਗੁਰੂ ਨਮਿਤ ਲੰਗਰ ਚਲਾਉਣ ਦੇ ਆਦੇਸ਼ ਦਿੱਤੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਧਰਮ ਪ੍ਰਚਾਰ ਕਾਰਨ ਸਿੱਖ ਧਰਮ ਪੰਜਾਬ ਤੋਂ ਬਾਹਰ ਉੱਤਰ-ਪੱਛਮੀ ਭਾਰਤ, ਕਸ਼ਮੀਰ, ਦੱਖਣੀ ਤੇ ਪੂਰਬੀ ਭਾਰਤ ਵਿਚ ਫੈਲ ਚੁੱਕਾ ਸੀ। ਪੰਜਾਬ ਵਿੱਚੋਂ ਗੁਜ਼ਰਨ ਵਾਲੀ ਜਰਨੈਲੀ ਸੜਕ ਤੋਂ ਇਲਾਵਾ ਭਾਰਤ ਦੇ ਵੱਖੋ-ਵੱਖਰੇ ਪ੍ਰਾਂਤਾਂ ਨੂੰ ਜੋੜਨ ਵਾਲੇ ਵਪਾਰਕ ਰਸਤਿਆਂ ਉੱਪਰ ਸਥਿਤ ਪ੍ਰਮੁੱਖ ਕੇਂਦਰਾਂ

ਉੱਤੇ ਸਿੱਖ ਧਰਮਸਾਲਾਵਾਂ ਹੋਂਦ ਵਿਚ ਆ ਚੁੱਕੀਆਂ ਸਨ। 'ਹਕੀਕਤ ਰਾਹ ਮੁਕਾਮ' ਵਿਚ ਅੰਕਿਤ ਜਾਣਕਾਰੀ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਧਰਮਸਾਲਾਵਾਂ ਵਿਚ ਲੰਗਰ ਦੀ ਵਿਵਸਥਾ ਸੀ। ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਇਸ ਵਿਚ ਆਦਿ ਗ੍ਰੰਥ ਜੀ ਦੇ ਪ੍ਰਕਾਸ਼ ਕਾਰਨ ਸਿੱਖ ਸੰਗਤਾਂ ਵਹੀਰਾਂ ਘੱਤੀ ਆ ਰਹੀਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਤਿਥੀਆਂ ਦੇ ਦਿਨ ਦੇ ਕਿਸੇ ਵੀ ਵੇਲੇ ਸ੍ਰੀ ਅੰਮ੍ਰਿਤਸਰ ਦੇ ਲੰਗਰ ਵਿਚ ਪਧਾਰਨ ਦੀ ਉਡੀਕ ਰਹਿੰਦੀ ਸੀ। ਸਿੱਖਾਂ ਦੀ ਲੰਗਰ ਵਿਚ ਅੰਨ-ਪਾਣੀ ਦੀ ਸੇਵਾ ਨੂੰ ਦੈਵੀ-ਸੇਵਾ ਦੇ ਤੁਲ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਜੀ ਅਨੁਸਾਰ ਚਾਰ-ਚੁਫੇਰੇ ਤੋਂ ਜਿੱਥੇ ਅਣਗਿਣਤ ਸਿੱਖ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਦਰਸ਼ਨ ਲਈ ਪਧਾਰਦੇ ਸਨ ਉੱਥੇ ਗੁਰੂ ਦੇ ਹੁਕਮ ਅਨੁਸਾਰ ਲੰਗਰ ਦੀ ਵੀ ਪੂਰੀ ਵਿਵਸਥਾ ਸੀ।

'ਸਿੱਖਾਂ ਦੀ ਭਗਤਮਾਲ' ਮੁਤਾਬਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿੱਖਾਂ ਨੂੰ ਵੰਡ ਛਕਣ ਦੀ ਹਿਦਾਇਤ ਸੀ। ਉਨ੍ਹਾਂ ਦਾ ਉਪਦੇਸ਼ ਸੀ ਕਿ 'ਜੇ ਕੋਈ ਸਿੱਖ ਪ੍ਰਸਾਦ ਦਾ ਅਰਥੀ ਹੋਵੇ ਤਿਸ ਨੂੰ ਪ੍ਰਸਾਦ ਛਕਾਵਣਾ।' ਉਨ੍ਹਾਂ ਦੇ ਦਰਬਾਰ ਵਿਚ ਕੁਝ ਸਿੱਖ ਲੰਗਰ ਪ੍ਰਤੀ ਸੇਵਾਵਾਂ ਨੂੰ ਸਮਰਪਿਤ ਸਨ। ਗੁਰੂ ਸਾਹਿਬਾਨ ਨੇ ਨਾਨਕਮਤੇ ਨੂੰ ਜੋਗੀਆਂ ਤੋਂ ਅਜ਼ਾਦ ਕਰਵਾ ਕੇ ਉੱਥੇ ਅਲਮਸਤ ਜੀ ਨੂੰ ਲੰਗਰ ਦੀ ਕਾਰ ਲਈ ਨਿਯੁਕਤ ਕੀਤਾ। ਭਾਈ ਗੜ੍ਹੀਏ ਨੇ ਕਸ਼ਮੀਰ ਵਿਚ ਸਿੱਖੀ ਦਾ ਪ੍ਰਚਾਰ ਕਰਨ ਦੇ ਨਾਲ ਜ਼ਰੂਰਤਮੰਦਾਂ ਤੇ ਅਤਿਥੀਆਂ ਲਈ ਲੰਗਰ ਦਾ ਪ੍ਰਬੰਧ ਕਰ ਕੇ ਗੁਰੂ ਸਾਹਿਬ ਤੋਂ ਬਖ਼ਸ਼ਿਸ਼ ਤੇ ਵਡਿਆਈ ਪਾਈ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਰੂਪ ਚੰਦ ਨੂੰ ਗੁਰੂ ਨਮਿਤ ਲੰਗਰ ਚਲਾਉਣ ਦਾ ਆਦੇਸ਼ ਕੀਤਾ। ਬੀਬੀ ਵੀਰੋ ਜੀ ਦੇ ਵਿਆਹ ਲਈ ਤਿਆਰ ਕੀਤੀ ਮਠਿਆਈ ਨੂੰ ਕਾਬੁਲ ਦੀ ਸੰਗਤ ਵਿਚ ਲੰਗਰ ਵਜੋਂ ਵਰਤਾ ਦੇਣ ਦੀ ਘਟਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਗਤ ਪ੍ਰਤੀ ਪ੍ਰੇਮ ਤੇ ਲੰਗਰ ਸੰਸਥਾ ਦੇ ਸੁਚਾਰੂ ਪ੍ਰਬੰਧ ਵਿਚ ਰੁਚੀ ਨੂੰ ਪ੍ਰਗਟ ਕਰਦੀ ਹੈ।

ਸਿੱਖ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਹਰਿਰਾਇ ਜੀ ਨੇ ਲੰਗਰ ਦੀ ਸੰਸਥਾ ਦੇ ਵਿਕਾਸ ਲਈ ਕਾਫੀ ਦਿਲਚਸਪੀ ਲਈ। ਉਨ੍ਹਾਂ ਦਾ ਉਪਦੇਸ਼ ਸੀ ਕਿ ਜੇਕਰ ਕੋਈ ਗੁਰਸਿੱਖ ਸੇਵਾ ਦੀ ਉਮੰਗ ਰੱਖਦਾ ਹੈ ਤਾਂ ਉਹ ਆਪਣੇ ਘਰ ਗੁਰੂ ਨਮਿਤ ਲੰਗਰ ਲਾਵੇ ਜਿਸ ਵਿਚ ਸਿੱਖਾਂ ਤੇ ਜ਼ਰੂਰਤਮੰਦਾਂ ਨੂੰ ਪ੍ਰੇਮ ਸਹਿਤ ਪਰਸ਼ਾਦ ਵਰਤਾਇਆ ਜਾਵੇ। ਉਹ ਸਮਝਦੇ ਸਨ ਕਿ ਲੰਗਰ ਚਲਾਉਣਾ ਸਭ ਤੋਂ ਵਧੇਰੇ ਕਲਿਆਣਕਾਰੀ ਕਾਰਜ ਹੈ। ਉਨ੍ਹਾਂ ਦਾ ਕਾਬੁਲ ਵਿਚ ਨਿਯੁਕਤ ਮਸੰਦ ਭਾਈ ਗੋਇੰਦਾ ਕਾਰ-ਭੇਟ ਰਾਹੀਂ ਚਲਾਏ ਜਾ ਰਹੇ ਲੰਗਰ ਲਈ ਬੜਾ ਪ੍ਰਸਿੱਧ ਸੀ। ਭਾਈ ਭਗਤੂ ਜਿਸ ਨੇ ਮਾਲਵੇ ਵਿਚ ਸਿੱਖੀ ਦੇ ਪ੍ਰਚਾਰ ਲਈ ਬੜੀ ਉੱਤਮ ਭੂਮਿਕਾ ਨਿਭਾਈ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਲੰਗਰ ਲਈ ਦੁੱਧ ਤੇ ਦਹੀਂ ਦੀ ਸੇਵਾ ਬੜੇ ਚਾਉ ਨਾਲ ਕਰਦਾ ਸੀ। ਗੁਰੂ ਸਾਹਿਬ

ਨੇ ਉਸ ਉੱਪਰ ਬਖ਼ਸ਼ਿਸ਼ ਕਰਦਿਆਂ ਹੁਕਮ ਕੀਤਾ ਕਿ ਉਹ ਆਪਣੇ ਘਰ ਵਿਚ ਗੁਰੂ ਨਮਿਤ ਲੰਗਰ ਸਥਾਪਿਤ ਕਰ ਕੇ ਬਿਨਾਂ ਕਿਸੇ ਅਹੰਭਾਵ ਦੇ ਸਿੱਖਾਂ ਤੇ ਅਤਿਥੀਆਂ ਨੂੰ ਗੁਰੂ ਰੂਪ ਜਾਣੇ ਅਤੇ ਸਾਰੀ ਉਮਰ ਸੇਵਾ ਕਰਦਾ ਰਹੇ। ਭਾਈ ਸਰੂਪ ਦਾਸ ਭੱਲਾ ਦੇ ਕਥਨ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪ੍ਰੇਰਨਾ ਨਾਲ ਸਿੱਖ ਸੰਗਤ ਨੇ ਨਗਰ-ਨਗਰ ਵਿਚ ਲੰਗਰ ਸਥਾਪਿਤ ਕਰ ਦਿੱਤੇ ਜਿੱਥੇ ਸਿੱਖਾਂ ਤੇ ਅਤਿਥੀਆਂ ਦੀ ਸੇਵਾ ਨਾਲ ਗੁਰੂ ਮਹਿਮਾ ਹੋਰ ਫੈਲ ਗਈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਿਆਈ ਕਾਲ ਵਿਚ ਬਾਬਾ ਬਕਾਲਾ ਵਿਖੇ ਭਾਈ ਗੜ੍ਹੀਆ ਜੀ ਲੰਗਰ ਦੀ ਸੇਵਾ ਸੰਭਾਲ ਰੱਖਦੇ ਸੀ। ਗੁਰੂ ਸਾਹਿਬ ਦੇ ਮਾਲਵਾ ਦੇਸ਼ ਰਟਨ ਸਮੇਂ ਭਾਈ ਮੀਹਾਂ ਜੀ ਨੇ ਲੰਗਰ ਲਈ ਪਾਣੀ ਦੀ ਸੇਵਾ ਬੜੀ ਜੀਅ-ਜਾਨ ਨਾਲ ਨਿਭਾਈ। ਗੁਰੂ ਸਾਹਿਬਾਨ ਨੇ ਉਸ ਨੂੰ ਨਗਾਰਾ-ਝੰਡਾ ਤੋਂ ਇਲਾਵਾ ਲੰਗਰ ਲਈ ਲੋਹ ਵੀ ਬਖ਼ਸ਼ਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪੂਰਬੀ-ਭਾਰਤ ਦੀ ਯਾਤਰਾ ਸੰਬੰਧੀ ਆਏ ਹਵਾਲਿਆਂ ਤੋਂ ਪ੍ਰਤੀਤ ਹੁੰਦਾ ਹੈ ਕਿ ਉੱਧਰ ਦੀਆਂ ਸਿੱਖ-ਸੰਗਤਾਂ ਵਿਚ ਲੰਗਰ ਲਈ ਬੜਾ ਉਤਸ਼ਾਹ ਸੀ। ਪਟਨਾ ਨਿਵਾਸੀ ਭਾਈ ਜੈਤਾ ਸੇਠ ਸਿੱਖਾਂ ਦੀ ਮਹਿਮਾਨ ਨਿਵਾਜੀ ਤੇ ਸੇਵਾ-ਸੰਭਾਲ ਲਈ ਬੜਾ ਪ੍ਰਸਿੱਧ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਕਾਲ ਵਿਚ ਸ੍ਰੀ ਅਨੰਦਪੁਰ ਸਾਹਿਬ ਸਿੱਖ ਸੰਗਤ ਲਈ ਖਿੱਚ ਦਾ ਕੇਂਦਰ ਬਣ ਗਿਆ ਸੀ। ਦੂਰੋਂ-ਨੇੜਿਓਂ ਗੁਰੂ ਦਰਸ਼ਨ ਲਈ ਆਈ ਸਿੱਖ ਸੰਗਤ ਦੀ ਸਹੂਲਤ ਲਈ ਉਸ ਵੇਲੇ ਅਨੰਦਪੁਰ ਸਾਹਿਬ ਵਿਚ ਇਕ ਤੋਂ ਵਧੇਰੇ ਲੰਗਰ ਚਲਾਏ ਜਾ ਰਹੇ ਸਨ। ਇਨ੍ਹਾਂ ਦੀ ਦੇਖ-ਭਾਲ ਤੇ ਸੁਚੱਜੇ ਪ੍ਰਬੰਧ ਵਿਚ ਗੁਰੂ ਸਾਹਿਬ ਖੁਦ ਦਿਲਚਸਪੀ ਲੈਂਦੇ ਸਨ। ਗੁਰੂ ਸਾਹਿਬ ਤੋਂ ਇਕ ਵਾਰ ਉਨ੍ਹਾਂ ਦੀ ਮਾਤਾ ਨੇ ਭੋਗ-ਮੋਖ ਦੀ ਜਾਚ ਪੁੱਛੀ ਤਾਂ ਆਪ ਜੀ ਦਾ ਉੱਤਰ ਸੀ- 'ਲੰਗਰ ਵਿਚ ਸਿੱਖ ਸੰਗਤਾਂ ਨੂੰ ਪਰਸਾਦਿ ਵਰਤਾਵੋ, ਜਲ ਛਕਾਓ, ਪੱਖਾ ਝੱਲੋ ਤੇ ਥਕੇ-ਹਾਰਿਆਂ ਦੀ ਮੁਠੀ ਚਾਪੀ ਕਰੋ।' ੧ ਵੈਸਾਖ ਸੰਮਤ ੧੭੫੬ (ਵੈਸਾਖੀ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਇੱਕੋ ਬਾਟੇ ਵਿਚ ਤਿਆਰ ਕੀਤੀ ਖੰਡੇ ਦੀ ਪਾਹੁਲ ਨੂੰ ਖਾਲਸੇ ਦੀ ਸਿਰਜਣਾ ਲਈ ਪ੍ਰਯੋਗ ਵਿਚ ਲਿਆਉਣਾ, ਇਕ ਕਿਸਮ ਨਾਲ ਲੰਗਰ ਸੰਸਥਾ ਦੀ ਸਿੱਖ ਪੰਥ ਦੇ ਧਾਰਮਿਕ ਤੇ ਸਮਾਜਿਕ ਇਤਿਹਾਸ ਵਿਚ ਭੂਮਿਕਾ ਨੂੰ ਹੀ ਪ੍ਰਗਟ ਕਰਦਾ ਹੈ।

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਸਿੰਘਾਂ ਨੂੰ ਮੁਗ਼ਲ ਸਰਕਾਰ ਤੇ ਬਾਅਦ ਵਿਚ ਅਫ਼ਗਾਨਾਂ ਨਾਲ ਸੈਨਿਕ ਸੰਘਰਸ਼ ਵਿਚ ਨਿਤਰਨਾ ਪਿਆ ਪਰ ਇਤਿਹਾਸਿਕ ਹਵਾਲਿਆਂ ਤੋਂ ਸਿੱਧ ਹੁੰਦਾ ਹੈ ਕਿ ਲੰਗਰ ਸੰਸਥਾ ਨਿਰਵਿਘਨ ਖਾਲਸੇ ਦੀ ਰਹਿਤ ਮਰਯਾਦਾ ਦਾ ਅੰਗ ਬਣੀ ਰਹੀ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚ ਸਿੱਖਾਂ ਨੂੰ ਲੰਗਰ ਲਈ ਕਾਰ-ਭੇਟ ਲਈ ਪ੍ਰੇਰਨਾਮਈ ਆਦੇਸ਼ ਉਨ੍ਹਾਂ ਦੀ ਇਸ ਸੰਸਥਾ ਨੂੰ ਲਗਾਤਾਰ ਜਾਰੀ ਰੱਖਣ

ਵਿਚ ਰੁਚੀ ਦੀ ਸਪੱਸ਼ਟ ਗਵਾਹੀ ਭਰਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੀ ਖਾਲਸਈ ਮੋਹਰ ਉੱਪਰ 'ਦੇਗੋ-ਤੇਗੋ ਫਤਿਹ ਨੁਸਰਤ ਬੇਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਦੀ ਤਹਿਰੀਰ ਇਹ ਸੁਝਾਉਂਦੀ ਹੈ ਕਿ ਸਿੱਖਾਂ ਵਿਚ ਇਹ ਵਿਚਾਰ ਘਰ ਕਰ ਗਿਆ ਸੀ ਕਿ ਜੇਕਰ ਉਹ ਪੰਥ ਦੀ ਵ੍ਰਿਧੀ ਲੋਚਦੇ ਹਨ ਤਾਂ ਤੇਗ ਰਾਹੀਂ ਵੈਰੀ ਨਾਲ ਸੰਘਰਸ਼ ਤੋਂ ਇਲਾਵਾ ਗ਼ਰੀਬਾਂ ਤੇ ਜ਼ਰੂਰਤਮੰਦਾਂ ਲਈ ਗੁਰੂ ਨਮਿਤ ਦੇਗ, ਭਾਵ ਲੰਗਰ ਦਾ ਪ੍ਰਬੰਧ ਕਰਨਾ ਉਨ੍ਹਾਂ ਦਾ ਧਾਰਮਿਕ ਫਰਜ਼ ਹੈ। ਇਸੇ ਲਈ ਸਿੱਖਾਂ ਵਿਚ ਇਹ ਨਾਅਰਾ ਪ੍ਰਚਲਿਤ ਹੋ ਗਿਆ ਸੀ ਕਿ 'ਵਧੇ ਦੇਗ ਤੇ ਜਾਂ ਤੇਗ ਤੇ' ਰਹਿਤਨਾਮਿਆਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ੧੯ਵੀਂ ਸਦੀ ਦੇ ਸਿੱਖ ਯੋਧੇ 'ਗਰੀਬ ਦੀ ਰਸਨਾ ਨੂੰ ਗੁਰੂ ਦੀ ਗੋਲਕ' ਹੀ ਤਸੱਵਰ ਕਰਦੇ ਸਨ। ਅੰਨ-ਪਾਣੀ ਨੂੰ ਗੁਰੂ ਦੀ ਬਖ਼ਸ਼ਿਸ਼ ਤੇ ਸਿੱਖਾਂ ਦੀ ਟਹਿਲ-ਭਾਵਨਾ ਨੂੰ ਧੰਨ-ਭਾਗ ਸਮਝਿਆ ਜਾਂਦਾ ਸੀ। ੧੯ਵੀਂ ਸਦੀ ਦੇ ਮੱਧ ਵਿਚ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਲੰਗਰ ਸੰਬੰਧੀ ਭਾਈ ਕੇਸਰ ਸਿੰਘ ਛਿੱਬਰ ਨੇ ਜੋ ਅੱਖੀਂ ਵੇਖਿਆ ਬਿਆਨ ਕੀਤਾ ਹੈ, ਬੜਾ ਮਹੱਤਵਪੂਰਨ ਹੈ। ਉਹ ਲਿਖਦਾ ਹੈ:

*-ਸਦਾਬ੍ਰਿਤ ਜੋ ਕੋਈ ਸਾਧ ਸੰਤ ਫਕੀਰ ਪਰਦੇਸੀ ਆਵੈ॥*
*ਸੋ ਸੀਧਾ ਭੋਜਨ ਦਿਨ ਪਹਲੇ ਗੁਰੂ ਕੇ ਘਰੋ ਖਾਵੈ॥*
*ਸੂਰਦਾਸ ਲੰਙਾ ਲੂਲਾ ਬੁਢਾ ਹੀਣਾ ਅਰਥੀ ਸਿਖ ਹੋਵੈ ਕੋਈ॥*
*ਰੋਜ ਠਹਿਰਾਇ ਦਿਤੇ ਲਏ ਦਰਬਾਰੋ ਸੋਈ॥*
*ਹਰੁ ਮਾਈ ਬੁੱਢੀ ਠੇਰੀ ਸਿਖਣੀ ਗੁਰੂ ਕੇ ਘਰ ਦੀ ਜੋ ਹੋਵੇ॥*
*ਸੋਈ ਭੋਜਨ ਮਾਤਰ ਦਰਬਾਰੋ ਲੇਵੈ॥* *(ਬੰਸਾਵਲੀਨਾਮਾ, ਪੰਨਾ ੧੯੪)*
*– ਤ੍ਰੈ ਚਾਰਿ ਮੇਲੇ ਉਪਰਿ ਫਿਰਨਿ ਭੰਡਾਰੇ॥*
*ਆਟਾ ਦਾਲ ਘਿਉ ਗਰੀਬਾ ਨੂੰ ਦੇਵਣਹਾਰੇ॥*
*ਹਥਿ ਜੋੜ ਅਧੀਨ ਹੋਇ ਸੰਗਤਾ ਨੂੰ ਸੀਧਾ ਦੇਵਨ॥*
*ਕਿਰਤੀ ਸਿਖ ਨਹੀ ਲੈਨਿ ਗਰੀਬ ਅਨਾਥ ਸੀਧਾ ਲੇਵਨ॥* *(ਉਹੀ)*

ਉਪਰੋਕਤ ਗਵਾਹੀ ਲੰਗਰ ਸੰਸਥਾ ਦੇ ਉਦੇਸ਼ ਤੇ ਸਿੱਖਾਂ ਦੀ ਇਸ ਪ੍ਰਤੀ ਪ੍ਰਤੀਬੱਧਤਾ ਨੂੰ ਦੁਹਰਾਉਂਦੀ ਹੈ। ਉਸ ਵੇਲੇ ਦੇ ਪੰਥਕ ਜਥੇਦਾਰ ਜਿਵੇਂ, ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਬਾਬਾ ਆਲਾ ਸਿੰਘ, ਆਦਿ ਸਿੱਖਾਂ ਦੀ ਲੰਗਰ ਰਾਹੀਂ ਸੇਵਾ ਨੂੰ ਪਵਿੱਤਰ ਫਰਜ਼ ਸਮਝਦੇ ਸਨ। ਰਾਜ-ਸੱਤਾ ਸਥਾਪਿਤ ਹੋ ਜਾਣ ਉਪਰੰਤ ਸਿੱਖ ਸਰਦਾਰਾਂ ਤੇ ਰਾਜਿਆਂ ਨੇ ਸਿੱਖ ਧਾਰਮਿਕ ਪੁਰਸ਼ਾਂ ਤੇ ਗੁਰੂ-ਚਰਨ ਛੋਹ ਪ੍ਰਾਪਤ ਧਾਰਮਿਕ ਸਥਾਨਾਂ ਨੂੰ ਦਿਲ ਖੋਲ੍ਹ ਕੇ ਧਰਮ-ਅਰਥ ਜਾਗੀਰਾਂ ਲਗਾਈਆਂ ਤਾਂ ਕਿ ਮੇਲਿਆਂ, ਤਿਉਹਾਰਾਂ ਤੇ ਗੁਰਪੁਰਬਾਂ ਸਮੇਂ ਆਉਣ ਵਾਲੀ ਸਿੱਖ ਸੰਗਤ ਲਈ ਲੰਗਰ ਦਾ ਉੱਚਿਤ ਪ੍ਰਬੰਧ ਹੋ ਸਕੇ। ਵੰਡ ਛਕਣ ਤੇ ਦੇਗ ਚਲਾਉਣ ਵਾਲੇ ਗੁਰਸਿੱਖਾਂ

ਦੀ ਘਾਲ-ਕਮਾਈ ਨੂੰ ਸਿੱਖ ਆਪਣੀ ਅਰਦਾਸ ਵਿਚ ਜਿੱਥੇ ਰੋਜ਼ਾਨਾ ਸ਼ਰਧਾਂਜਲੀ ਅਰਪਨ ਕਰਦੇ ਹਨ, ਉੱਥੇ ਲੰਗਰ ਸੰਸਥਾ ਪ੍ਰਤੀ ਪੰਥ ਦੀ ਪ੍ਰਤੀਬੱਧਤਾ ਵੀ ਉਨ੍ਹਾਂ ਦੇ ਹਮੇਸ਼ਾਂ ਸਾਹਮਣੇ ਰਹਿੰਦੀ ਹੈ।

ਸਿੱਖ ਇਤਿਹਾਸ ਵਿਚ ਵਰਣਿਤ ਉਪਰੋਕਤ ਹਵਾਲਿਆਂ ਤੋਂ ਇਹ ਸਪੱਸ਼ਟ ਹੈ ਕਿ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੇ ਸਿੱਖ ਕੇਂਦਰਾਂ ਤੋਂ ਇਲਾਵਾ ਉਨ੍ਹਾਂ ਦੁਆਰਾ ਨਿਯੁਕਤ ਮੰਜੀਦਾਰਾਂ, ਮਸੰਦਾਂ ਤੇ ਉਤਸ਼ਾਹੀ ਸਿੱਖਾਂ ਦੇ ਉੱਦਮ ਨਾਲ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਅਤੇ ਭਾਰਤ ਦੇ ਵਪਾਰਕ ਰਸਤਿਆਂ ਉੱਪਰ ਸਥਿਤ ਵਪਾਰਕ ਕੇਂਦਰਾਂ ਉੱਤੇ ਕਾਇਮ ਹੋਈਆਂ ਧਰਮਸਾਲਾਵਾਂ ਵਿਚ ਲੰਗਰ ਦੀ ਰਵਾਇਤ ਤੇ ਵਿਵਸਥਾ ਸਿੱਖੀ ਧਾਰਮਿਕ ਜੀਵਨ-ਜਾਚ ਦਾ ਹਿੱਸਾ ਬਣ ਚੁੱਕੀ ਸੀ। ਇਕ ਕਿਸਮ ਨਾਲ ਧਰਮਸਾਲਾ ਤੋਂ ਬਗ਼ੈਰ ਸੰਗਤ ਤੇ ਲੰਗਰ ਬਗ਼ੈਰ ਧਰਮਸਾਲ ਦੀ ਕਲਪਨਾ ਕਰਨੀ ਕਠਿਨ ਹੈ। ਸ਼ੁਰੂ ਵਿਚ ਧਰਮਸਾਲ ਸਜ-ਧਜ ਤੇ ਸ਼ਾਨੋ-ਸ਼ੌਕਤ ਦੀ ਬਜਾਇ ਧਾਰਮਿਕ ਕਾਰਜਾਂ ਲਈ ਸਿੱਖ ਸੰਗਤ ਦੇ ਮਿਲ ਬੈਠਣ ਲਈ ਇਕ ਸਧਾਰਨ ਕਮਰੇ ਦੀ ਇਮਾਰਤ ਹੁੰਦੀ ਸੀ। ਪੂਜਾ-ਪਾਠ, ਕੀਰਤਨ ਤੇ ਇਬਾਦਤ ਉਪਰੰਤ ਇਸੇ ਕਮਰੇ ਨੂੰ ਹੀ ਲੰਗਰ-ਹਾਲ ਦੇ ਲਈ ਵਰਤਿਆ ਜਾਂਦਾ ਸੀ। ਜਿਵੇਂ ਜਿਵੇਂ ਸੰਗਤ ਤੇ ਧਰਮਸਾਲ ਦੀਆਂ ਸੰਸਥਾਵਾਂ ਦਾ ਕਾਰਜ-ਖੇਤਰ ਵਧਦਾ ਗਿਆ ਤਿਵੇਂ ਤਿਵੇਂ ਲੰਗਰ ਦੀ ਮਹੱਤਤਾ ਵੀ ਵਧਦੀ ਗਈ। ਫਲਸਰੂਪ ਧਰਮਸਾਲ ਨਾਲ ਲੱਗਦੇ ਕਿਸੇ ਹੋਰ ਕਮਰੇ ਵਿਚ ਲੰਗਰ ਦੀ ਵਿਵਸਥਾ ਹੋਣ ਲੱਗ ਪਈ। ਇਉਂ ਲੰਗਰ ਇਕ ਐਸੀ ਸੰਸਥਾ ਸੀ ਜੋ ਧਰਮਸਾਲ ਦਾ ਇਕ ਜ਼ਰੂਰੀ ਤੇ ਅਨਿੱਖੜ ਅੰਗ ਸੀ। ਲੰਗਰ ਲਈ ਅੰਨ-ਪਾਣੀ, ਖਾਣ-ਪਕਾਉਣ, ਵਰਤਾਉਣ ਆਦਿ ਦੀ ਵਿਵਸਥਾ ਸਿੱਖ-ਸੰਗਤ ਧਰਮਸਾਲ ਦੇ ਅਹਾਤੇ ਵਿਚ ਹੀ ਕਰਦੀ ਸੀ। ਇਸ ਲਈ ਧਰਮਸਾਲ ਦੀ ਤਰ੍ਹਾਂ ਲੰਗਰ ਵੀ ਸਿੱਖਾਂ ਲਈ ਇਕ ਦੈਵੀ ਸੰਸਥਾ ਦਾ ਦਰਜਾ ਰੱਖਦੀ ਸੀ।

ਸਿੱਖ ਧਰਮ ਸਿਧਾਂਤਾਂ ਦੇ ਸਮਾਜੀ ਪ੍ਰਗਟਾਅ ਤੇ ਸਿੱਖ ਪੰਥ ਦੇ ਸੰਗਠਨਾਤਮਿਕ ਢਾਂਚੇ ਨੂੰ ਕਾਰਜ-ਕੁਸ਼ਲ ਬਣਾਉਣ ਲਈ, ਲੰਗਰ ਦੀ ਮਰਯਾਦਾ ਕਾਇਮ ਕਰਨਾ, ਵਿਹਾਰਕ ਜ਼ਰੂਰਤ ਵੀ ਸੀ। ਸਿੱਖ ਧਰਮ ਵਿਚ ਸੰਗਤ ਨੂੰ ਕੇਂਦਰੀ ਮਹੱਤਤਾ ਮਿਲਣ ਨਾਲ ਸਮਾਜ ਵਿਚ ਭਾਈਚਾਰਕ ਤੇ ਸਮੂਹਿਕ ਜੀਵਨ-ਜਾਚ ਦੇ ਨਵੇਂ ਰਿਸ਼ਤਿਆਂ ਲਈ ਰਾਹ ਖੁੱਲ੍ਹ ਗਿਆ ਸੀ। ਸਿੱਖ ਸੰਗਤ ਦੀ ਸ਼ਕਤੀ ਤੇ ਸਮਰੱਥਾ ਨੂੰ ਸਾਕਾਰ ਕਰਨ ਲਈ ਜ਼ਰੂਰੀ ਸੀ ਕਿ ਇਬਾਦਤ ਹੀ ਨਹੀਂ ਬਲਕਿ ਭੋਜਨ ਵੀ ਸਾਂਝੇ ਤੌਰ 'ਤੇ ਇੱਕੋ ਰਸੋਈ ਵਿਚ ਤਿਆਰ ਕੀਤਾ ਜਾਵੇ ਅਤੇ ਇਕੱਠਿਆਂ ਬੈਠ ਕੇ ਛਕਿਆ ਜਾਵੇ। ਇਉਂ ਜਿੱਥੇ ਖਾਣ-ਪੀਣ ਨਾਲ ਜੁੜੇ ਵਹਿਮਾਂ-ਭਰਮਾਂ ਦੇ ਨਾਸ਼ ਹੋਣ ਦੀ ਆਸ ਸੀ, ਉੱਥੇ ਸਿੱਖ ਸੰਗਤ ਵਿਚ ਜੁੜੇ ਸ਼ਰਧਾਲੂਆਂ ਤੇ ਜਗਿਆਸੂਆਂ ਨੂੰ ਖਾਣ-ਪੀਣ ਲਈ ਨਿੱਜੀ ਆਹਰ ਦੇ ਫਿਕਰ ਤੋਂ ਮੁਕਤੀ ਵੀ ਹੋ ਗਈ ਸੀ। ਲੰਗਰ ਲਈ ਅਨਾਜ ਦੀ

ਉਗਰਾਹੀ, ਆਟਾ ਪੀਸਣ-ਛਾਨਣ, ਗੁੰਨ੍ਹਣ, ਬਾਲਣ ਲਈ ਲੱਕੜਾਂ, ਭੱਠ ਜਾਂ ਚੁੱਲ੍ਹਾਂ ਝੋਕਣ, ਸੰਗਤ ਦੇ ਲੰਗਰ ਵਿਚ ਬੈਠਣ ਲਈ ਤੱਪੜਾਂ ਨੂੰ ਝਾੜਨਾ ਤੇ ਵਿਛਾਉਣਾ, ਪੀਣ ਲਈ ਠੰਢੇ ਪਾਣੀ ਦੀ ਸੇਵਾ, ਸੰਗਤ ਨੂੰ ਗਰਮੀ ਤੋਂ ਰਾਹਤ ਦੇਣ ਲਈ ਪੱਖਾ ਫੇਰਨਾ, ਖਾਣਾ ਵਰਤਾਉਣ ਆਦਿ ਸਾਰੀਆਂ ਸੇਵਾਵਾਂ ਸਿੱਖ ਖੁਦ-ਬ-ਖੁਦ ਸਾਂਝੇ ਤੌਰ 'ਤੇ ਕਰਦੇ ਸਨ। ਉਪਰੋਕਤ ਸਾਰੇ ਕਾਰਜਾਂ ਨੂੰ ਨਿਰਵਿਘਨ ਤੇ ਨਿਯਮਿਤ ਰੂਪ ਵਿਚ ਚਲਾਉਣ ਲਈ ਤਜ਼ਰਬੇਕਾਰ ਵਿਅਕਤੀਆਂ ਦੀ ਲੋੜ ਸੀ। ਇਸ ਲਈ ਲੰਗਰ ਦੇ ਸੰਚਾਲਨ ਲਈ ਗੁਰੂ ਸਾਹਿਬਾਨ ਨਿੱਜੀ ਰੁਚੀ ਲੈਣ ਤੋਂ ਇਲਾਵਾ ਆਪਣੇ ਵੱਲੋਂ ਕਿਸੇ ਤਜ਼ਰਬੇਕਾਰ, ਸੁਯੋਗ, ਨਿਪੁੰਨ ਤੇ ਸੇਵਾ-ਭਾਵ ਵਾਲੇ ਸਿੱਖ ਨੂੰ ਇਸ ਦੀ ਸੇਵਾ ਸੌਂਪ ਦਿੰਦੇ ਸਨ। ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਲੰਗਰ ਦੇ ਪ੍ਰਬੰਧ ਤੇ ਸੇਵਾ ਲਈ ਬੜੀ ਮੋਹਰੀ ਭੂਮਿਕਾ ਨਿਭਾਉਂਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਵਰਗੇ ਸਿੱਖਾਂ ਨੂੰ ਇਸ ਦੀ ਸੇਵਾ ਸੌਂਪੀ ਗਈ। ਬਾਬਾ ਆਲਾ ਸਿੰਘ ਦੀ ਪਤਨੀ ਬੀਬੀ ਫੱਤੋ ਜੀ ਖੁਦ ਲੰਗਰ ਦੀ ਸੇਵਾ ਕਰਦੀ ਸੀ। ਲੰਗਰ ਲਈ ਖਾਣਾ ਤਿਆਰ ਕਰਨ ਲਈ ਕਿਸੇ ਮਾਹਿਰ ਰਸੋਈਏ ਦੀਆਂ ਸੇਵਾਵਾਂ ਲੋੜੀਂਦੀਆਂ ਸਨ। ਇਸ ਲਈ ਕਈ ਵਾਰ ਇਹ ਕੰਮ ਕਿਸੇ ਨਿਪੁੰਨ ਰਸੋਈਏ ਨੂੰ ਸੌਂਪ ਦਿੱਤਾ ਜਾਂਦਾ ਸੀ, ਜਿਸ ਨੂੰ ਰਸੋਈਆ ਜਾਂ ਭੰਡਾਰੀ ਵੀ ਕਹਿ ਦਿੱਤਾ ਜਾਂਦਾ ਸੀ।

ਲੰਗਰ ਦੀ ਵਿਵਸਥਾ ਭਾਵੇਂ ਧਰਮਸਾਲ ਦੇ ਅਹਾਤੇ ਵਿਚ ਹੁੰਦੀ ਸੀ ਪਰ ਇਸ ਵਾਸਤੇ ਆਰਥਿਕ ਤੇ ਮਨੁੱਖੀ ਵਸੀਲਿਆਂ ਦਾ ਨਿਰੰਤਰ ਉਪਲਬਧ ਰਹਿਣਾ ਬੜਾ ਜ਼ਰੂਰੀ ਸੀ। ਭਾਵੇਂ ਸਿੱਖ ਗੁਰੂ ਸਾਹਿਬਾਨ ਨੇ ਮਦਦ-ਏ-ਮੁਆਸ਼ ਜਾਗੀਰਾਂ ਦੀ ਕਦੀ ਖਾਹਿਸ਼ ਜਾਂ ਮੁਗ਼ਲ ਸਰਕਾਰ ਨੂੰ ਦਰਖ਼ਾਸਤ ਨਹੀਂ ਸੀ ਦਿੱਤੀ ਪਰ ਸ਼ਾਸਕ ਵਰਗ ਦੁਆਰਾ ਖੁਦ ਬ-ਖੁਦ ਸਿੱਖ ਧਾਰਮਿਕ ਅਸਥਾਨਾਂ ਲਈ ਧਰਮ-ਅਰਥ ਜਾਗੀਰਾਂ ਦੇਣ ਦੀਆਂ ਕੁਝ ਉਦਾਹਰਨਾਂ ਮਿਲਦੀਆਂ ਹਨ। ਰਾਜ-ਸੱਤਾ ਸਥਾਪਿਤ ਹੋਣ ਉਪਰੰਤ ਸਿੱਖ ਸਰਦਾਰਾਂ ਦੁਆਰਾ ਗੁਰ-ਚਰਨ ਛੋਹ ਪ੍ਰਾਪਤ ਧਾਰਮਿਕ ਅਸਥਾਨਾਂ 'ਤੇ ਲੰਗਰ ਆਦਿ ਦੇ ਪ੍ਰਬੰਧ ਲਈ ਜਾਗੀਰਾਂ ਦੇਣ ਦੀਆਂ ਮਿਸਾਲਾਂ ਬੜੀਆਂ ਆਮ ਹਨ। ਸੁਭਾਵਿਕ ਹੈ ਕਿ ਇਨ੍ਹਾਂ ਜਾਗੀਰਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਲੰਗਰ ਉੱਪਰ ਖਰਚ ਕੀਤੀ ਜਾਂਦੀ ਸੀ। ਅਸਲ ਵਿਚ ਲੰਗਰ ਸੰਸਥਾ ਦਾ ਸਾਰਾ ਆਧਾਰ ਸਿੱਖਾਂ ਦਾ ਦਾਨ ਦੇ ਰੂਪ ਵਿਚ ਭੇਟ ਕੀਤੇ ਧਨ ਜਾਂ ਜਿਣਸ ਤੋਂ ਇਲਾਵਾ ਨਿੱਜੀ ਰੂਪ ਵਿਚ ਕੀਤੀ ਸੇਵਾ ਉੱਪਰ ਨਿਰਭਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਪਰੰਪਰਾ ਵਿਚ ਦਾਨ ਦੇ ਉਦੇਸ਼ ਤੇ ਇਸ ਦੇ ਲਈ ਜਾਇਜ਼ ਠਹਿਰਾਈ ਪੁਰੋਹਿਤ ਸ਼੍ਰੇਣੀ ਸੰਬੰਧੀ ਸਥਾਪਿਤ ਹੋ ਚੁੱਕੇ ਵਿਸ਼ਵਾਸ ਤੇ ਪ੍ਰਥਾ ਨੂੰ ਨਹੀਂ ਸੀ ਸਵੀਕਾਰਿਆ। ਪਿੱਤਰਾਂ ਦੀ ਮੁਕਤੀ ਖਾਤਰ ਹਾਕਮ ਜਾਂ ਅਮੀਰ ਵਰਗ ਵੱਲੋਂ ਬ੍ਰਾਹਮਣਾਂ ਤੇ ਗਰੀਬ-ਗੁਰਬੇ ਲਈ ਬ੍ਰਹਮ-ਭੋਜ ਵੀ ਉਨ੍ਹਾਂ ਲਈ ਨਿਰਾਰਥਕ ਸਨ। ਗੁਰੂ ਸਾਹਿਬ ਨੇ ਸਿੱਖਾਂ ਨੂੰ ਮਿਹਨਤ-

ਮੁਸ਼ੱਕਤ ਰਾਹੀਂ ਰੁਜ਼ਗਾਰ ਕਮਾਉਣ ਤੇ ਇਸ ਵਿੱਚੋਂ ਕੁਝ ਹਿੱਸਾ ਗਰੀਬਾਂ ਨੂੰ ਦੇਣ ਦਾ ਸਬਕ ਸਿਖਾਇਆ। ਜਨਮਸਾਖੀ ਪਰੰਪਰਾ ਅਨੁਸਾਰ ਆਪਣੇ ਕਰਤਾਰਪੁਰ ਸਾਹਿਬ ਦੇ ਕਿਆਮ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੇਤੀ ਕੀਤੀ। ਉਹ ਇਸ ਤੋਂ ਪ੍ਰਾਪਤ ਹੋਣ ਵਾਲੀ ਉਪਜ ਨੂੰ ਧਰਮਸਾਲ ਵਿਚਲੇ ਲੰਗਰ ਲਈ ਇਸਤੇਮਾਲ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਣੀ ਕਮਾਈ ਦਾ ਕੁਝ ਹਿੱਸਾ ਧਰਮ-ਅਰਥ ਖਰਚ ਕਰਨ ਦੀ ਪ੍ਰੇਰਨਾ ਕੀਤੀ। ਇਸ ਤਰ੍ਹਾਂ ਸਿੱਖਾਂ ਵਿਚ ਵੰਡ-ਛਕਣ ਦੀ ਭਾਵਨਾ ਲੰਗਰ ਲਈ ਦਾਨ ਦੀ ਦਿਸ਼ਾ ਵਿਚ ਸਾਕਾਰ ਹੋਣ ਲੱਗ ਪਈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਪ੍ਰਾਪਤ ਗਵਾਹੀਆਂ ਤੋਂ ਸਿੱਧ ਹੁੰਦਾ ਹੈ ਕਿ ੧੬ਵੀਂ ਸਦੀ ਦੇ ਅਖੀਰ ਵਿਚ ਸਿੱਖ ਪੰਥ ਅੰਦਰ ਸੁੱਚੀ ਕਿਰਤ ਕਮਾਈ ਨੂੰ ਹੋਰਨਾਂ ਨਾਲ ਵੰਡ ਛਕਣਾ ਤੇ ਪਰਉਪਕਾਰ ਦੀ ਇੱਛਾ ਸਮਾਜੀ ਜੀਵਨ ਵਿਚ ਗਹਿਰੀਆਂ ਜੜ੍ਹਾਂ ਪਕੜ ਚੁੱਕੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਵਿਚ ਇਹ ਆਦੇਸ਼ ਹੈ ਕਿ ਜਦ ਕੋਈ ਸਿੱਖ ਧਰਮਸਾਲ ਵਿਚ ਸੰਗਤ ਲਈ ਜਾਂਦਾ ਹੈ ਤਾਂ 'ਕਿਛੁ ਮੁਹਿ ਪਾਵਣੈ ਨੋ ਲੈ ਜਾਇ'। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਧਰਮਸਾਲ ਵਿਚ ਚਲਾਏ ਜਾ ਰਹੇ ਲੰਗਰ ਲਈ ਰਸਦ ਦੇ ਰੂਪ ਵਿਚ ਸਿੱਖ ਆਪਣਾ ਹਿੱਸਾ ਪਾਉਂਦੇ ਸਨ। ਸਿੱਖ ਇਤਿਹਾਸ ਵਿਚ ਐਸੇ ਕਈ ਹਵਾਲੇ ਹਨ ਜਿਨ੍ਹਾਂ ਤੋਂ ਸਿੱਖਾਂ ਦੁਆਰਾ ਲੰਗਰ ਲਈ ਦੁੱਧ, ਦਹੀਂ, ਘੀ ਆਦਿ ਦੀਆਂ ਭੇਟਾਵਾਂ ਅਰਪਣ ਕਰਨ ਦਾ ਪਤਾ ਲੱਗਦਾ ਹੈ। ਅੱਜ ਵੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਦਰਸ਼ਨੀ ਡਿਉਢੀ ਉੱਪਰ ਸਿੱਖਾਂ ਦੁਆਰਾ ਭੇਟ ਰੂਪ ਵਿਚ ਲਿਆਂਦੀ ਰਸਦ ਨੂੰ ਸੰਭਾਲਣ ਲਈ ਵੱਡੇ-ਵੱਡੇ ਕਨਸਤਰ ਮੌਜੂਦ ਹਨ ਜੋ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਦੀ ਯਾਦ ਦਿਵਾਉਂਦੇ ਹਨ। ਦਸਵੰਧ ਦੀ ਪ੍ਰਥਾ ਕਾਇਮ ਹੋ ਜਾਣ ਨਾਲ ਧਰਮਸਾਲ ਦਾ ਆਰਥਿਕ ਆਧਾਰ ਹੋਰ ਪੁਖਤਾ ਹੋ ਗਿਆ ਹੋਵੇਗਾ। ਇਸ ਨਾਲ ਮੰਜੀਦਾਰਾਂ, ਮਸੰਦਾਂ ਜਾਂ ਸੰਗਤ ਦੇ ਮੁਖੀ ਸਿੱਖਾਂ ਨੂੰ ਆਪਣੇ ਅਧੀਨ ਧਰਮਸਾਲਾਵਾਂ ਵਿਚ ਲੰਗਰ ਦਾ ਇੰਤਜ਼ਾਮ ਕਰਨ ਵਿਚ ਆਸਾਨੀ ਹੋ ਗਈ ਹੋਵੇਗੀ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਹੁਕਮਨਾਮਿਆਂ ਤੋਂ ਸੰਕੇਤ ਮਿਲਦਾ ਹੈ ਕਿ ਜਦ ਕਦੀ ਲੰਗਰ ਲਈ ਥੁੜ੍ਹ ਜਾਂ ਲੋੜ ਹੁੰਦੀ ਸੀ ਤਾਂ ਧਨ ਜਾਂ ਜਿਣਸ ਦੇ ਰੂਪ ਵਿਚ ਕਾਰ-ਭੇਟ ਵੀ ਉਗਰਾਹੀ ਜਾਂਦੀ ਸੀ।

ਲੰਗਰ ਦੇ ਸੁਚੱਜੇ ਪ੍ਰਬੰਧ ਲਈ ਮਨੁੱਖੀ ਸਾਧਨ ਜੁਟਾਉਣੇ ਬੜੇ ਜ਼ਰੂਰੀ ਹਨ। ਇਸ ਦ੍ਰਿਸ਼ਟੀ ਤੋਂ ਸਿੱਖ ਗੁਰੂ ਸਾਹਿਬਾਨ ਦੁਆਰਾ ਪ੍ਰਤਿਪਾਦਿਤ ਨਿਸ਼ਕਾਮ ਸੇਵਾ ਦਾ ਆਦਰਸ਼ ਬੜਾ ਕਾਰਗਰ ਸਾਬਤ ਹੋਇਆ।

'ਆਦਿ ਸਾਖੀਆਂ' ਦੇ ਕਰਤਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰਪੁਰ ਸਾਹਿਬ ਵਿਚਲੀ ਧਰਮਸਾਲ ਵਿਚ ਸਿੱਖਾਂ ਨੂੰ ਦੋ ਵਕਤ ਲੰਗਰ ਵਿੱਚੋਂ

ਪਰਸ਼ਾਦਾ ਛਕਾਇਆ ਜਾਂਦਾ ਸੀ। ਸਿੱਖ ਧਰਮ ਦੇ ਫੈਲਣ ਨਾਲ ਸਿੱਖ ਸੰਗਤ ਦਾ ਆਪਣੇ ਮੁਖੀਆਂ ਦੀ ਅਗਵਾਈ ਵਿਚ ਖਾਸ ਤੌਰ 'ਤੇ ਸਾਲਾਨਾ ਤਿਉਹਾਰਾਂ ਉੱਪਰ ਗੁਰੂ-ਦਰਬਾਰ ਵਿਚ ਦਰਸ਼ਨਾਂ ਲਈ ਆਉਣ ਦਾ ਰੁਝਾਨ ਵਧ ਗਿਆ ਸੀ। ਇਸ ਲਈ ਕੇਂਦਰੀ ਮਹੱਤਵ ਦੀਆਂ ਸਿੱਖ ਧਰਮਸਾਲਾਵਾਂ ਵਿਚ ਦੋ ਵਕਤ ਦੇ ਲੰਗਰ ਤੋਂ ਇਲਾਵਾ ਦਿਨ ਦੇ ਕਿਸੇ ਵੀ ਵਕਤ ਪਹੁੰਚੀਆਂ ਸਿੱਖ-ਸੰਗਤਾਂ ਲਈ ਲੰਗਰ ਛਕਾਉਣ ਦਾ ਪ੍ਰਬੰਧ ਕੀਤਾ ਜਾਣ ਲੱਗਾ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਲੰਗਰ ਚਲਾਉਣ ਵਾਲੇ ਸਿੱਖਾਂ ਨੂੰ ਆਦੇਸ਼ ਸੀ ਕਿ ਖਾਣੇ ਦਾ ਵਕਤ ਗੁਜ਼ਰਨ ਉਪਰੰਤ ਆਉਣ ਵਾਲੇ ਅਤਿਥੀ ਨੂੰ ਵੀ ਪ੍ਰੇਮ ਭਾਵ ਨਾਲ ਲੰਗਰ ਵਿੱਚੋਂ ਪਰਸ਼ਾਦਾ ਛਕਾਇਆ ਜਾਵੇ। ਅਨੰਦਪੁਰ ਸਾਹਿਬ ਵਿਚ ਭਾਈ ਨੰਦ ਲਾਲ ਦੁਆਰਾ ਲੰਗਰ ਦੀ ਸੇਵਾ ਵਿਚ ਹਰ ਵਕਤ ਤਤਪਰ ਰਹਿਣ ਦੀ ਮਿਸਾਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਭਰੇ ਦੀਵਾਨ ਵਿਚ ਸਰਾਹਿਆ।

ਜਨਮਸਾਖੀ ਪਰੰਪਰਾ ਅਨੁਸਾਰ ਕਰਤਾਰਪੁਰ ਸਾਹਿਬ ਵਿਚ ਜਦ ਲੰਗਰ ਦਾ ਵਕਤ ਹੋ ਜਾਂਦਾ ਸੀ ਤਾਂ ਰਸੋਈਆ ਚੁੱਪ-ਚਾਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿੱਛੇ ਆ ਖੜ੍ਹੋਂਦਾ ਸੀ। ਰਸੋਈਏ ਤੋਂ ਖਾਣੇ ਦੀ ਤਿਆਰੀ ਦੀ ਪ੍ਰਤੀਤ ਕਰ ਲੈਣ ਉਪਰੰਤ ਗੁਰੂ ਸਾਹਿਬ ਸੰਗਤ ਨੂੰ ਲੰਗਰ ਛਕਣ ਦਾ ਆਦੇਸ਼ ਕਰ ਦਿੰਦੇ ਸਨ। ਜਿਵੇਂ-ਜਿਵੇਂ ਗੁਰੂ ਦਰਬਾਰ ਵਿਚ ਸਿੱਖ ਸੰਗਤ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ ਤਿਵੇਂ-ਤਿਵੇਂ ਗੁਰੂ ਸਾਹਿਬ ਤੋਂ ਪ੍ਰਵਾਨਗੀ ਲੈ ਕੇ ਰਸੋਈਏ ਜਾਂ ਭੰਡਾਰੀ ਦੁਆਰਾ ਲੰਗਰ ਲਈ ਉੱਚੀ ਅਵਾਜ਼ ਦੇਣ ਦਾ ਰਿਵਾਜ਼ ਚੱਲ ਪਿਆ। ਮੇਲਿਆਂ-ਤਿਉਹਾਰਾਂ ਉੱਪਰ ਵੱਡੀ ਗਿਣਤੀ ਵਿਚ ਜੁੜੀ ਸਿੱਖ ਸੰਗਤ ਨੂੰ ਲੰਗਰ ਦੇ ਵਰਤਾਰੇ ਤੋਂ ਜਾਣੂ ਕਰਵਾਉਣ ਲਈ ਨਗਾਰੇ ਉੱਪਰ ਚੋਟ ਲਗਾਈ ਜਾਣ ਲੱਗੀ ਤਾਂ ਕਿ ਕੋਈ ਲੋੜਵੰਦ ਜਾਂ ਅਤਿਥੀ ਵਾਂਝਾ ਨਾ ਰਹਿ ਜਾਵੇ।

ਸਿੱਖ ਵਿਚਾਰਧਾਰਾ ਅਨੁਸਾਰ ਕਿਸੇ ਖਾਸ ਦਿਨ ਜਾਂ ਮਹੂਰਤ ਨੂੰ ਸ਼ੁਭ ਜਾਂ ਅਸ਼ੁਭ ਗਰਦਾਨਣਾ ਉੱਚਿਤ ਨਹੀਂ ਹੈ। ਇਸੇ ਲਈ ਬ੍ਰਾਹਮਣਵਾਦੀ ਪਰੰਪਰਾ ਅਨੁਸਾਰ ਕਿਸੇ ਖਾਸ ਦਿਨ ਨੂੰ ਵਰਤ ਰੱਖਣਾ ਜਾਂ ਖਾਣਾ ਪਕਾਉਣ ਤੇ ਖਾਣ ਉੱਪਰ ਲੱਗੀ ਧਾਰਮਿਕ ਪਾਬੰਦੀ ਪ੍ਰਵਾਨ ਨਹੀਂ ਸੀ। ਇਸ ਦ੍ਰਿਸ਼ਟੀ ਤੋਂ ਲੰਗਰ ਦੀਆਂ ਸੇਵਾਵਾਂ ਸਾਲ ਦੇ ਕਿਸੇ ਵੀ ਦਿਨ ਮਨਸੂਖ ਨਹੀਂ ਸੀ ਕੀਤੀਆਂ ਜਾਂਦੀਆਂ। ਜਿੱਥੇ ਸਿੱਖਾਂ ਵਿਚ ਗੁਰਪੁਰਬਾਂ ਸਮੇਂ ਵੱਡੀ ਪੱਧਰ ਉੱਤੇ ਲੰਗਰ ਲਾਉਣ ਦੀ ਪ੍ਰਥਾ ਕਾਇਮ ਸੀ, ਉੱਥੇ ਸਿੱਖ ਸ਼ੁਕਰਾਨੇ ਵਜੋਂ ਗੁਰੂ ਨਮਿਤ ਲੰਗਰ ਵੀ ਲਾਉਣ ਲੱਗ ਪਏ ਸਨ।

ਰਹਿਤਨਾਮਿਆਂ ਵਿਚ ਲੰਗਰ ਲਈ ਖਾਣਾ ਤਿਆਰ ਕਰਨ ਤੇ ਵਰਤਾਉਣ ਸਮੇਂ ਸਾਫ-ਸਫਾਈ ਤੇ ਸੁੱਚਮ ਪ੍ਰਤੀ ਸਾਵਧਾਨੀ ਵਰਤਣ ਦੀਆਂ ਹਿਦਾਇਤਾਂ ਵੀ ਪ੍ਰਾਪਤ ਹਨ। ਪਰਸ਼ਾਦ ਵਰਤਾਉਣ ਵਾਲੇ ਸਿੱਖ ਲਈ ਤਾਕੀਦ ਸੀ ਕਿ ਉਹ ਸੇਵਾ ਕਰਦੇ ਸਮੇਂ

ਬਹੁਤਾ ਨਾ ਬੋਲੇ, ਪਿੰਡਾ ਨਾ ਖੁਰਕੇ ਤੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਫ ਕਰ ਕੇ ਹੀ ਲੰਗਰ ਦੀ ਸੇਵਾ ਕਰੇ। ਇਸੇ ਤਰ੍ਹਾਂ ਲੰਗਰ ਵਿਚ ਜੂਠੇ ਪਾਣੀ ਦੀ ਵਰਤੋਂ ਉੱਪਰ ਵੀ ਮਨਾਹੀ ਸੀ। ਭਾਵੇਂ ਖਾਣਾ ਤਿਆਰ ਕਰਨ ਲਈ ਚੌਂਕੇ ਦੀ ਸਫਾਈ ਦਾ ਧਿਆਨ ਰੱਖਣ ਦੀ ਪ੍ਰੇਰਨਾ ਕੀਤੀ ਗਈ ਹੈ ਪਰ ਬ੍ਰਾਹਮਣਵਾਦੀ ਰੀਤ ਦਾ ਅਨੁਸਰਨ ਨਾ ਕਰਦਿਆਂ ਗੋਬਰ ਨਾਲ ਚੌਂਕਾ ਲਿਪਣ ਦੀ ਕੋਈ ਜ਼ਰੂਰਤ ਨਹੀਂ ਸਮਝੀ ਗਈ। ਇਸ ਤਰ੍ਹਾਂ ਲੰਗਰ ਵਿਚ ਖਾਣ ਪਕਾਉਣ ਉੱਪਰ ਹਿੰਦੂ ਕਾਨੂੰਨ ਅਨੁਸਾਰ ਲੱਗੀਆਂ ਪਾਬੰਦੀਆਂ ਵੀ ਲਾਗੂ ਨਹੀਂ ਸਨ। ਇਹ ਸਭ ਸੁੱਚਮ ਤੇ ਸਫਾਈ ਦੇ ਪੱਖੋਂ ਜ਼ਰੂਰੀ ਸੀ ਨਾ ਕਿ ਅੰਧ-ਵਿਸ਼ਵਾਸ ਦੇ ਪੱਖੋਂ।

ਲੰਗਰ ਵਿਚ ਵਰਤਾਉਣ ਲਈ ਕੀ ਪਕਾਉਣਾ ਹੈ ਜਾਂ ਕਿਸ ਕਿਸਮ ਦਾ ਖਾਣਾ ਤਿਆਰ ਕਰਨਾ ਹੈ, ਇਸ ਦਾ ਫੈਸਲਾ ਲੰਗਰ ਦੇ ਪ੍ਰਬੰਧ ਲਈ ਜ਼ਿੰਮੇਵਾਰ ਰਸੋਈਆ, ਭੰਡਾਰੀ ਜਾਂ ਸਰਬਰਾਹ ਕਰਦਾ ਸੀ। ਆਦਿ ਸਾਖੀਆਂ ਦੇ ਕਰਤਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੰਗਰ ਵਿਚ ਸਰਦੀਆਂ ਦੇ ਦਿਨੀਂ ਖਿਚੜੀ ਤੇ ਗਰਮੀਆਂ ਵਿਚ ਦਾਲ-ਰੋਟੀ ਵਰਤਾਈ ਜਾਂਦੀ ਸੀ। ਸਿੱਖ ਸ੍ਰੋਤਾਂ ਤੋਂ ਪਤਾ ਲੱਗਦਾ ਹੈ ਕਿ ਲੰਗਰ ਵਿਚ ਤਰਕਾਰੀ ਤੋਂ ਇਲਾਵਾ ਕਣਕ ਤੇ ਮਿੱਸੇ ਆਟੇ ਦੀ ਰੋਟੀ ਵੀ ਮਿਲਦੀ ਸੀ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਮੇਂ ਖਡੂਰ ਸਾਹਿਬ ਵਿਚ ਮਾਤਾ ਖੀਵੀ ਦੁਆਰਾ ਲੰਗਰ ਵਿਚ ਘਿਓ ਵਾਲੀ ਰਸ-ਭਰੀ ਖੀਰ ਵਰਤਾਉਣ ਦੀ ਸਮਕਾਲੀ ਗਵਾਹੀ ਮਿਲਦੀ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੁਆਰਾ ਗੋਇੰਦਵਾਲ ਸਾਹਿਬ ਵਿਚ ਚਲਾਏ ਜਾ ਰਹੇ ਲੰਗਰ ਵਿੱਚੋਂ ਰੋਜ਼ਾਨਾ ਘਿਓ ਤੇ ਮੈਦੇ ਤੋਂ ਤਿਆਰ ਹੋਇਆ ਕੜਾਹ ਸਿੱਖਾਂ ਨੂੰ ਛਕਾਇਆ ਜਾਂਦਾ ਸੀ।

ਸਿੱਖ ਸ੍ਰੋਤ ਇਸ ਬਾਰੇ ਸਹਿਮਤ ਹਨ ਕਿ ਗੁਰੂ ਸਾਹਿਬਾਨ ਸਾਦੀ ਖੁਰਾਕ ਖਾਂਦੇ ਸਨ ਪਰ ਸਿੱਖਾਂ ਨੂੰ ਲੰਗਰ ਵਿਚ ਸੁਆਦਿਸ਼ਟ ਤੇ ਰਸ-ਭਰਪੂਰ ਖਾਣਾ ਵਰਤਾਉਂਦੇ ਸਨ। ਸੰਘਰਸ਼ ਤੇ ਸੰਕਟ ਦੇ ਦਿਨਾਂ ਵਿਚ ਪੀਸੇ ਹੋਏ ਅਨਾਜ ਦੀ ਬਜਾਇ ਭੁੱਜੇ ਛੋਲਿਆਂ ਨੂੰ ਬਦਾਮ ਦੇ ਤੌਰ 'ਤੇ ਲੰਗਰ ਵਿਚ ਵਰਤ ਲੈਂਦੇ ਸਨ। ਲੰਗਰ ਕਈ ਵਾਰ ਇਤਨਾ ਸਾਦਾ ਹੁੰਦਾ ਸੀ ਕਿ ਲੂਣ ਤੇ ਘਿਓ ਦੇ ਸਵਾਦ ਦੀ ਕੋਈ ਪਰਵਾਹ ਨਹੀਂ ਸੀ ਕੀਤੀ ਜਾਂਦੀ। ਜੇਕਰ ਖਾਣ ਲਈ ਕਿਸੇ ਪ੍ਰਕਾਰ ਦੀ ਕੋਈ ਰਸਦ ਨਹੀਂ ਹੁੰਦੀ ਸੀ ਤਾਂ ਲੰਗਰ ਮਸਤ ਹੋਣ ਦਾ ਐਲਾਨ ਕਰ ਕੇ ਨਿਰਾਸ਼ਤਾ ਦੀ ਬਜਾਇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰ ਲੈਂਦੇ ਸਨ। ਠੂਠੇ ਨੂੰ ਸੁਨਹਿਰਾ, ਗੰਢੇ ਨੂੰ ਰੁਪਾ ਆਦਿ ਨਾਮ ਲੰਗਰ, ਲਈ ਘੜ੍ਹੀ ਨਵੀਂ ਸ਼ਬਦਾਵਲੀ ਸੀ। ਉਪਰੋਕਤ ਸਾਰੀ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਲੰਗਰ ਲਈ ਖਾਣੇ ਦੀ ਸਾਦੀ ਜਾਂ ਉੱਤਮ ਵੰਨਗੀ ਲੰਗਰ ਦੇ ਵਸੀਲਿਆਂ ਖਾਸ ਕਰ ਪ੍ਰਾਪਤ ਰਸਦ ਉੱਪਰ ਨਿਰਭਰ ਕਰਦੀ ਸੀ। ਭਾਵੇਂ ਕਿ ਸੰਕਟ ਦੇ ਦਿਨਾਂ ਵਿਚ ਬੇਹੀ-ਰੋਟੀ ਨੂੰ ਮਿੱਠੇ-ਪਰਸ਼ਾਦੇ ਕਹਿ ਕੇ ਲੰਗਰ ਵਿਚ ਵਰਤਾਉਣ ਲੱਗ ਪਏ ਸਨ,

ਪਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਸਿੱਖਾਂ ਨੂੰ ਆਦੇਸ਼ ਸੀ ਕਿ ਲੰਗਰ ਵਿਚ ਤਿਆਰ ਹੋਇਆ ਭੋਜਨ ਅਗਲੇ ਦਿਨ ਨਾ ਵਰਤਾਇਆ ਜਾਵੇ। ਇਉਂ ਰਾਤ ਨੂੰ ਜੋ ਲੰਗਰ ਬਚ ਜਾਂਦਾ ਸੀ ਉਹ ਜਾਂ ਤਾਂ ਡੰਗਰਾਂ ਦੇ ਚਾਰੇ ਲਈ ਵਰਤ ਲਿਆ ਜਾਂਦਾ ਸੀ ਜਾਂ ਫਿਰ ਦਰਿਆ ਵਿਚ ਰੋੜ ਦਿੱਤਾ ਜਾਂਦਾ ਸੀ। ਲੰਗਰ ਲਈ ਖਾਣਾ ਪਕਾਉਣ ਤੇ ਵਰਤਾਉਣ ਦਾ ਪ੍ਰਬੰਧ ਧਰਮਸਾਲਾ ਵਿਚ ਹੀ ਕੀਤਾ ਜਾਂਦਾ ਸੀ। ਇਸ ਲਈ ਲੰਗਰ, ਧਰਮਸਾਲਾ ਦਾ ਇਕ ਸੰਜੁਗਤ ਅੰਗ ਸੀ। ਇਸ ਦ੍ਰਿਸ਼ਟੀ ਤੇ ਲੰਗਰ ਵੀ ਇਕ ਦੈਵੀ ਸੰਸਥਾ ਸੀ। ਇਸ ਲਈ ਸੁਭਾਵਿਕ ਹੈ ਕਿ ਲੰਗਰ ਵਿਚ ਖਾਣਾ ਖਾਣ ਲਈ ਪ੍ਰਵੇਸ਼ ਕਰਨ ਤੋਂ ਪਹਿਲੇ ਜੁੱਤੇ ਉਤਾਰਨਾ, ਪੈਰ ਧੋਣਾ ਤੇ ਸਿਰ ਢੱਕਣਾ ਲਾਜ਼ਮੀ ਸਨ। ਲੰਗਰ ਵਿਚ ਵਰਨ ਆਸ਼ਰਮ ਵਿਵਸਥਾ ਅਨੁਸਾਰ ਉਚ-ਨੀਚ ਤੇ ਛੂਆ-ਛਾਤ ਆਦਿ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਸੀ। ਲੰਗਰ ਵਿਚ ਪਰਸ਼ਾਦ ਛਕਣ ਆਏ ਵਿਅਕਤੀ ਨਾਲ ਕਿਸੇ ਕਿਸਮ ਦਾ ਭਿੰਨ-ਭੇਦ, ਵਖਰੇਵਾਂ ਨਹੀਂ ਸੀ ਕੀਤਾ ਜਾਂਦਾ ਬਲਕਿ ਸਮਾਨ ਵਿਹਾਰ ਕੀਤਾ ਜਾਂਦਾ ਸੀ। ਲੰਗਰ ਵਿਚ ਭੋਜਨ ਛਕਣ ਲਈ ਇੱਛੁਕ ਵਿਅਕਤੀਆਂ ਨੂੰ ਪੰਗਤ ਵਿਚ ਇੱਕੋ-ਜਿਹੇ ਆਸਨ ਵਿਚ ਬੈਠਣਾ ਪੈਂਦਾ ਸੀ। ਭਾਈ ਗੁਰਦਾਸ ਜੀ ਦੀ ਲਿਖਤ ਤੋਂ ਪ੍ਰਤੀਤ ਹੁੰਦਾ ਹੈ ਕਿ ਲੰਗਰ ਵਿਚ ਸੰਗਤ ਦੇ ਬੈਠਣ ਲਈ ਤੱਪੜ ਹੁੰਦੇ ਸਨ। ਲੰਗਰ ਵਿਚ ਭੋਜਨ ਪਾਉਣ ਲਈ ਭਾਂਡੇ ਵੀ ਦਿੱਤੇ ਜਾਂਦੇ ਸਨ। ਭਾਂਡੇ ਧਾਤ ਜਾਂ ਮਿੱਟੀ ਦੇ ਹੋਣ ਦਾ ਸੰਕੇਤ ਮਿਲਦਾ ਹੈ। ਇਕ ਯੂਰਪੀਨ ਅਫ਼ਸਰ ਚਾਰਲਸ ਵਿਲਕਿਨਜ਼ (Charles Wilkins) ਨੇ ਆਪਣੀ ਮਾਰਚ, ੧੭੮੧ ਦੀ ਫੇਰੀ ਦੌਰਾਨ ਪਟਨਾ ਸਾਹਿਬ ਵਿਚ ਲੰਗਰ ਸੰਸਥਾ ਨੂੰ ਜਿਵੇਂ ਬਿਆਨ ਕੀਤਾ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਗੁਰਧਾਮਾਂ ਉੱਪਰ ਲੰਗਰ ਕਿਵੇਂ, ਕਿਹੋ-ਜਿਹਾ ਤੇ ਕਿਸ ਤਰ੍ਹਾਂ ਵਰਤਾਇਆ ਜਾਂਦਾ ਸੀ। ਉਹ ਲਿਖਦਾ ਹੈ:

> They prayed against temptation; for grace to do good; for the general good of mankind; and a particular blessing to the Seeks (Sikhs); and for the safety of those who were at that time were on their travels. This prayers was followed by a short blessing from the old man, and an invitation to the assembly to partake of a friendly feast. The holy book (Sri Guru Granth Sahib) was then closed (Sukh Aasan) and restored to its place at the altar, and the people being seated as before, two men entered bearing a large iron caldron called a curray (ਕੜਾਹੀ), just taken from the fire and placed it in the centre of the hall upon a low stool. These

were followed by others with five or six dishes some of which were of silver, and a large pile of leaves sewed together with fibres in the form of plates. One of these plates was given to each of the company without distinction; and the dishes being filled from the caldron, their contents were served out till every one had got his share. Myself was not forgotten, and as I was resolved not to give them the smallest occasion for offence, I ate up my portion. It was a kind of soft brown sugar, com posed of flour and sugar mixed up with clarified butter, which is called ghee… We were next served with a few sugar plums: and here ended the feast and the ceremonies of the day.

ਅਨੁਵਾਦ: ਉਨ੍ਹਾਂ (ਸਿੱਖਾਂ) ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਿੱਖ ਪੰਥ ਦੀ ਚੜਦੀ ਕਲਾ ਅਤੇ ਗੁਰਧਾਮਾਂ ਦੀ ਯਾਤਰਾ ਲਈ ਗਏ ਹੋਇਆਂ ਲਈ ਵੀ ਅਰਦਾਸ ਕੀਤੀ। ਅਰਦਾਸ ਉਪਰੰਤ ਇੱਕ ਬਜ਼ੁਰਗ ਸਿੱਖ ਵੱਲੋਂ ਹੁਕਮ ਲੈਣ ਉਪਰੰਤ ਸਾਰੀ ਸੰਗਤ ਨੂੰ ਲੰਗਰ ਲਈ ਸੱਦਾ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਣ ਕਰਕੇ ਸੁਖਾਸਣ ਅਸਥਾਨ ’ਤੇ ਪਹੁੰਚਾਇਆ ਗਿਆ। ਸੰਗਤ ਵਿਚ ਦੋ ਆਦਮੀਆਂ ਦੁਆਰਾ ਲੋਹੇ ਦੀ ਦੇਗ (ਕੜਾਹਾ) ਨੂੰ ਅੱਗ ਤੋਂ ਲਾਹਿਆ ਗਿਆ ਤੇ ਹਾਲ ਵਿਚ ਇੱਕ ਸਟੂਲ ਉੱਪਰ ਰੱਖਿਆ ਗਿਆ। ਸਾਰਿਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਪੱਤਲ ਵੰਡ ਕੇ ਕੜਾਹੇ ਵਿੱਚੋਂ ਭਾਂਡੇ ਭਰੇ ਗਏ ਤੇ ਬਰਾਬਰਤਾ ਨਾਲ ਸਭ ਨੂੰ ਵਰਤਾਇਆ ਗਿਆ। ਮੈਂ ਵੀ ਆਪਣਾ ਹਿੱਸਾ ਖਾਧਾ। ਇਹ ਇੱਕ ਤਰ੍ਹਾਂ ਦਾ ਕੜਾਹ ਪ੍ਰਸ਼ਾਦ ਸੀ। ਅਖੀਰ ਵਿਚ Sugar Plums (ਮਠਿਆਈ) ਵਰਤਾਏ ਗਏ। ਇਸ ਨਾਲ ਲੰਗਰ ਅਤੇ ਦਿਨ ਦੀ ਸਾਰੀ ਪ੍ਰਕਿਰਿਆ ਦੀ ਸਮਾਪਤੀ ਹੋ ਗਈ।

ਇਸ ਲਿਖਤ ਵਿਚ ਚਾਰਲਸ ਵਿਲਕਿਨਸ ਨੇ ਸਿੱਖਾਂ ਦੁਆਰਾ ਅਰਦਾਸ ਕਰਨ ਦੀ ਮਰਿਆਦਾ, ਅਰਦਾਸ ਦਾ ਮਨੋਰਥ, ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੁਕਮ ਲੈਣਾ, ਸੁਖਾਸਣ ਦੀ ਮਰਿਆਦਾ ਅਤੇ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਨੂੰ ਬਰਾਬਰਤਾ ਨਾਲ ਲੰਗਰ ਛਕਾਉਣ ਬਾਰੇ ਦੱਸਿਆ ਗਿਆ ਹੈ।

ਭਾਈ ਰਤਨ ਸਿੰਘ (ਭੰਗੂ) ਲਿਖਦੇ ਹਨ ਕਿ ਸਿੱਖ ਲੰਗਰ ਦੀ ਸੇਵਾ ਸਮੇਂ ਇਕ ਦੂਸਰੇ ਨਾਲ ਮਿੱਠਤ ਨਾਲ ਪੇਸ਼ ਆਉਂਦੇ ਸਨ। ਲੰਗਰ ਦੀ ਸੇਵਾ ਪ੍ਰੇਮ-ਭਾਵ ਤੇ ਚਾਉ ਨਾਲ ਕੀਤੀ ਜਾਂਦੀ ਸੀ। ਕਿਸੇ ਅਤਿਥੀ ਜਾਂ ਲੋੜਵੰਦ ਦਾ ਨਿਰਾਦਰ ਨਹੀਂ ਸੀ ਕੀਤਾ ਜਾਂਦਾ। ਇੱਥੋਂ ਤਕ ਕਿ ਦੁਸ਼ਮਣ ਨੂੰ ਵੀ ਲੰਗਰ ਵਿਚ ਖਾਣੇ ਲਈ ਆਉਣ ’ਤੇ ਕੋਈ

ਰੋਕ ਨਹੀਂ ਸੀ। ਸਭ ਨੂੰ ਭੋਜਨ ਇੱਕੋ-ਜਿਹੀ ਮਾਤਰਾ ਵਿਚ ਵਰਤਾਇਆ ਜਾਂਦਾ ਸੀ। ਅਸੂਲ ਇਹ ਸੀ ਕਿ ਹਰ ਇਕ ਨੂੰ ਉਸ ਦੀ ਤ੍ਰਿਪਤੀ ਅਨੁਸਾਰ ਭੋਜਨ ਮਿਲੇ। ਰਹਿਤਨਾਮਿਆਂ ਵਿਚ ਲੰਗਰ ਦੀ ਸੇਵਾ ਵਿਚ ਲੱਗੇ ਵਿਅਕਤੀਆਂ ਲਈ ਆਦੇਸ਼ ਹਨ ਕਿ ਭੋਜਨ ਵਰਤਾਉਣ ਸਮੇਂ ਕਿਸੇ ਨਾਲ ਭਿੰਨ-ਭੇਦ ਕਰਦਿਆਂ ਥੋੜ੍ਹਾ ਜਾਂ ਬਹੁਤਾ ਦੇਣਾ ਯੋਗ ਨਹੀਂ। ਲੰਗਰ ਦੇ ਪ੍ਰਬੰਧ ਲਈ ਜ਼ਿੰਮੇਵਾਰ ਸਿੱਖ ਲਈ ਇਕੱਲਿਆਂ ਜਾਂ ਛਿਪ ਕੇ ਖਾਣ ਦੀ ਸਖਤ ਮਨਾਹੀ ਸੀ। ਪ੍ਰਬੰਧ ਵਿਚ ਜੁਟੇ ਸਿੱਖ ਸੇਵਕ ਲਈ ਆਦੇਸ਼ ਸੀ ਕਿ ਸਭ ਨੂੰ ਭੋਜਨ ਵਰਤਾਉਣ ਉਪਰੰਤ ਹੀ ਪਰਸ਼ਾਦ ਛਕੇ। ਇਹ ਸਾਰੇ ਹਵਾਲੇ ਲੰਗਰ ਦੇ ਸੰਚਾਲਕਾਂ ਲਈ ਨਿਰਧਾਰਿਤ ਸਿਧਾਂਤ ਜਿਵੇਂ- ਸਮਾਨਤਾ, ਭਾਈਚਾਰਾ, ਪਰਉਪਕਾਰ ਤੇ ਨਿਸ਼ਕਾਮ ਸੇਵਾ ਭਾਵਨਾ ਨੂੰ ਉਜਾਗਰ ਕਰਦੇ ਹਨ।

ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਲੰਗਰ ਸੰਸਥਾ ਪਹਿਲੋਂ-ਪਹਿਲ ਸੰਗਤ ਦੀ ਜ਼ਰੂਰਤ ਵਜੋਂ ਇਕ ਰੀਤ ਦੇ ਤੌਰ 'ਤੇ ਹੋਂਦ ਵਿਚ ਆਈ। ਸਹਿਜੇ ਸਹਿਜੇ ਇਸ ਦੇ ਪ੍ਰਬੰਧ ਤੇ ਪ੍ਰਯੋਜਨ ਲਈ ਅਸੂਲ ਨਿਸ਼ਚਿਤ ਹੋ ਗਏ ਤੇ ਇਹ ਸਿੱਖ ਧਰਮ ਦੀ ਜ਼ਰੂਰੀ ਤੇ ਅਹਿਮ ਸੰਸਥਾ ਦਾ ਰੂਪ ਧਾਰਨ ਕਰ ਗਈ। ਬੁਨਿਆਦੀ ਤੌਰ 'ਤੇ ਇਸ ਸੰਸਥਾ ਦਾ ਆਧਾਰ ਸੇਵਾ ਤੇ ਦਾਨ ਦੇ ਸਿਧਾਂਤ ਸਨ। ਇਸ ਨੇ ਸਿੱਖਾਂ ਨੂੰ ਭਾਈਚਾਰਕ ਤੇ ਜਨਤਕ ਕਾਰਜਾਂ ਲਈ ਯਥਾਸ਼ਕਤ ਯੋਗਦਾਨ ਪਾਉਣ ਦਾ ਸਬਕ ਦ੍ਰਿੜ੍ਹ ਕਰਵਾਇਆ। ਇਤਿਹਾਸਿਕ ਦ੍ਰਿਸ਼ਟੀ ਤੋਂ ਲੰਗਰ ਸੰਸਥਾ ਇਕ ਅਜਿਹਾ ਪਹਿਲਾ ਮਨਸੂਬਾ ਸੀ ਜੋ ਸਿੱਖਾਂ ਦੀਆਂ ਸਮੂਹਿਕ ਤੇ ਜਥੇਬੰਦਕ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਰੂਪਮਾਨ ਹੋਇਆ। ਭਾਰਤੀ ਸਮਾਜ ਵਿਚ ਜਾਤੀ ਪ੍ਰਥਾ ਤੇ ਵਰਨ-ਆਸ਼ਰਮ ਕਾਰਨ ਪੈਦਾ ਹੋਈਆਂ ਉਚ-ਨੀਚ, ਛੂਆ-ਛਾਤ ਤੇ ਭਿੱਟ-ਵਹਿਮ ਦੀਆਂ ਸਮਾਜਿਕ ਬੁਰਾਈਆਂ ਨੂੰ ਸਿੱਖ ਪੰਥ ਵਿੱਚੋਂ ਖਾਰਜ ਕਰਨ ਲਈ ਇਸ ਸੰਸਥਾ ਨੇ ਬੜੀ ਅਹਿਮ ਭੂਮਿਕਾ ਨਿਭਾਈ। ਦੂਜੇ ਪਾਸੇ ਸਿੱਖਾਂ ਵਿਚ ਭਾਈਚਾਰਾ, ਬਰਾਬਰੀ, ਹਲੀਮੀ ਤੇ ਪਰਉਪਕਾਰ ਆਦਿ ਵਰਗੀਆਂ ਉੱਚੀਆਂ ਕਦਰਾਂ-ਕੀਮਤਾਂ ਦਾ ਸੰਚਾਰ ਕਰਨ ਤੇ ਪੰਥ ਨੂੰ ਏਕੇ ਦੇ ਸੂਤਰ ਵਿਚ ਬੰਨ੍ਹਣ ਲਈ ਇਸ ਸੰਸਥਾ ਨੇ ਵਡਮੁੱਲਾ ਯੋਗਦਾਨ ਪਾਇਆ। ਸਿੱਖ ਪੰਥ ਦੇ ਸੰਗਠਨਾਤਮਿਕ ਢਾਂਚੇ ਦੀ ਕਾਰਜ-ਕੁਸ਼ਲਤਾ ਦਾ ਭੇਦ ਕਾਫੀ ਹੱਦ ਤਕ ਲੰਗਰ ਦੇ ਸੁਚੱਜੇ ਪ੍ਰਬੰਧ ਵਿਚ ਵਿਦਮਾਨ ਹੈ। ■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

ਲੈਕਚਰ:

# ਸਿੱਖ ਪ੍ਰਚਾਰਕ ਕਿਹੋ ਜਿਹਾ ਹੋਵੇ?

*-ਪ੍ਰਿੰਸੀਪਲ ਸੁਰਿੰਦਰ ਸਿੰਘ**

ਬਾਦਸ਼ਾਹ ਦਰਵੇਸ਼, ਦੋ ਜਹਾਨਾਂ ਦੇ ਵਾਲੀ, ਸਾਹਿਬ-ਏ-ਕਮਾਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਫ਼ਤਹਿ ਪ੍ਰਵਾਨੋ ਜੀ:

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਧੰਨ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੈਠੇ ਹਾਂ, ਤੀਸਰੇ ਸਤਿਗੁਰੂ ਗੁਰੂ ਅਮਰਦਾਸ ਜੀ ਦਾ ਆਪ ਜੈਸੇ ਗੁਰਸਿੱਖਾਂ ਸਬੰਧੀ ਫ਼ੁਰਮਾਨ ਹੈ:

*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥*
*ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥*
*ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥* ੧

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੩)*

ਹੁਣ ਖ਼ਿਆਲ ਕਰਿਓ ਐਸਾ ਕਿਹੜਾ ਰਹਿਬਰ ਹੈ? ਐਸਾ ਕੌਣ ਪੈਗ਼ੰਬਰ ਹੈ, ? ਜਿਸਨੇ ਆਪਣੇ ਸੇਵਕਾਂ ਨੂੰ ਐਨਾ ਮਾਣ ਦਿੱਤਾ ਹੋਵੇ, ਕਿ ਗੁਰਸਿਖੋ! ਜੇ ਤੁਸੀਂ ਗੁਰੂ ਕੇ ਭਾਣੇ, ਗੁਰੂ ਕੇ ਹੁਕਮ, ਅਥਵਾ ਗੁਰੂ ਕੀ ਦੱਸੀ ਹੋਈ ਜੀਵਨ ਜੁਗਤ ਜਾਂ ਮਰਯਾਦਾ ਦੇ ਵਿਚ ਚੱਲਦੇ ਹੋ ਨਾ, ਤਾਂ ਮੈਂ ਤੁਹਾਡੇ ਚਰਨਾਂ ਦੀ ਧੂੜੀ ਲੋਚਦਾ ਹਾਂ, ਤੁਹਾਡੇ ਤੋਂ ਕੁਰਬਾਨ ਜਾਂਦਾ ਹਾਂ, ਤੁਹਾਡੇ ਅੱਗੇ ਆਪਣਾ ਸੀਸ ਨਿਵਾਉਂਦਾ ਹਾਂ।

ਖ਼ੈਰ! ਮੈਨੂੰ ਵਿਸ਼ਾ ਦਿੱਤਾ ਗਿਆ ਸੀ ਕਿ ਸਿੱਖ ਪ੍ਰਚਾਰਕ ਕੈਸਾ ਹੋਵੇ, ? ਅਤੇ ਸਿੱਖ ਧਰਮ ਦੀ ਪ੍ਰਚਾਰ ਲਹਿਰ ਕਿਵੇਂ ਪ੍ਰਚੰਡ ਕੀਤੀ ਜਾ ਸਕਦੀ ਹੈ? ਬੜੇ ਸੰਖੇਪ ਜਿਹੇ ਸ਼ਬਦਾਂ ਵਿਚ ਮੈਂ ਬੇਨਤੀ ਕਰ ਲਵਾਂ, ਕਿ ਹਿੰਦੂ ਮੱਤ ਅਤੇ ਯੋਗ ਮੱਤ ਦੇ ਵਿਚ, ਇੱਕ ਗੱਲ ਨੂੰ ਵਿਸ਼ੇਸ਼ ਮਹਾਨਤਾ ਦਿੱਤੀ ਗਈ ਹੈ, ਉਹ ਹੈ, 'ਤ੍ਰਿਵੈਣੀ ਸੰਗਮ' ਦੀ, ਤ੍ਰਿਵੈਣੀ ਪਰਾਗਰਾਜ ਦੇ ਵਿਚ (ਹੈ), ਹਿੰਦੂ ਭਰਾਵਾਂ ਦਾ ਵਿਸ਼ਵਾਸ ਹੈ ਕਿ ਉੱਥੇ ਗੰਗਾ, ਜਮਨਾ ਪ੍ਰਤੱਖ ਰੂਪ ਵਿਚ, ਅਤੇ ਇੱਕ ਨਦੀ ਸਰਸਵਤੀ ਜਿਹੜੀ ਏ ਨਾ, ਉਹ ਗੁਪਤ ਰੂਪ ਵਿਚ ਹੈ, ਇਸ ਤਰ੍ਹਾਂ ਤਿੰਨ ਨਦੀਆਂ ਮਿਲਦੀਆਂ ਨੇ, ਅਤੇ ਮਾਘੀ ਵਾਲੇ ਦਿਨ ਉੱਥੇ ਕੀਤਾ ਹੋਇਆ ਇਸ਼ਨਾਨ ਬੜੀ ਮਹੱਤਤਾ ਰੱਖਦਾ ਹੈ। ਜੋਗ ਮੱਤ ਵਾਲੇ ਇਸ ਦਾ ਖੰਡਨ ਕਰਦੇ ਹੋਏ ਕਹਿੰਦੇ ਨੇ ਕਿ ਤਿੰਨ ਨਾੜਾਂ ਜਿਹੜੀਆਂ ਨੇ, ਉਹ ਦਸਮ ਦੁਆਰ ਵਿਚ ਜਾ ਕੇ ਇੱਕਠੀਆਂ ਹੋ ਜਾਣ ਤਾਂ ਉਸੇ ਹੀ ਤ੍ਰਿਵੈਣੀ ਦੇ ਇਸ਼ਨਾਨ ਵਾਂਗ (ਨਾਲ) ਬੰਦੇ ਦਾ ਜਨਮ ਸਫ਼ਲਾ ਹੋ ਜਾਂਦਾ ਹੈ।

---

** ਗੁਰਪੁਰਵਾਸੀ, (ਸਾਬਕਾ ਜੂਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)।*

ਮਹਾਨ ਆਤਮਾ, ਬ੍ਰਹਮ-ਗਿਆਨੀ, ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰੋਂ ਘਰੋਂ ਵਰੋਸਾਏ ਹੋਏ, ਬਾਬਾ (ਭਗਤ) ਬੇਣੀ ਜੀ ਨੇ, ਆਪਣੀ ਪਾਵਨ ਬਾਣੀ ਵਿਚ ਇਸ ਸੰਗਮ ਦਾ ਵਿਸ਼ੇਸ਼ ਜ਼ਿਕਰ ਕਰਦੇ ਹੋਏ ਆਖਿਆ ਕਿ:

*ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥*
*ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥*
ਰਾਮਕਲੀ ਬਾਣੀ ਬੇਣੀ ਜੀਉ ਕੀ *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੪)*

ਭਾਵ ਕਿ ਸਿੱਖ ਦੇ ਲਈ, ਜਾਂ ਪਰਮਾਤਮਾ ਦੇ ਭਗਤ ਦੇ ਲਈ, ਨਾ ਕਿਸੇ ਤੀਰਥ ਅਸਥਾਨ 'ਤੇ ਜਾਣ ਦੀ ਲੋੜ ਹੈ, ਅਤੇ ਨਾ ਹੀ ਈੜਾ, ਪਿੰਗਲਾ ਅਤੇ ਸੁਖਮਨਾ, ਇਨ੍ਹਾਂ ਤਿੰਨ ਨਾੜੀਆਂ ਨੂੰ ਮਿਲਾਉਣ ਦਾ ਅਭਿਆਸ ਕਰਨ ਦੀ ਲੋੜ ਹੈ। ਸਿੱਖ ਤਾਂ ਕੇਵਲ ਤੇ ਕੇਵਲ ਗੁਰੂ ਦੀ ਸ਼ਰਨ ਵਿਚ ਆ ਜਾਵੇ ਨਾ, ਅਤੇ ਗੁਰੂ ਕਿਰਪਾ ਦੇ ਨਾਲ, ਸਿੱਖ ਦੀ ਆਤਮਾ ਦਾ ਪਰਮਾਤਮਾ ਦੇ ਨਾਲ ਸੰਗਮ ਹੋ ਜਾਂਦਾ ਹੈ ਅਤੇ ਮਨੁੱਖਾਂ ਦਾ ਜਨਮ ਸਫ਼ਲਾ ਹੋ ਜਾਂਦਾ ਹੈ। ਦਰਅਸਲ, ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੇ ਵਿਚ ਵੀ, ਮੈਂ ਸਮਝਦਾ ਹਾਂ ਕਿ ਤ੍ਰਿਵੈਣੀ ਸੰਗਮ ਦੀ ਵਿਸ਼ੇਸ਼ ਮਹਾਨਤਾ ਹੈ। ਉਹ 'ਤ੍ਰਿਵੈਣੀ' ਸੰਗਮ ਕਿਹੜਾ ਹੋਵੇਗਾ? ਸਤਿਗੁਰੂ ਜੀ ਦਾ ਪਾਵਨ ਫ਼ੁਰਮਾਨ ਹੈ:

*ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥*
*ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

ਇਸ ਗੁਰੂ ਰੂਪੀ ਸਮੁੰਦਰ ਦੇ ਵਿੱਚੋਂ ਜਿਹੜੀਆਂ ਨਦੀਆਂ ਵਹਿੰਦੀਆਂ ਨੇ ਨਾ, ਉਨ੍ਹਾਂ ਵਿਚ ਵੀ ਸਿੱਖ ਲਈ ਇਸ਼ਨਾਨ ਕਰਨਾ ਜ਼ਰੂਰੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਿੱਖ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ ਵੀ ਸਾਨੂੰ ਤਿੰਨ ਨਦੀਆਂ ਮੰਨ ਲੈਣੀਆਂ ਚਾਹੀਦੀਆਂ ਹਨ, ਉਹ ਨੇ ਸਤਸੰਗਤ, ਪ੍ਰਬੰਧਕ ਅਤੇ ਪ੍ਰਚਾਰਕ। ਕਿਉਂਕਿ ਜੇ ਸਿੱਖ, ਗੁਰਬਾਣੀ ਦੇ ਨਾਲ ਜੁੜਿਆ ਹੋਵੇਗਾ ਭਾਵ ਜੇ ਸੰਗਤ ਜਿਹੜੀ ਉਸ ਦੀ ਹੋਵੇਗੀ, ਉਹ ਸਤਸੰਗਤ ਹੋਵੇਗੀ ਅਤੇ ਗੁਰਬਾਣੀ ਨਾਲ ਜੁੜੀ ਹੋਵੇਗੀ ਤਾਂ ਚੰਗੇ ਪ੍ਰਬੰਧਕ ਆਉਣਗੇ ਅਤੇ ਜੇ ਚੰਗੇ ਪ੍ਰਬੰਧਕ ਆਉਣਗੇ ਤਾਂ ਉਸ ਦੇ ਨਾਲ ਹੀ ਚੰਗੇ ਪ੍ਰਚਾਰਕ ਵੀ ਨਿਯੁਕਤ ਕੀਤੇ ਜਾਣਗੇ, ਔਰ ਜੇ ਇਹ ਤਿੰਨ ਨਦੀਆਂ ਦਾ ਸੰਗਮ ਹੋ ਜਾਵੇ ਨਾ, ਤਾਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਚੜ੍ਹਦੀ ਕਲਾ ਹੋ ਸਕਦੀ ਹੈ, ਔਰ ਇਸ ਦੇ ਨਾਲ ਹੀ *'ਘਰਿ ਘਰਿ ਅੰਦਰਿ ਧਰਮਸਾਲ'* ਦੀ ਲਹਿਰ ਨੂੰ ਵੀ ਭਰਪੂਰ ਹੁੰਗਾਰਾ ਮਿਲ ਸਕਦਾ ਹੈ।

ਗੱਲ ਯਾਦ ਰੱਖਣ ਵਾਲੀ, ਕਿ ਪ੍ਰਚਾਰ ਦੀ ਜਦੋਂ ਅਸੀਂ ਗੱਲ ਕਰਦੇ ਹਾਂ, ਤਾਂ ਪ੍ਰਚਾਰਕਾਂ ਦੀ ਹੋਂਦ ਬਹੁਤ ਜ਼ਰੂਰੀ ਹੈ। ਹੁਣ ਪ੍ਰਚਾਰਕ ਦੀ ਗੁਰਬਾਣੀ ਅੰਦਰ ਕੀ ਪਰਿਭਾਸ਼ਾ ਦਿੱਤੀ ਹੋਈ ਹੈ? ਸੱਚੇ ਪਾਤਸ਼ਾਹ ਜੀ ਨੇ ਪਾਵਨ ਬਾਣੀ ਦੇ ਵਿਚ, ਕੋਈ ਨਵੀਂ ਜਾਂ ਵੱਖਰੀ ਪੁਜਾਰੀ ਸ਼੍ਰੇਣੀ ਪੈਦਾ ਨਹੀਂ ਕੀਤੀ। ਆਦਿ ਕਾਲ ਤੋਂ ਦੋ ਕਿਸਮ ਦੇ ਪ੍ਰਚਾਰਕਾਂ

ਨੇ ਧਰਮ ਪ੍ਰਚਾਰ ਦੀ ਸੇਵਾ ਨਿਭਾਈ ਹੈ, ਜਾਂ ਪ੍ਰੋਫੈਸ਼ਨਲ (ਪੇਸ਼ਾਵਾਰ) ਪ੍ਰਚਾਰਕ ਜਾਂ ਨਿਸ਼ਕਾਮ ਪ੍ਰਚਾਰਕ, ਔਰ ਦੋਵਾਂ ਪ੍ਰਚਾਰਕਾਂ ਦੀ, ਸੱਚੇ ਪਾਤਸ਼ਾਹ ਨੇ ਕਿਹਾ, ਬਈ ! ਮੇਰੇ ਧਰਮ ਦਾ ਪ੍ਰਚਾਰ ਕਰਨ ਦੇ ਲਈ ਨਾ, ਕੋਈ ਵਿਸ਼ੇਸ਼ ਰਾਗੀ, ਗ੍ਰੰਥੀ ਜਾਂ ਪ੍ਰਚਾਰਕ ਸ਼੍ਰੇਣੀ ਨਹੀਂ, ਬਲਕਿ ਹਰ ਸਿੱਖ ਦੀ ਡਿਊਟੀ ਲਗਾ ਦਿੱਤੀ ਸੱਚੇ ਪਾਤਸ਼ਾਹ ਜੀ ਨੇ ਕਿ:

*ਆਪਿ ਜਪਹੁ ਅਵਰਹ ਨਾਮੁ ਜਪਾਵਹੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੦)*

ਬਈ ਗੁਰਸਿੱਖ ਨੇ ਆਪ ਬਾਣੀ ਨੂੰ ਸਮਝਣਾ ਹੈ ਅਤੇ ਬਾਕੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਹੈ। ਇਸੇ ਲਈ ਸੱਚੇ ਪਾਤਸ਼ਾਹ ਕਹਿੰਦੇ:

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੬)*

ਤੁਹਾਨੂੰ ਗੁਰਸਿੱਖੋ ਮਾਣ ਦਿੱਤਾ ਹੈ ਅਤੇ ਹੁਣ ਸਵਾਲ ਇਹ ਹੈ ਕਿ ਧਰਮ ਪ੍ਰਚਾਰ ਦੀ ਲੋੜ ਕਿਉਂ ਹੈ? ਕਿਉਂਕਿ ਇਸ ਅਟੱਲ ਸੱਚਾਈ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ, ਕਿ ਧਰਮ ਭਾਵੇਂ ਕਿੰਨਾ ਵਧੀਆ, ਉਹਦੇ ਸਿਧਾਂਤ ਕਿੰਨੇ ਵੀ ਵਧੀਆ ਕਿਉਂ ਨਾ ਹੋਣ ਪਰ ਜਦੋਂ ਤਕ ਪ੍ਰਚਾਰ ਅਤੇ ਪ੍ਰਸਾਰ ਨਾ ਕੀਤਾ ਜਾਵੇ ਤਾਂ ਉਸ ਧਰਮ ਦਾ ਵਿਕਾਸ ਅਤੇ ਵਿਗਾਸ ਨਹੀਂ ਹੋ ਸਕਦਾ। ਅਸੀਂ ਜਦੋਂ ਆਪਣੇ ਇਤਿਹਾਸ ਵੱਲ ਦੇਖਦੇ ਹਾਂ, ਤਾਂ ਇਹੋ ਹੀ ਕਾਰਨ ਸੀ ਕਿ ਦਸ ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਦੇ ਲਈ ਵਿਸ਼ੇਸ਼ ਪੁਲਾਂਘਾਂ ਪੁੱਟੀਆਂ। ਤੀਜੇ ਜਾਮੇ ਵਿਚ ੨੨ ਮੰਜੀਆਂ ਅਤੇ ੫੨ ਪੀੜ੍ਹੇ, ਚੌਥੇ ਅਤੇ ਪੰਜਵੇਂ ਜਾਮੇ ਵਿਚ ਮਸੰਦ ਸਿਸਟਮ, ਛੇਵੇਂ ਜਾਮੇ ਵਿਚ ਚਾਰ ਧੂਣੀਆਂ (ਧੂਣੇ) ਸੱਤਵੇਂ ਜਾਮੇ ਦੇ ਵਿਚ ਤਿੰਨ (ਛੇ) ਬਖਸ਼ਿਸ਼ਾਂ ਔਰ ਅੱਠਵੇਂ ਜਾਮੇ ਦੇ ਵਿਚ ਭਾਈ ਛੱਜੂ ਜੀ ਵਰਗੇ, ਜਿਨ੍ਹਾਂ ਨੂੰ ਜਾਤ ਅਭਿਮਾਨੀ ਲੋਕ ਸਮਝਦੇ ਸਨ, ਕਿ ਇਹ ਗਰੀਬੜੇ ਨੂੰ ਕੀ ਪਤਾ, ਗੀਤਾ ਦੇ ਸਲੋਕ ਦੇ ਅਰਥ ਪੁੱਛੇ ਤਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਨਿਰ-ਉੱਤਰ ਕਰ ਦਿੱਤਾ ਗਿਆ ਸਵਾਲ ਪੁੱਛਣ ਵਾਲੇ ਨੂੰ ਅਤੇ ਫਿਰ ਭਾਈ ਛੱਜੂ ਨੂੰ ਜਗਨਨਾਥ ਪੁਰੀ ਭੇਜਿਆ ਧਰਮ ਪ੍ਰਚਾਰ ਦੇ ਲਈ ਸੱਚੇ ਪਾਤਸ਼ਾਹ ਨੇ। ਨੌਵੇਂ ਜਾਮੇ ਵਿਚ ਸਤਿਗੁਰੂ ਜੀ ਨੇ ਆਪ ਲੰਮੇ ਪ੍ਰਚਾਰਕ ਦੌਰ ਕੀਤੇ, ਅਤੇ ਦਸਵੇਂ ਜਾਮੇ ਵਿਚ ਪਾਉਂਟਾ ਸਾਹਿਬ ਤੋਂ ਜੋ ਨਿਰਮਲਾ ਸੰਪਰਦਾ[੪] ਦੀ ਗੱਲ ਉਹ ਧਰਮ ਪ੍ਰਚਾਰ ਦੇ ਵਿਕਾਸ ਲਈ ਹੀ ਕੀਤੀ ਗਈ ਸੀ।

ਪ੍ਰਚਾਰਕ ਕੈਸਾ ਹੋਵੇ? ਮੈਂ ਸੰਖੇਪ ਵਿਚ ਹੀ ਗੱਲ ਕਰਦਾ ਜਾ ਰਿਹਾ ਹਾਂ, ਕਿ ਜਿਹੜਾ ਪ੍ਰਚਾਰਕ ਹੈ ਨਾ, ਤਾਂ ਉਹ ਗੁਰੂ ਨਾਨਕ ਪਾਤਸ਼ਾਹ ਜੀ ਨਾਲੋਂ ਵੱਡਾ ਪ੍ਰਚਾਰਕ ਸੰਸਾਰ ਦੇ ਵਿਚ ਕੋਈ ਹੋਇਆ ਹੀ ਨਹੀ, ਔਰ ਪਾਵਨ ਬਾਣੀ ਵਿਚ ਇਹ ਗੱਲ ਲਿਖੀ ਕਿ:

*ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੬)*

ਇਸ ਲਈ ਗੁਰੂ ਨਾਨਕ ਪਾਤਸ਼ਾਹ ਦੇ ਮੱਤ ਦਾ ਪ੍ਰਚਾਰਕ, ਗੁਰੂ ਨਾਨਕ ਮਹਾਰਾਜ ਜੀ ਵਰਗਾ ਹੀ ਹੋਣਾ ਚਾਹੀਦਾ ਹੈ; ਅਤੇ ਪ੍ਰਚਾਰਕ ਦੀ ਡਿਊਟੀ ਕੀ ਹੈ?

ਮੈਂ ਇੱਕ-ਇੱਕ ਲਾਈਨ ਦੇ ਵਿਚ ਟਾਈਮ ਦਾ ਧਿਆਨ ਰੱਖਦਾ ਹੋਇਆ ਦੱਸਦਾ ਜਾ ਰਿਹਾ ਹਾਂ। ਪ੍ਰਚਾਰਕ ਦੀ ਡਿਊਟੀ ਜਿਵੇਂ ਮੌਲਾਨਾ ਰੂਮੀ ਜੀ ਕਹਿੰਦੇ ਨੇ ਕਿ, 'ਤੂ ਬਰਾਏ ਵਸਲ ਕਰਦਨ ਆਮਦੀ ਨੈ ਬਰਾਇ ਫ਼ਸਲ ਕਰਦਨ ਆਮਦੀ।'

ਭਾਵ ਕਿ ਐ ਬੰਦੇ! ਖ਼ੁਦਾ/ਅੱਲ੍ਹਾ-ਤਾਲਾ ਨੇ ਤੈਨੂੰ ਭੇਜਿਆ ਹੀ ਇਸ ਲਈ ਹੈ ਕਿ ਤੂੰ ਸਭ ਨੂੰ ਮਿਲਾਵੇਂ ਨਾ ਕਿ ਤੋੜ-ਵਿਛੋੜੇ ਪਾਵੇਂ, ਅਤੇ ਇੱਧਰ ਸੱਚੇ ਸਤਿਗੁਰੂ ਜੀ ਪਰਿਭਾਸ਼ਾ ਦਿੰਦੇ ਹੋਏ, ਪਾਵਨ ਬਾਣੀ ਵਿਚ ਸਮਝਾਉਂਦੇ ਬਚਨ ਕਰਦੇ ਹਨ:

*ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)*

ਸਾਡੇ ਸਤਿਗੁਰੂ ਨੇ ਸਾਰੀ ਮਾਨਵਤਾ ਨੂੰ, ਇੱਕ ਪਲੇਟਫ਼ਾਰਮ 'ਤੇ ਇਕੱਠਾ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ, ਮਹਾਪੁਰਸ਼ਾਂ ਦੀ ਬਾਣੀ, ਮੇਰੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ। ਕਿਉਂਕਿ ਪ੍ਰਚਾਰਕ ਮਨੁੱਖੀ ਏਕਤਾ ਦਾ ਮੁੱਦਈ ਹੋਣਾ ਚਾਹੀਦਾ ਹੈ, ਜੋ ਸਭ ਤੋਂ ਪਹਿਲੀ ਪ੍ਰਚਾਰਕ ਵਾਸਤੇ ਜ਼ਰੂਰੀ ਗੱਲ ਹੈ। ਕਿਉਂਕਿ, ਮਨੁੱਖੀ ਏਕਤਾ ਦੀ ਗੱਲ, ਨਾ ਕੋਰਾ ਅਧਿਆਤਮਕਵਾਦ ਕਰ ਸਕਿਆ ਜਿਸਨੇ ਹਮੇਸ਼ਾਂ ਹੀ ਸਮਾਜ ਤੋਂ ਭੱਜਣ ਦਾ ਹੀ ਉਪਦੇਸ਼ ਦਿੱਤਾ, ਭਗੌੜੇ ਹੋਣ ਦਾ, ਅਤੇ ਨਾ ਐਟਮ-ਬੰਬ ਜਾਂ ਪਰਮਾਣੂਵਾਦ, ਜਿਹੜਾ ਕਿ ਸਰਬਨਾਸ਼ ਕਰਨ ਲਈ ਪਲਾਨ ਕਰੀ ਬੈਠਾ ਹੈ, ਨਾ ਉਹ ਮਨੁੱਖੀ ਏਕਤਾ ਦੀ ਗੱਲ ਕਰ ਸਕਿਆ ਹੈ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਜੀ ਦੀ ਪਾਵਨ ਬਾਣੀ ਦਾ, ਵਿਸ਼ਾ-ਵਸਤੂ ਹੀ ਏਕਤਾ ਹੈ। ਪ੍ਰਭੂ-ਏਕਤਾ, ਕਿਉਂਕਿ ਪਰਮਾਤਮਾ ਇੱਕ ਹੈ। ਪਰ ਮਨੁੱਖਾਂ ਨੇ, ਪੁਜਾਰੀਵਾਦ ਨੇ, ਪਹਿਲਾਂ ਉਸ ਦੇ ਤਿੰਨ ਹਿੱਸੇ ਕੀਤੇ, ਫਿਰ ਤਿੰਨ ਤੋਂ ੩੩ ਕਰੋੜ ਕਰ ਦਿੱਤੇ। ਪਰ *ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ* ਭਾਵ ਗੁਰੂ ਪਾਤਸ਼ਾਹ ਨੇ ਇਸ ਸੰਸਾਰ ਵਿਚ ਆ ਕੇ- *ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥*ਦਾ ਨਾਅਰਾ ਦਿੱਤਾ। ਗੁਰੂ ਜੀ ਨੇ ਏਕਤਾ ਦੀ ਗੱਲ ਕੀਤੀ, ਪਹਿਲਾਂ (ਸਾਰੇ) ਘਰ ਦੇ ਵਿਚ ਏਕਤਾ ਹੋਣੀ ਚਾਹੀਦੀ ਹੈ, ਕਿਉਂਕਿ ਨਹੀਂ ਤਾਂ ਪਰਵਾਰ ਦੇ ਹਰੇਕ ਮੈਂਬਰ ਦਾ ਇੱਕ-ਇੱਕ ਗੁਰੂ ਹੁੰਦਾ ਸੀ, ਫਿਰ ਵੀ ਵਹਿਮ-ਭਰਮ, ਪਾਖੰਡ-ਕਰਮ-ਕਾਂਡ ਵੀ ਵਾਧੂ ਹੁੰਦੇ ਸਨ, ਸ਼ਾਇਦ ਬਾਬਾ (ਭਗਤ) ਕਬੀਰ ਜੀ ਨੂੰ ਤਾਂ ਹੀ ਕਹਿਣਾ ਪਿਆ ਸੀ ਕਿ:

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥*
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੯)*

ਫਿਰ ਮਨੁੱਖੀ ਏਕਤਾ, ਵਿਸ਼ਵ ਏਕਤਾ ਬਾਰੇ ਸਾਰੇ ਪ੍ਰਮਾਣ ਬਾਣੀ ਦੇ ਵਿਚੋਂ ਦਿੱਤੇ ਜਾ ਸਕਦੇ ਨੇ, ਪਰ ਮੈਂ ਮਜਬੂਰ ਹਾਂ ਆਪਣੇ ਸਮੇਂ ਦਾ ਧਿਆਨ ਰੱਖਦਾ ਹੋਇਆ ਕਿ ਜ਼ਿਆਦਾ ਵਿਸਥਾਰ ਨਹੀਂ ਦੇ ਸਕਦਾ।

ਸਭ ਤੋਂ ਜ਼ਰੂਰੀ ਗੱਲ ਪ੍ਰਚਾਰਕ ਵਾਸਤੇ ਇਹ ਵੀ ਹੈ ਕਿ ਉਹ ਸਮੇਂ ਦਾ ਹਾਣੀ

ਹੋਣਾ ਚਾਹੀਦਾ। ਅੱਜ ਦੋ ਹਿੱਸਿਆਂ ਵਿਚ ਵੰਡੇ ਗਏ ਨੇ ਸਾਡੇ ਪ੍ਰਚਾਰਕ, ਇੱਕ ਉਹ ਜੋ ਕਹਿੰਦੇ ਨੇ ੫੦੦ ਸਾਲ ਪਿਛਾਂਹ ਚੱਲੇ ਜਾਓ, ਬੀਤ ਚੁੱਕੇ ਦਾ ਝੋਰਾ ਉਨ੍ਹਾਂ ਨੂੰ ਖਾ ਰਿਹਾ ਏ, ਤੇ ਦੂਸਰੇ ਐਨੇ ਅਗਾਂਹਵਧੂ ਹੋ ਗਏ, ਜਿਹੜੇ ਧਰਮ ਤੋਂ ਵੀ ਬਾਗ਼ੀ ਹੋ ਕੇ, ਸਿੱਖੀ ਸਰੂਪ ਤੋਂ ਵੀ ਬਾਗ਼ੀ ਹੋ ਕੇ ਚੱਲ ਪਏ, ਪਰ ਸਾਨੂੰ ਇਹ ਹੁਕਮ ਸੀ ਕਿ:

*ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।* *(ਵਾਰ ੧੮:੨੧)*

ਅਤੇ ਇਸ ਲਈ

*ਗੁਰਮੁਖ ਸੁਖ ਫਲ ਸਹਜਿ ਘਰਿ ਵਰਤਮਾਨ ਅੰਦਰਿ ਵਰਤੰਦਾ॥* *(ਵਾਰ ੧੯:੩)*

ਸਾਡਾ ਪ੍ਰਚਾਰਕ ਜਿਹੜਾ ਹੈ, ਉਹ ਵਰਤਮਾਨ ਦੀਆਂ ਸਾਰੀਆਂ ਸਮੱਸਿਆਵਾਂ ਗੁਰੂ ਤੋਂ ਪੁੱਛ ਕੇ, ਹੱਲ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਐਸਾ ਨਾ ਹੋਵੇ, ਇੱਕ ਛੋਟੀ ਜਿਹੀ ਕਹਾਣੀ ਚੇਤੇ ਆ ਗਈ, ਕੋਈ ਬੰਦਾ ਰੁੱਖ 'ਤੇ ਚੜ੍ਹ ਗਿਆ, ਬਾਅਦ ਵਿਚ ਉਤਰਨਾ ਨਾ ਆਵੇ। ਸਾਰਾ ਪਿੰਡ ਇਕੱਠਾ ਹੋ ਗਿਆ, ਪਤਾ ਨਾ ਲੱਗੇ। ਅੰਤ, ਬਹੁਤ ਵੱਡੀ ਉਮਰ ਦੇ ਬਜ਼ੁਰਗ ਨੂੰ ਲਿਆਏ ਸੱਦ ਕੇ, ਕਹਿਣ ਲੱਗੇ, 'ਬਾਬਾ ਜੀ ਕੁਝ ਸੋਚੋ ਉਤਰ ਨਹੀਂ ਹੁੰਦਾ।' ਅੱਗੋਂ ਬਾਬਾ ਕਹਿੰਦਾ, 'ਪਿਛਾਂਹ ਹੱਟ ਜਾਓ, ਇੱਕ ਰੱਸਾ ਲਿਆਓ ਲੰਬਾ ਜਿਹਾ, ਅਤੇ ਫਿਰ ਉਹਨੂੰ ਕਿਹਾ ਆਪਣੇ ਲੱਕ ਨੂੰ ਬੰਨ੍ਹ ਲੈ, ਸਾਰੇ ਪਿੰਡ ਨੂੰ ਲਾ ਦਿੱਤਾ ਕਿ ਬਈ ਲਉ ਖਿਚੋ ਹੁਣ ਇਸਨੂੰ, (ਰੁੱਖ 'ਤੇ ਚੜ੍ਹੇ) ਵਿਚਾਰੇ (ਬੰਦੇ) ਨੇ ਬੜਾ ਜ਼ੋਰ ਲਾਇਆ ਕਿ ਬੱਚ ਜਾਵਾਂ, ਪਰ ਹੋਣਾ ਕੀ ਸੀ (?), ਥੱਲੇ ਡਿੱਗਿਆ ਅਤੇ ਰਾਮ ਨਾਮ ਸੱਤ ਹੋ ਗਈ। ਜਦੋਂ ਲੋਕਾਂ ਨੇ ਆ ਕੇ ਦੇਖਿਆ ਅਤੇ ਆਖਿਆ, 'ਬਾਬਾ ਜੀ ਇਹ ਤਾਂ ਚੜ੍ਹਾਈ ਕਰ ਗਿਆ' ਤਾਂ ਅੱਗੋਂ ਬਾਬਾ ਕਹਿੰਦਾ, 'ਮੈਂ ਤਾਂ ਖੂਹ ਦੇ ਵਿਚੋਂ ਬੰਦੇ ਇੱਦਾਂ ਹੀ ਕੱਢਦਾ ਹੁੰਦਾ ਸੀ।'

ਵੇਖਿਓ! ਕਿਤੇ ਸਾਡੀ ਹਾਲਤ ਵੀ ਇੱਦਾਂ ਦੀ ਨਾ ਹੋ ਜਾਵੇ, ਕਿ ਜੇ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਆਧੁਨਿਕ ਜ਼ਮਾਨੇ ਦੇ ਮਾਲਕ ਬਣਾਇਆ, ਇਸ ਲਈ ਵਰਤਮਾਨ ਚਾਹੇ ਅੱਜ ਦਾ ਸਮਾਂ ਏ, ਜਾਂ ਆਣ ਵਾਲੇ ੧੦੦ ਸਾਲ ਦਾ, ਜਾਂ ਆਉਣ ਵਾਲੇ ਹਜ਼ਾਰ ਸਾਲ ਦਾ, ਸਿੱਖ ਨੇ ਆਪਣੇ ਜੀਵਨ ਨੂੰ ਗੁਰਬਾਣੀ ਸਿਧਾਂਤਾਂ ਦਾ ਆਧਾਰ ਬਣਾ ਕੇ ਵਰਤਮਾਨ ਵਿਚ ਹੀ ਵਰਤਣਾ ਹੈ ਅਤੇ ਸਮੇਂ ਦਾ ਹਾਣੀ ਬਣ ਕੇ ਧਰਮ-ਪ੍ਰਚਾਰ ਦੀ ਸੇਵਾ ਕਰਨੀ ਹੈ।

ਦੂਜੀ ਗੱਲ! ਸੱਭ ਤੋਂ ਵੱਡੀ, ਏਕਤਾ ਦਾ ਮੁੱਦਈ ਹੋਣਾ (ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ)। ਸਤਿਗੁਰ ਨੇ ਪਾਵਨ ਬਾਣੀ ਦੇ ਵਿਚ, ਇਹ ਗੱਲ ਸਮਝਾ ਦਿੱਤੀ ਕਿ ਪ੍ਰਚਾਰਕ ਖੇਤਰ ਦੇ ਵਿਚ ਸੇਵਾ ਨਿਭਾਉਣ ਵਾਲੇ ਬਹੁਤ ਗੁਰਮੁਖ ਪਿਆਰੇ ਹੋਣਗੇ, ਪਰ ਸਿੱਖਾ ਤੈਂ ਯਾਦ ਰੱਖਣਾ, ਜਦ ਧਰਮ ਪ੍ਰਚਾਰ ਦੇ ਖੇਤਰ ਵਿਚ ਆਣਾ ਤਾਂ-

*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੧)*

ਗੁਰਮੁਖ, ਭਾਵੇਂ ਕਾਲੀ ਪੱਗ ਵਾਲਾ ਹੋਵੇ ਭਾਵੇਂ ਚਿੱਟੀ ਪੱਗ ਵਾਲਾ ਹੋਵੇ, ਭਾਵੇਂ ਗੋਲ ਪੱਗ ਵਾਲਾ ਹੋਵੇ, ਭਾਵੇਂ ਪੋਚਵੀਂ ਪੱਗ ਵਾਲਾ ਹੋਵੇ, ਉਹਦੇ ਨਾਲ ਦੋਸਤੀ, ਉਹਦੇ

ਨਾਲ ਪਿਆਰ ਕਰਨਾ ਹੈ, ਪਰ*ਸਤਿਗੁਰ ਸਉ ਲਾਇ ਚਿਤੁ* (ਇਹ ਵੀ ਚੇਤੇ ਰੱਖਣਾ) ਕਿਤੇ ਅਮਾਨਤ ਦੇ ਵਿਚ ਉਹ ਖ਼ਿਆਨਤ ਤਾਂ ਨਹੀਂ ਪਾ ਰਿਹਾ, ਇਸ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਕਸਵੱਟੀ 'ਤੇ ਲਾ ਕੇ (ਹੀ) ਧਰਮ ਪ੍ਰਚਾਰ ਦੀ ਗੱਲ ਕਰਨੀ ਹੈ, ਅਤੇ ਧਰਮ ਪ੍ਰਚਾਰ ਦਾ ਵੀ ਨੁਕਤਾ ਸੱਚੇ ਪਾਤਸ਼ਾਹ ਨੇ ਬੜਾ ਸੌਖਾ ਜਿਹਾ ਸਮਝਾ ਦਿੱਤਾ, ਸਿੱਖਾ! ਯਾਦ ਰੱਖੀਂ ਕਿ *ਹਮ ਨਹੀ ਚੰਗੇ ਬੁਰਾ ਨਹੀ ਕੋਇ॥* ਜਾਂ *ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥* ਜਦੋਂ ਤੂੰ ਇਹ ਗੱਲ ਨੂੰ ਲੈ ਕੇ ਚੱਲੇਂਗਾ ਨਾ, ਫਿਰ ਮੇਰਾ ਦਾਅਵਾ ਹੈ ਕਿ ਕੌਮ ਦੇ ਸਾਰੇ ਝਗੜੇ ਉਹ ਪ੍ਰਚਾਰਕ ਲੋਕ ਹੀ ਖ਼ਤਮ ਕਰਨ ਦੇ ਸਮਰੱਥ ਹੋ ਜਾਣਗੇ। ਅਸੀਂ ਇਹ ਵੀ ਯਾਦ ਰੱਖਣਾ ਕਿ ਅਸੀਂ ਉਸ ਪੰਥ ਦੇ (ਵਾਰਸ ਹਾਂ, ਜਿਸ ਬਾਰੇ) ਸਰਬੰਸਦਾਨੀ ਦਸਮੇਸ਼ ਪਿਤਾ ਨੇ ਇਹ ਗੱਲ ਆਖੀ ਸੀ *'ਹੌ ਖ਼ਾਲਸੇ ਕਾ ਖ਼ਾਲਸਾ ਮੇਰੋ॥ ਓਤ ਪੋਤਿ ਸਾਗਰ ਬੂੰਦੇਰੋ॥'* [੬]

ਐ ਖ਼ਾਲਸਾ! ਇੱਕ ਗੱਲ ਯਾਦ ਰੱਖੀਂ ਕਿ ਤੂੰ ਇੱਕ ਵਿਸ਼ਾਲ ਸਾਗਰ ਹੈਂ ਅਤੇ ਮੈਂ ਇਸ ਵਿਸ਼ਾਲ ਖ਼ਾਲਸਾ ਰੂਪੀ ਸਾਗਰ ਦੀ ਇੱਕ ਨਿੱਕੀ ਜਿਹੀ ਬੂੰਦ ਹਾਂ, ਅਤੇ ਜਦੋਂ ਸਰਬੰਸਦਾਨੀ ਦਸਮੇਸ਼ ਪਿਤਾ ਸਾਨੂੰ ਇਹ ਗੱਲ ਕਹਿ ਸਕਦੇ ਨੇ ਕਿ ਖ਼ਾਲਸਾ! ਕਿ ਮੈਂ ਤੇਰੇ ਵਰਗੇ ਵਿਸ਼ਾਲ ਸਾਗਰ ਦੀ ਇੱਕ ਨਿੱਕੀ ਜਿਹੀ ਬੂੰਦ ਹਾਂ, ਤਾਂ ਫਿਰ ਅਸੀਂ ਇਸ ਗੱਲ ਦਾ ਕਿਉਂ ਦਾਅਵਾ ਕਰਦੇ ਹਾਂ (?) ਕਿ ਕੌਮ ਦੇ ਵਿਚ ਮੇਰੀ ਵਿਚਾਰਧਾਰਾ ਜਾਂ ਮੇਰੀ ਗੱਲ (ਹੀ) ਚੱਲਣੀ ਚਾਹੀਦੀ ਹੈ, ਅਸੀਂ ਸਰਬੰਸਦਾਨੀ ਦਸਮੇਸ਼ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆ ਬਖਸ਼ਿਸ਼ਾਂ ਦੇ ਪਾਤਰ ਤਾਂ ਹੀ ਬਣ ਸਕਦੇ ਹਾਂ, ਜੇ ਅਸੀਂ ਦਸਮੇਸ਼ ਪਿਤਾ ਜੀ ਦੇ ਵਾਂਗ ਆਪਣਾ ਆਪਾ ਮਿਟਾ ਕੇ, ਹਉਮੈਂ ਨੂੰ ਖ਼ਤਮ ਕਰ ਕੇ ਇਹ ਧਰਮ ਪ੍ਰਚਾਰ ਦੀ ਸੇਵਾ ਨਿਭਾਵਾਂਗੇ।

ਅਗਲੀ ਗੱਲ, ਚੌਦਾਂ ਗੁਣ[੭] ਲਿਖੇ ਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਪ੍ਰਚਾਰਕ ਦੇ, ਗੁਰਮਤਿ ਮਾਰਤੰਡ ਦੇ ਵਿਚ ਪੰਨਾ ਨੰ. ੧੪ 'ਤੇ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਚੌਦਾਂ ਦੇ ਵਿੱਚੋਂ ਮੈਂ ਕੇਵਲ ਚਾਰ ਦਾ ਜ਼ਿਕਰ ਕਰਨਾ ਹੈ, ਇਨ੍ਹਾਂ ਚੌਦਾਂ ਗੁਣਾਂ ਦੇ ਵਿੱਚੋਂ ਚਾਰ ਗੁਣ ਪ੍ਰਚਾਰਕ ਦੇ ਵਿਚ ਹੋਣੇ ਚਾਹੀਦੇ ਨੇ, ਸਭ ਤੋਂ ਪਹਿਲਾਂ ਉਸ ਦੀ ਵਿੱਦਿਅਕ ਯੋਗਤਾ ਜਿਹੜੀ ਹੈ ਨਾ, ਉਹ ਲਾ-ਮਿਸਾਲ ਹੋਵੇ। ਜਿੱਦਾਂ ਦੀ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਜੀ ਦੀ ਸੀ।

ਜੇ ਸੁਮੇਰ ਪਰਬਤ 'ਤੇ ਚਲੇ ਗਏ ਨੇ, ਸਿੱਧਾਂ ਦੇ ਮੂੰਹ ਦੇ ਵਿਚ ਪਾਣੀ ਭਰ ਗਿਆ, ਅਖੇ; ਐਦਾਂ ਦਾ ਕੋਈ ਪ੍ਰਚਾਰਕ ਜੇ ਸਾਡੇ ਪੰਥ ਦੇ ਵਿਚ ਸ਼ਾਮਲ ਹੋ ਜਾਵੇ ਤਾਂ ਸਾਡੇ ਪੰਥ ਦਾ ਨਾਮ ਰੋਸ਼ਨ ਕਰ ਸਕਦਾ ਹੈ, ਭਾਈ ਗੁਰਦਾਸ ਜੀ ਕਹਿੰਦੇ ਨੇ;

*ਸਿਧੀਂ ਮਨੇ ਬੀਚਾਰਿਆ ਕਿਵੈ ਦਰਸਨੁ ਏ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ।* *(ਵਾਰ ੧:੩੧)*

ਜੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਮੱਕੇ ਦੇ ਵਿਚ ਜਾਂਦੇ ਨੇ, ਤਾਂ ਮੱਕੇ ਦੇ

ਵਿਚ ਜਾ ਕੇ... ਜੋ ਸਤਿਗੁਰ ਸੱਚੇ ਪਾਤਸ਼ਾਹ ਨੇ ਕੌਤਕ ਵਰਤਾਇਆ, ਤੁਸੀਂ ਸਾਰੇ ਜਾਣਦੇ ਹੋ ਕਿ ਕਿਤਨਾ ਪ੍ਰਭਾਵਸ਼ਾਲੀ ਉਨ੍ਹਾਂ ਦਾ ਢੰਗ ਸੀ ਕਿ, ਉਥੇ ਪੀਰ ਜਲਾਲਦੀਨ ਦਾ ਲਿਖਿਆ ਹੋਇਆ ਅੱਜ ਵੀ ਪਿਆ ਹੋਇਆ ਹੈ, ਕਿ ਐ ਪੀਰ! ਦਸਤਗੀਰ! ਮਰਦ-ਏ-ਖ਼ੁਦਾ! ਮੁਸ਼ਕਲ-ਕੁਸ਼ਾਂ! ਨਾਨਕ ਸ਼ਬਦ ਸਦਾ! ਆਰਫ ਏ ਅਵਲ ਖ਼ੁਦਾ ਵਜੂਦ ਨਾਨਕ ਇਨ ਸ਼ਾਹ ਸਜਦਾ ਮੌਜੂਦ॥ (ਭਾਵ) ਐ ਪੀਰਾਂ ਦੇ ਪੀਰ ਜਗਤ ਗੁਰੂ ਨਾਨਕ ਪਾਤਸ਼ਾਹ! ਤੁਸੀਂ ਖ਼ੁਦਾ ਦਾ ਰੂਪ ਹੋ। ਮੇਰੀ ਬਾਂਹ ਫੜ੍ਹ ਕੇ ਮੈਨੂੰ ਸੰਸਾਰ ਸਾਗਰ ਤੋਂ ਪਾਰ ਕਰ ਦਿਓ... ਮੈਂ ਸਿਜਦਾ ਕਰਦਾ ਹਾਂ, ਮੇਰਾ ਸਿਜਦਾ ਪ੍ਰਵਾਨ ਕਰ ਲਉ।

ਜੇ ਸਤਿਗੁਰੂ ਬਗਦਾਦ ਵਿਚ ਚਲੇ ਗਏ ਨੇ, ਤਾਂ ਬਗਦਾਦ ਦੇ ਵਿਚ ਜਾ ਕੇ *'ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ। ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ॥'*, (ਉੱਥੇ) ਸੰਨਾਟਾ ਛਾ ਗਿਆ, ਅਤੇ ਇਹ ਸੰਨਾਟਾ ਛਾ ਜਾਣ ਤੋਂ ਬਾਅਦ ਕਾਰਨ ਪੁੱਛਿਆ, ਸਾਡੇ ਵੀ ਸਵਾਲ ਪੈਦਾ ਹੋਇਗਾ ਕਿ ਕਿਉਂ ਸੰਨਾਟਾ ਛਾ ਗਿਆ? ਕਿਉਂਕਿ ਸੱਚੇ ਪਾਤਸ਼ਾਹ ਨੇ ਐਸੀ ਦਲੀਲ ਦੇ ਨਾਲ ਗੱਲ ਕੀਤੀ ਸੀ, ਟਾਈਮ ਨਹੀਂ, ਪਰ ਇਸ ਉੱਤਰ (ਦਲੀਲ) ਨੂੰ ਸੁਣ ਕੇ ਖ਼ਵਾਜ਼ਾ ਅਬਦੁੱਲਾ ਇਹ ਗੱਲ ਕਹਿ ਉੱਠਿਆ ਕਿ, 'ਲਾ ਇੱਲਹਾ ਇੱਲ ਲਿਲਿਹਾ ਬਾਬਾ ਨਾਨਕ ਵਲੀ ਅਲੱਹਾ।' ਐ ਸੰਸਾਰ ਦੇ ਲੋਗੋ! ਸਿਵਾਏ ਅੱਲਾ ਤਾਲ੍ਹਾ ਤੋਂ ਸੰਸਾਰ ਦੇ ਵਿਚ ਕੋਈ ਹਸਤੀ ਨਹੀਂ, ਪਰ ਗੁਰੂ ਨਾਨਕ ਖ਼ੁਦਾ ਦਾ ਰੂਪ ਨੇ, ਇਹ ਬਗਦਾਦ ਦੀ ਧਰਤੀ 'ਤੇ ਉਨ੍ਹਾਂ ਲੋਕਾਂ ਨੂੰ ਇਹ ਬਚਨ ਉਚਾਰਣੇ ਪਏ।

**੧.** ਅੱਲਾ ਹੂ ਅਕਬਰ (ਅੱਲਾ ਸਭ ਤੋਂ ਮਹਾਨ ਹੈ)

**੨.** ਲਾ ਇੱਲਾਹ ਇਲ ਲਿੱਲਾਹ (ਨਹੀਂ ਹੈ ਇਕ ਅੱਲਾ ਦੇ ਸਿਵਾਏ ਦੂਸਰਾ ਅੱਲਾਹ)

**੩.** ਗਯਾ ਅਲਾਲ ਫਲਾਹ (ਕਲਿਆਣਕਾਰੀ ਕਾਰਜਾਂ ਵਿਚ ਜੁੜ ਜਾਓ।)

੪. ਸਤਿ ਸ੍ਰੀ ਅਕਾਲ (ਕੇਵਲ ਇਸ਼ਵਰ ਹੀ ਸੱਚ ਹੈ)

ਇਹ ਸਭ ਸੁਣ ਕੇ ਮੁਸਲਮਾਨ ਆਗੂਆਂ ਅਤੇ ਸ਼ਰਧਾਲੂਆਂ ਨੇ ਸੀਸ ਨਿਵਾ ਦਿੱਤੇ।

ਸਾਧਸੰਗਤ ਧਰਮ ਪ੍ਰਚਾਰ ਦੇ ਲਈ ਜਿਹੜੀ (ਅਗਲੀ) ਗੱਲ ਹੈ, ਉਹ ਤੀਬਰ ਲਗਨ ਵੀ ਹੋਣੀ ਚਾਹੀਦੀ ਅਤੇ ਲਗਨ ਵੀ ਗੁਰੂ ਨਾਨਕ ਸੱਚੇ ਪਾਤਸ਼ਾਹ ਵਰਗੀ, ਪਹਿਲੀ ਉਦਾਸੀ (ਹੀ) ਸਵਾ ਅੱਠ ਸਾਲ ਦੀ ਸੀ, ਬਾਕੀ ਤਿੰਨ ਉਦਾਸੀਆਂ ਦਾ ਸਮਾਂ ਵੱਖਰਾ ਹੈ। ਕਈ ਦੇਸ਼ਾਂ ਦੇ ਵਿਚ ਗਏ ਸਤਿਗੁਰੂ ਪਾਤਸ਼ਾਹ, (ਇਤਿਹਾਸ ਦੱਸਦਾ ਹੈ ਕਿ) ਤਿੰਨ ਕਰੋੜ ਸਿੱਖ, ਸੱਚੇ ਪਾਤਸ਼ਾਹ ਨੇ ਬਣਾ ਦਿੱਤੇ ਸੀ, ਜੇ ਲਗਨ ਹੋਵੇ, ਧੰਨ ਗੁਰੂ ਤੇਗ ਬਹਾਦਰ ਜੀ ਦੇ ਘਰ ੩੪ ਸਾਲ ਬਾਅਦ ਸਰਬੰਸਦਾਨੀ ਦਸਮੇਸ਼ ਪਿਤਾ ਵਰਗਾ ਪੁੱਤਰ ਪੈਦਾ ਹੁੰਦਾ ਹੈ ਤਾਂ ਪਿਤਾ ਢਾਕੇ ਦੀ ਧਰਤੀ 'ਤੇ ਸਨ ਅਤੇ ਉੱਥੇ ਹੀ

ਖ਼ਬਰ ਮਿਲਦੀ ਹੈ ਤਾਂ ਕਹਿਣ ਲੱਗੇ ਮੈਂ ਗੁਰੂ ਨਾਨਕ ਪਾਤਸ਼ਾਹ ਵੱਲੋਂ ਲਗਾਈ ਹੋਈ ਡਿਊਟੀ ਨਿਭਾ ਕੇ ਹੀ ਆਵਾਂਗਾ, ਜਦੋਂ ਪਹਿਲੀ ਵਾਰੀ ੩੪ ਸਾਲਾਂ ਮਗਰੋਂ ਪ੍ਰਗਟੇ ਪੁੱਤਰ ਦਾ ਮੁੱਖ ਦੇਖਿਆ ਨਾ, ਸਾਢੇ ਤਿੰਨ ਸਾਲ ਦੀ ਉਮਰ ਹੋ ਚੁੱਕੀ ਸੀ, ਜੇ ਕਿਤੇ ਅੱਜ ਦੇ ਸਿੱਖ ਹੁੰਦੇ ਤਾਂ ਉੱਥੋਂ ਹੀ ਭੰਗੜਾ ਪਾਉਂਦੇ ਆਉਣਾ ਸੀ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਰਗੀ ਲਗਨ, ਸਾਰਾ ਪਰਵਾਰ ਸ਼ਹੀਦ ਹੋ ਗਿਆ ਫਿਰ ਵੀ ਮਿਸਟਰ ਟਰੰਪ ਲਿਖਦਾ ਹੈ ਕਿ ਇੱਕ ਲੱਖ ਵੀਹ ਹਜ਼ਾਰ ਬੰਦੇ ਨੂੰ, ਆਹ ਦਮਦਮਾ ਸਾਹਿਬ ਦੀ ਧਰਤੀ 'ਤੇ ਅੰਮ੍ਰਿਤ ਛਕਾ ਦਿੱਤਾ।

ਅਗਲੀ ਗੱਲ! ਸਿੱਖ ਕੇਵਲ ਉਪਦੇਸ਼ਕ ਹੀ ਨਾ ਹੋਵੇ:

*ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥*
*ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥ ੯੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੯)*

ਇਸ ਲਈ ਸਿੱਖ ਜਿਹੜਾ ਏ, ਉਹ ਭਾਵੇਂ ਗੁਰਦੁਆਰੇ ਦਾ ਪ੍ਰਧਾਨ ਹੈ, ਗੁਰਦੁਆਰੇ ਦਾ ਸੈਕਟਰੀ ਹੈ, ਰਾਗੀ, ਗ੍ਰੰਥੀ, ਪ੍ਰਚਾਰਕ ਏ, ਸਕੂਲ ਦਾ ਪ੍ਰਿੰਸੀਪਲ ਹੈ ਜਾਂ ਕਾਲਜ ਦਾ ਪ੍ਰੋਫ਼ੈਸਰ ਹੈ, ਉਹਨੇ ਜੋ ਉਪਦੇਸ਼ ਦੇਣਾ ਏ ਨਾ, ਉਹ ਆਪਣੇ ਘਰ ਦੇ ਵਿਚ ਲਾਗੂ ਵੀ ਕਰਨਾ ਹੈ।

(ਇੱਕ ਘਟਨਾ ਸਾਂਝੀ ਕਰਦਾ ਹਾਂ) ਸਰਦਾਰ ਗੁਰਚਰਨ ਸਿੰਘ ਜੀ ਨੰਗਲ ਵਾਲੇ, ਬੇਟੀ ਦਾ ਵਿਆਹ ਹੈ, ਸਵੇਰੇ ਜੰਞ ਦਾ ਟਾਈਮ ਹੋ ਗਿਆ ਏ, ਗ੍ਰੰਥੀ ਸਿੰਘ ਖੜ੍ਹਾ ਹੈ ਕਿ ਸ਼ਬਦ ਗਾਇਆ ਜਾਵੇ- *ਹਮ ਘਰਿ ਸਾਜਨ ਆਏ*, ਪਰ ਜਿੰਦਾਂ ਹੀ ਸਾਹਮਣੇ ਬਰਾਤ ਆਈ, ਤਾਂ ਸਰਦਾਰ ਗੁਰਚਰਨ ਸਿੰਘ, ਪ੍ਰਧਾਨ, ਗੁਰਦੁਆਰਾ ਸਾਹਿਬ ਦੇ, ਕਹਿਣ ਲੱਗੇ, 'ਭਾਈ ਸਾਹਿਬ! ਇੱਕ ਮਿੰਟ ਰੁਕ ਜਾਇਓ, ਸ਼ਬਦ ਸ਼ੁਰੂ ਨਾ ਕਰਿਓ, ਆਈ ਹੋਈ ਬਰਾਤ ਵੱਲ ਚਲੇ ਗਏ, ਬੱਚੇ ਦੀ ਦਾੜ੍ਹੀ ਨੂੰ ਹੱਥ ਲਾ ਕੇ ਪੁੱਛਿਆ, 'ਬੇਟਾ! ਇਹ ਕੀ? ਜਿਸ ਦਿਨ ਮੰਗਣੀ ਹੋਈ ਸੀ, ਉਸ ਦਿਨ ਇਹ ਦਾੜ੍ਹੀ ਸਾਬਤ-ਸੂਰਤ ਸੀ ਅਤੇ ਅੱਜ ਕੀ ਹੋ ਗਿਆ?' ਤਾਂ ਅੱਗੋਂ ਮੁੰਡਾ ਦੰਦੀਆਂ ਕੱਢਦਾ ਕਹਿਣ ਲੱਗਾ, 'ਜੀ ਉਹ ਬੱਸ ਦੋਸਤਾਂ ਨੇ ਕਰ ਦਿੱਤਾ।' ਸਰਦਾਰ ਸਾਹਿਬ ਕਹਿਣ ਲੱਗੇ, 'ਕਾਕਾ! ਬਰਾਤ ਵਾਪਸ ਲੈ ਜਾਓ,' ਸਾਰਾ ਦਿਨ ਇਲਾਕੇ ਦੇ ਪਤਵੰਤੇ, ਸਾਰਾ ਭਾਈਚਾਰਾ ਮਿੰਨਤਾਂ ਕਰਦਾ ਰਿਹਾ ਅੰਤ ਰਾਤ ਅੱਠ ਵਜੇ ਤੋਂ ਬਾਅਦ ਵੀ ਬਰਾਤ ਖਾਲੀ ਵਾਪਸ ਭੇਜ ਦਿੱਤੀ, 'ਓ ਜਦੋਂ ਤੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪੁੱਤਰ ਨਹੀਂ ਬਣ ਸਕਿਆ, ਤਾਂ ਮੇਰਾ ਪੁੱਤਰ, ਮੇਰਾ ਦਾਮਾਦ ਬਣ ਕੇ, ਮੇਰੇ ਨਾਲ ਕਿੰਨੀ ਵਫ਼ਾਦਾਰੀ ਨਿਭਾਵੇਂਗਾ?' (ਇਹ ਉਨ੍ਹਾਂ ਦਾ ਸਵਾਲ ਸੀ, ਜਿਸ ਦਾ ਉਹ ਉੱਤਰ ਨਾ ਦੇ ਸਕਿਆ)

ਜੇ ਲਗਨ ਹੋਵੇ ਤਾਂ ਲਗਨ ਹੋਣੀ ਚਾਹੀਦੀ ਹੈ, ਭਾਈ ਨੰਦ ਲਾਲ ਜੀ ਵਰਗੀ, ਜਦ ਔਰੰਗਜ਼ੇਬ ਨੇ ਸੁਣ ਲਿਆ ਬਾਦਸ਼ਾਹ ਬਹਾਦਰ ਸ਼ਾਹ ਕੋਲੋਂ, ਕਿ ਇਸ ਆਇਤ

ਦੇ ਅਰਥ ਭਾਈ ਨੰਦ ਲਾਲ ਜੀ ਨੇ ਕੀਤੇ ਨੇ, ਚੀਕ ਉੱਠਿਆ ਕਿ, ਹਾਏ ਮੇਰੇ ਅੱਲ੍ਹਾ! ਐਡਾ ਵੱਡਾ ਵਿਦਵਾਨ ਹਾਲੇ ਤਕ ਕਾਫ਼ਰ ਹੀ ਬਣਿਆ ਫਿਰਦਾ ਐ, ਇਹ ਤਾਂ ਮੋਮਨਾਂ ਦਾ ਸਿਰਤਾਜ ਹੋਣਾ ਚਾਹੀਦਾ ਸੀ,। ਮੂੰਹ ਵਿਚ ਪਾਣੀ ਭਰ ਗਿਆ ਉਸਦੇ, ਇਸ ਲਈ ਜੇ ਵਿਦਵਤਾ ਹੋਵੇ (ਜਾਂ ਵਿਦਵਾਨ ਹੋਵੋ ਤਾਂ), ਭਾਈ ਸਾਬ੍ਹ ਭਾਈ ਕਾਨ੍ਹ ਸਿੰਘ ਨਾਭਾ ਵਰਗੇ, ਪੰਥ ਰਤਨ ਗਿਆਨੀ ਦਿੱਤ ਸਿੰਘ ਜੀ, ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਵਰਗੀ ਹੋਵੇ, ਤਾਂ ਸਾਧਸੰਗਤ ਚੇਤਾ ਰੱਖਣਾ ਕਿ ਸਿੱਖ ਕੋਲ ਜੇ ਪ੍ਰਭਾਵ ਪਾਉਣ ਦੀ ਯੋਗਤਾ ਹੋਵੇ, ਤਾਂ ਨਵਾਬ ਕਪੂਰ ਸਿੰਘ ਵਰਗੀ ਹੋਵੇ। ਕੇਵਲ ਲੜਦੇ ਹੀ ਨਹੀਂ ਰਹੇ, ਭਾਈ ਸੁਬੇਗ ਸਿੰਘ ਦੀ ਲੜਕੀ ਸਾਹਿਬ ਕੌਰ, ਕਿਤੇ ਅਨੰਦ ਕਾਰਜ ਨਹੀਂ ਹੋ ਰਿਹਾ, ਕਿਉਂਕਿ ਸਿੱਖਾਂ ਦੇ ਸਿਰਾਂ ਦੇ ਇਨਾਮ ਸੀ, ਅੰਤ ਉਨ੍ਹਾਂ ਦੀ ਡਿਊਟੀ ਲਾਈ ਗਈ ਨਵਾਬ ਕਪੂਰ ਸਿੰਘ ਜੀ ਦੀ, ਆਪ ਕਿਸੇ ਲਾਲੇ ਦੇ ਕੋਲ ਗਏ ਨੇ ਬਈ! ਤੇਰੇ ਚਾਰ ਪੁੱਤ ਨੇ, ਇੱਕ ਸਾਨੂੰ ਦੇ ਦੇ, ਤਾਂ ਅੱਗੋਂ ਸਵਾਲ ਆਇਆ, 'ਜੀ ਕੀ ਕਰਨਾ ਏ?' ਤਾਂ ਜੁਆਬ ਦਿੱਤਾ, 'ਜੀ! ਸਿੱਖ ਬਣਾਉਣੈ' ਤਾਂ ਲਾਲੇ ਨੇ ਜੁਆਬ ਦਿੱਤਾ, 'ਠੀਕ ਹੈ, ਅਸੀਂ ਸਮਝਾਂਗੇ ਕਿ ਇੱਕ ਚੜ੍ਹਾਈ ਕਰ ਗਿਆ ਏ।' ਉਸਨੂੰ ਸਿੱਖ ਬਣਾਇਆ, ਅਨੰਦ ਕਾਰਜ ਆਪ ਕਰਵਾਏ, ਚਾਰ ਸੌ ਬੰਦੇ ਦੇ ਕਰੀਬ ਸਾਰੀ ਦੀ ਸਾਰੀ ਬਰਾਤ, ਸ਼ਾਮ ਵੇਲੇ ਅੰਮ੍ਰਿਤਧਾਰੀ ਬਣਾ ਕੇ ਭੇਜੀ, ਐਦਾਂ ਦੇ ਜਥੇਦਾਰ ਹੁੰਦੇ ਸੀ ਸਾਡੇ, ਜੇ ਵਿਦਵਤਾ ਹੋਵੇ, ਤਾਂ ਬਾਬਾ ਦੀਪ ਸਿੰਘ ਜੀ ਵਰਗੀ ਹੋਵੇ, ਕਿ ਚਾਰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦਾ ਉਤਾਰਾ ਕੀਤਾ ਹੈ।[੯]

ਭਾਈਓ! ਜੇ ਰੋਲ ਮਾਡਲ ਬਣਾਂਗੇ ਅਸੀਂ ਆਪ, ਤਾਂ ਪਹਿਲਾਂ ਮਾਪਿਆਂ ਨੂੰ ਬਣਨਾ ਪਾਵੇਗਾ। ਮਾਪੇ ਜਿਹੜੇ ਆ, ਪਹਿਲਾਂ ਆਪ ਬਾਣੀ ਨਾਲ ਜੁੜ ਕੇ, ਬੱਚਿਆਂ ਨੂੰ ਵੀ ਬਾਣੀ ਨਾਲ ਜੋੜਨ, ਮੈਂ ਇੱਕ ਘਟਨਾ ਛੋਟੀ ਜਿਹੀ ਸੁਣਾਂਦਾ ਹਾਂ, ਸ. ਸੰਤਾ ਸਿੰਘ ਆਜਿਜ਼, ਬੰਬੇ ਤੋਂ ਚੱਲੇ ਨੇ, ਰਾਤ ਨੂੰ ਰਸਤੇ ਵਿਚ ਨੀਂਦ ਆ ਗਈ ਗੱਡੀ ਦੇ ਵਿਚ, ਸਵੇਰੇ ਕਿਸੇ ਨੇ ਹਲੂਣਿਆ, ਕੀ ਦੇਖਦੇ ਨੇ ਕਿ ਸਾਬਤ ਸੂਰਤ ਬੜਾ ਲੰਮਾ ਦਾਹੜ੍ਹਾ ਪ੍ਰਕਾਸ਼ ਕੀਤਾ ਹੋਇਆ, ਨੌਜਵਾਨ ਕਹਿਣ ਲੱਗਾ, 'ਸਰਦਾਰ ਸਾਬ੍ਹ ਉਠੋ, ਆਹ ਘੜੀ ਫੜ੍ਹ ਲਉ, ਥੱਲੇ ਡਿੱਗੀ ਸੀ, ਮੈਂ ਹੁਣ ਨਿੱਤਨੇਮ ਕਰਨੈ, ਬਾਅਦ 'ਚ ਮੈਨੂੰ ਡਿਸਟਰਬ ਨਾ ਕਰਨਾ,' ਸੰਤਾ ਸਿੰਘ ਜੀ ਕਹਿਣ ਲੱਗੇ 'ਭਾਈ ਤੇਰਾ ਧੰਨਵਾਦ।'

ਨੌਜਵਾਨ ਕਹਿਣ ਲੱਗਾ, 'ਮੇਰਾ ਨਹੀਂ ਧੰਨਵਾਦ, ਧੰਨਵਾਦ ਮੇਰੀ ਭੈਣ ਦਾ ਕਰੋ,' ਸੰਤਾ ਸਿੰਘ ਜੀ ਪੁੱਛਣ ਲੱਗੇ 'ਗੱਲ ਕੀ ਹੋਈ? ਮੈਂ ਤਾਂ ਜਾਣਦਾ ਵੀ ਨਹੀਂ ਤੁਹਾਡੀ ਭੈਣ ਨੂੰ।' ਤਾਂ ਉਹ ਨੌਜਵਾਨ ਕਹਿਣ ਲੱਗਾ, 'ਤਾਂ ਸੁਣੋ, ਕਿਸੇ ਥਾਂ ਡਾਕਾ ਮਾਰਨ ਜਾਣਾ ਸੀ, ਮੇਰਾਂ ਨਾਂ ਸੀ ਡਾਕੂ ਦਿਲਵਾਰ ਖਾਨ, ਅੱਜ ਮੈਂ ਸਰਦਾਰ ਦਿਲਾਵਰ ਸਿੰਘ ਹਾਂ, ਸਾਰੀ ਰਾਤ ਖੜ੍ਹੇ ਰਹੇ, ਸਬਰ ਦਾ ਪਿਆਲਾ ਟੁੱਟ ਗਿਆ, ਜਦ ਕੋਠੇ 'ਤੇ ਚੜ੍ਹੇ ਤਾਂ ਦੇਖਿਆ ਇੱਕ ੨੨ ਸਾਲਾਂ ਦੀ ਮੁਟਿਆਰ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੀ ਤਾਬਿਆ ਬੈਠੀ ਹੋਈ ਸੀ, (ਉਸਨੂੰ ਦੇਖਦੇ ਸਾਰ), 'ਮੈਂ ਬੰਦੂਕ ਦਿਖਾ ਕੇ ਪੱਟ ਤੇ ਹੱਥ ਮਾਰਿਆ, 'ਨੀਂ ਕੁੜੀਏ! ਕਦੇ ਦਿਲਾਵਰ ਖਾਨ ਦਾ ਨਾਂ ਨਹੀਂ ਸੁਣਿਆ?' ਤਾਂ ਉਸ ਕੁੜੀ ਨੇ ਚਾਬੀਆਂ ਦਾ ਗੁੱਛਾ ਚੱਕਿਆ ਅਤੇ ਚੱਕ ਕੇ ਮੇਰੇ ਮੂੰਹ 'ਤੇ ਮਾਰ ਕੇ ਕਹਿਣ ਲੱਗੀ, 'ਅੱਜ ਘਰ ਵਿਚ ਕੋਈ ਨਹੀਂ ਹੈ, ਡਾਕੂ ਦਿਲਾਵਰ ਖਾਨ! ਪਰ ਇੱਕ ਗੱਲ ਚੇਤੇ ਰੱਖ ਲਈਂ, ਜੇ ਕੋਈ ਬੰਦਾ ਕਿਸੇ ਨੂੰ ਦੋ ਸੌ ਰੁਪਏ ਮਹੀਨਾ ਨੌਕਰੀ ਰੱਖ ਲਵੇ ਨਾ ਤਾਂ ਉਹ ਸਾਰੀ ਰਾਤ ਸੁੱਤਾ ਰਹਿੰਦਾ ਏ, ਓਏ! ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਮੇਰੇ ਘਰ ਆਏ ਹੋਏ ਨੇ, ਏਸ ਲਈ ਤੇਰੇ ਵਰਗੇ ਮੰਗਤੇ ਦੇ ਕੋਲੋਂ ਮੈਂ ਕੀ ਡਰਨਾ ਏ? ਕਿਉਂਕਿ:

*ਭੈ ਮਹਿ ਰਚਿਓ ਸਭੁ ਸੰਸਾਰਾ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੨)*

ਆਪਣਾ ਵਿਸ਼ਾ ਅੱਧ ਵਿਚਾਲੇ ਛੱਡਦਾ ਹੋਇਆ ਕਿਉਂਕਿ ਟਾਈਮ ਵੈਸੇ ਨਹੀਂ ਇਜਾਜ਼ਤ ਦੇ ਰਿਹਾ, ਪਰ ਆਹ ਦੱਸੀਆਂ ਗੱਲਾਂ ਸਾਨੂੰ ਜ਼ਰੂਰ ਕਰਨੀਆਂ ਚਾਹੀਦੀਆਂ ਨੇ, ਭਾਈਓ! ਯਾਦ ਰੱਖਿਓ ਸੂਰਜ ਡੁੱਬਣ ਲੱਗਾ, ਸੂਰਜ ਨੂੰ ਪੁੱਛ ਕੀਤੀ ਕਿ ਰਾਤ ਦਾ ਹਨੇਰਾ ਕੌਣ ਦੂਰ ਕਰੇਗਾ? ਤਾਂ ਇੱਕ ਜੁਗਨੂੰ ਉਠਿਆ ਅਤੇ ਕਹਿਣ ਲੱਗਾ, ਕਿ ਅਸੀਂ ਸਾਰੇ ਜੁਗਨੂੰ 'ਕੱਠੇ ਹੋ ਕੇ ਨਾ, ਤੁਹਾਡੀ ਘਾਟ ਨੂੰ ਪੂਰੀ ਕਰਾਂਗੇ।

ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਡਿਊਟੀ ਲਾਈ ਸੀ, 'ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ' ਆਓ! ਅੱਜ ਸਾਰੇ ਫ਼ੈਸਲਾ ਕਰ ਲਈਏ, ਸਾਰੇ ਜਾਣੇ ਜੁਗਨੂੰ ਬਣ ਕੇ ਨਾ, ਇੱਕ-ਇੱਕ ਘਰ ਦੇ ਵਿਚ ਜਾ ਕੇ ਲਾਈਟ ਕਰੀਏ, ਜਿਵੇਂ ਆਸਟ੍ਰੇਲੀਆ ਦੇ ਜੁਗਨੂੰ ਰਾਤ ਨੂੰ ਜਦੋਂ ਆਪਣੀ ਲਾਈਟ ਛੱਡਦੇ ਨੇ ਤਾਂ ਸਾਰਾ ਜੰਗਲ ਜਗਮਗਾ ਉੱਠਦਾ ਹੈ।

ਸਾਡੀ ਵੀ ਸਾਰੀ ਕੌਮ ਚੜ੍ਹਦੀ ਕਲਾ ਵਿਚ ਹੋ ਸਕਦੀ ਹੈ। ਜੇ ਸਾਰੇ ਜੁਗਨੂੰ ਰਲ ਕੇ, ਗੁਰਬਾਣੀ ਗਿਆਨ ਦਾ ਚਾਨਣ ਫੈਲਾਉਣਾ ਸ਼ੁਰੂ ਕਰ ਦੇਈਏ!

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹ॥

**ਹਵਾਲੇ:**

**੧.** ਭਾਵ ਹੈ ਕਿ, 'ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜੋ ਆਪਣੇ ਸਤਿਗੁਰ ਦੇ ਚਰਨੀਂ ਜਾ ਲੱਗਦਾ ਹੈ। ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਨੇ ਮੂੰਹੋਂ ਹਰੀ ਦਾ ਨਾਮ ਉਚਾਰਿਆ ਹੈ। ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਦੇ ਮਨ ਵਿਚ ਹਰੀ ਦਾ ਨਾਮ ਸੁਣ ਕੇ ਚਾਅ ਪੈਦਾ ਹੁੰਦਾ ਹੈ। ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਨੇ ਸਤਿਗੁਰੂ ਦੀ ਸੇਵਾ ਕਰ ਕੇ ਪਰਮਾਤਮਾ ਦਾ ਨਾਮ ਲੱਭਾ ਹੈ। ਮੈਂ ਸਦਾ ਉਸ ਗੁਰਸਿੱਖ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ, ਜੋ ਗੁਰਸਿੱਖ ਸਤਿਗੁਰੂ ਦੇ ਭਾਣੇ ਵਿਚ ਚੱਲਦਾ ਹੈ।

**੨.** ਭਾਵ ਹੈ ਕਿ, 'ਜੋ ਮਨੁੱਖ ਗੁਰੂ ਦੀ ਕਿਰਪਾ ਨਾਲ ਉਸ ਮੇਲ-ਅਵਸਥਾ ਵਿਚ ਅੱਪੜਿਆ ਹੈ, ਉਸ ਵਾਸਤੇ) ਇੜਾ, ਪਿੰਗੁਲਾ ਤੇ ਸੁਖਮਨਾ ਤਿੰਨੇ ਇੱਕੋ ਥਾਂ ਵੱਸਦੀਆਂ ਹਨ। ਤ੍ਰਿਬੇਣੀ ਸੰਗਮ ਪ੍ਰਯਾ ਤੀਰਥ ਭੀ (ਉਸ ਮਨੁੱਖ ਲਈ) ਉੱਥੇ ਵੱਸਦਾ ਹੈ। ਭਾਵ, ਉਸ ਮਨੁੱਖ ਨੂੰ ਇੜਾ, ਪਿੰਗਲਾ, ਸੁਖਮਨਾ ਦੇ ਅਭਿਆਸ ਦੀ ਲੋੜ ਨਹੀਂ ਰਹਿ ਜਾਂਦੀ। ਉਸ ਨੂੰ ਤ੍ਰਿਬੇਣੀ ਅਤੇ ਪ੍ਰਯਾਦ ਦੇ ਇਸ਼ਨਾਨ ਦੀ ਲੋੜ ਨਹੀਂ ਰਹਿੰਦੀ। (ਉਸ ਮਨੁੱਖ ਦਾ) ਮਨ ਪ੍ਰਭੂ ਦੇ ਮਿਲਾਪ-ਰੂਪ

ਤ੍ਰਿਬੇਣੀ ਵਿਚ) ਇਸ਼ਨਾਨ ਕਰਦਾ ਹੈ। '

**੩.** ਭਾਵ ਕਿ, '(ਇੱਕ ਹੋਰ ਇਸ਼ਨਾਨ ਭੀ ਹੈ) ਸਤਿਗੁਰੂ (ਮਾਨੋ) ਸਮੁੰਦਰ ਹੈ, ਉਸ ਦੀ ਸਿੱਖਿਆ (ਮਾਨੋ) ਸਾਰੀਆਂ ਨਦੀਆਂ ਹਨ, (ਇਹ ਗੁਰ-ਸਿੱਖਿਆ) ਵਿਚ ਨਹਾਉਣ ਨਾਲ (ਭਾਵ, ਸੁਰਤ ਜੋੜਨ ਨਾਲ) ਵਡਿਆਈ ਮਿਲਦੀ ਹੈ। ਹੇ ਨਾਨਕ ! ਜੇ ਇਹ ਸਿਰ-ਖੁੱਥੇ (ਇਸ ਨਾਮ-ਜਲ) ਵਿਚ ਇਸ਼ਨਾਨ ਨਹੀਂ ਕਰਦੇ ਤਾਂ ਨਿਰੀ ਮੂੰਹ ਕਾਲਖ ਹੀ ਖੱਟਦੇ ਹਨ'

**੪.** ਨਿਰਮਲੇ ਸੰਪਰਦਾਇ ਸੰਤ ਵਿਦਵਾਨਾਂ ਦੀ ਸਿੱਖ ਸੰਪਰਦਾਇ ਹੈ। ਇਸ ਸੰਪਰਦਾਇ ਦੇ ਅਰੰਭ ਹੋਣ ਬਾਰੇ ਇਹ ਵਿਚਾਰ ਪ੍ਰਚਲਿਤ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੭੪੩ ਬਿ. ਵਿਚ ਪਾਉਂਟੇ ਪਧਾਰੇ ਤਾਂ ਉਥੇ ਕੁਝ ਯੋਧੇ ਸ਼ਸਤਰ ਵਿੱਦਿਆ ਦਾ ਅਭਿਆਸ ਕਰ ਰਹੇ ਸਨ ਤਾਂ ਉਨ੍ਹਾਂ ਨੇ ਕਿਹਾ "ਕੇਵਲ ਸ਼ਸਤਰ ਵਿੱਦਿਆ ਵਿਚ ਹੀ ਨ ਲੱਗੇ ਰਹੋ, ਕੁਝ ਸ਼ਾਸਤਰ ਪੜ੍ਹਨ-ਪੜ੍ਹਾਉਣ ਦਾ ਵੀ ਉਪਰਾਲਾ ਕੀਤਾ ਕਰੋ। ਕਈ ਗੱਭਰੂਆਂ ਨੇ ਵਿੱਦਿਆ ਪ੍ਰਾਪਤੀ ਲਈ ਹਾਂ ਕਰ ਦਿੱਤੀ ਅਤੇ ਪੰਡਿਤ ਰਘੂਨਾਥ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਨਿਰਧਾਰਿਤ ਕੀਤਾ। ਇਨ੍ਹਾਂ ਗੱਭਰੂਆਂ ਵਿਚ ਕਈ ਕਿਰਤੀ ਸ਼੍ਰੇਣੀ ਦੇ ਸਨ, ਜਦ ਇਹ ਗੱਲ ਪੰਡਤ ਨੂੰ ਪਤਾ ਲੱਗੀ ਤਾਂ ਉਹ ਸੋਚਣ ਲੱਗਾ ਕਿ ਇਹ ਤਾਂ ਸ਼ੂਦਰ ਵਰਣ ਦੇ ਹਨ, ਜਿਨ੍ਹਾਂ ਨੂੰ ਧਰਮ ਸ਼ਾਸਤਰ, ਸੰਸਕ੍ਰਿਤੀ ਪੜ੍ਹਨ ਦਾ ਅਧਿਕਾਰ ਨਹੀਂ ਹੈ। ਇਸ ਲਈ ਉਹ ਪੜ੍ਹਾਉਣ ਤੋਂ ਇਨਕਾਰ ਕਰ ਗਿਆ। ਗੁਰੂ ਜੀ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ, ਤੇ ਉਨ੍ਹਾਂ ਕੁਝ ਵਿਦਿਆਰਥੀਆਂ ਨੂੰ ਬਨਾਰਸ ਭੇਜਣ ਦਾ ਯਤਨ ਕਰ ਲਿਆ। ਜਿਨ੍ਹਾਂ ਵਿਚੋਂ ਰਾਮ ਸਿੰਘ, ਬੀਰ ਸਿੰਘ, ਕਰਮ ਸਿੰਘ, ਗੰਡਾ ਸਿੰਘ ਤੇ ਸੇਵਾ ਸਿੰਘ। ਇਹ ਪੰਜੇ ਸਿੱਖ ਜਤਨ ਵੰਟ (ਚੇਨ ਮਠ) ਵਿਚ ਜਾ ਵਸੇ ਜਿੱਥੇ ਹੁਣ ਵਿਸ੍ਵੇਸਰ ਗੰਜ ਅੰਦਰ ਵੱਡਾ ਨਿਰਮਲ ਅਖਾੜਾ ਹੈ। ਇਹ ਵਿਦਿਆਰਥੀ ਪੰਡਿਤ ਅਤੇ ਹੋਰ ਵਿਦਵਾਨਾਂ ਪਾਸੋਂ ਪੁਰਾਤਨ ਧਰਮ-ਗ੍ਰੰਥ ਤੇ ਵਿਆਕਰਣ, ਨਿਆਇ, ਵੇਦਾਂਤ ਆਦਿ ਪੜ੍ਹਦੇ ਰਹੇ। ਇਨ੍ਹਾਂ ਵਿਦਿਆਰਥੀਆਂ ਨੇ ਅਨੰਦਪੁਰ ਸਾਹਿਬ ਵਾਪਸ ਆ ਕੇ ਹੋਰਾਂ ਨੌਜੁਆਨਾਂ ਨੂੰ ਪੜ੍ਹਾਉਣ ਦੀ ਸੇਵਾ ਵੀ ਕੀਤੀ। ਇਹ ਚਿੱਟੇ ਬਸਤਰ ਪਹਿਨਦੇ ਸਨ ਤੇ ਸਿਰ ਉੱਤੇ ਉੱਜਲ ਪਗੜੀ ਬੰਨਦੇ ਸਨ। ਇਨ੍ਹਾਂ ਨੂੰ ਦੂਜਿਆਂ ਨਾਲੋਂ ਵਿਲੱਖਣ ਕਰ ਕੇ ਦਰਸਾਉਂਦੀ ਸੀ, ਇਸੀ ਕਾਰਨ ਪੰਡਿਤ ਅਤੇ ਆਮ ਲੋਕ ਇਨ੍ਹਾਂ ਨੂੰ 'ਨਿਰਮਲੇ ਕਹਿੰਦੇ ਸਨ। ' - ਡਾ. ਸਵਰਨਜੀਤ ਕੌਰ (ਗਰੇਵਾਲ), *ਉੱਤਰੀ ਭਾਰਤ ਦੀਆਂ ਪ੍ਰਮੁੱਖ ਨਿਰਗੁਣ ਸੰਪ੍ਰਦਾਵਾਂ*, ਪ੍ਰਕਾਸ਼ਕ: ਲਾਹੌਰ ਬੁੱਕ ਸ਼ਾਪ ਲੁਧਿਆਣਾ, (ਪੰਨਾ ੮੮)

**੫.** ਭਾਵ ਹੈ ਕਿ, 'ਪਰਮਾਤਮਾ ਦੀ ਭਗਤੀ ਕਰਨ ਵਾਲਾ ਮਨੁੱਖ ਪਰਮਾਤਮਾ ਵਰਗਾ ਹੀ ਹੋ ਜਾਂਦਾ ਹੈ। ਉਸਦਾ ਮਨੁੱਖਾ ਸਰੀਰ (ਵੇਖ ਕੇ ਪਰਮਾਤਮਾ ਨਾਲੋਂ ਉਸ ਦਾ) ਫ਼ਰਕ ਨਾਹ ਸਮਝੋ। '

**੬.** ਖਾਲਸੇ ਦੀ ਮਹਿਮਾ, *ਸਰਬਲੋਹ ਗ੍ਰੰਥ*

**੭.** ਵਿਦਵਾਨਾਂ ਨੇ ਵਕਤਾ ਅਤੇ ਸ਼੍ਰੋਤਾ ਦੇ ਚੌਦਾਂ-ਚੌਦਾਂ ਗੁਣ ਲਿਖੇ ਹਨ: ਵਕਤਾ ਦੇ ਗੁਣ:- **੧.** ਰਸਦਾਇਕ ਬਾਣੀ ਵਾਲਾ **੨.** ਕਾਵਯ ਦਾ ਗਯਾਤਾ **੩.** ਸ਼੍ਰੋਤਾ ਦੀ ਰੁਚੀ ਅਨੁਸਾਰ ਅਰਥ ਦਾ ਵਿਸਤਾਰ ਅਤੇ ਸੰਖੇਪ ਕਰਨ ਵਾਲਾ **੪.** ਸਤਯਾਵਾਦੀ **੫.** ਮਤ ਮਤਾਂਤਰਾਂ ਦੇ ਖੰਡਨ ਮੰਡਨ ਵਿਚ ਚਤੁਰ **੬.** ਪ੍ਰਸੰਗ ਅਨੁਸਾਰ ਪ੍ਰਮਾਣ ਦੇਣ ਵਾਲਾ **੭.** ਸਭ ਧਰਮਾਂ ਦਾ ਜਾਣੂੰ **੮.** ਧੀਰਜਵਾਨ **੯.** ਚੰਚਲਤਾ ਰਹਿਤ **੧੦.** ਸ਼੍ਰੋਤਾ ਦੀ ਬੁਧੀ ਅਨੁਸਾਰ ਉਸ ਦੀ ਸਮਝ ਵਿਚ ਅਰਥ ਸਮਝਾਉਣ ਵਾਲਾ **੧੧.** ਹੰਕਾਰ ਤੋਂ ਬਿਨਾਂ **੧੨.** ਸੰਤੋਖੀ **੧੩.** ਧਰਮ ਵਿਚ ਪੱਕਾ **੧੪.** ਜੋ ਹੋਰਨਾਂ ਨੂੰ ਸੁਣਾਉਂਦਾ ਹੈ ਉਸ ਪੁਰ ਅਮਲ ਕਰਨ ਵਾਲਾ ਹੋਵੇ। ਸ਼੍ਰੋਤਾ ਦੇ ਚੌਦਾਂ ਗੁਣ:- **੧.** ਸ਼ਰਧਾਵਾਨ **੨.** ਨਿਮਰਤਾ ਵਾਲਾ **੩.** ਪ੍ਰੇਮੀ **੪.** ਉਦਾਰ **੫.** ਅਰਥ ਸਮਝਣ ਦੀ ਬੁੱਧੀ ਰੱਖਣ ਵਾਲਾ **੬.** ਆਲਸ ਰਹਿਤ **੭.** ਪ੍ਰਸ਼ਨ ਦੇ ਢੰਗ ਦਾ ਜਾਣੂੰ **੮.** ਮਿੱਠੀ ਬਾਣੀ ਵਾਲਾ **੯.** ਇੰਦ੍ਰੀਜਿਤ **੧੦.** ਪ੍ਰਸੰਗ ਦੇ ਸਿਧਾਂਤ ਨੂੰ ਸਮਝਣ ਵਾਲਾ **੧੧.** ਕੁਟਿਲਤਾ ਤੋਂ ਬਿਨਾਂ **੧੨.** ਸੇਵਾ ਦਾ ਪ੍ਰੇਮੀ **੧੩.** ਪਾਖੰਡ ਅਤੇ ਆਪਣੇ ਬਸ ਦਾ ਤਿਆਗੀ **੧੪.** ਜੋ ਸੁਣਿਆ ਹੈ ਉਸ ਉੱਪਰ ਅਮਲ ਕਰਨ ਵਾਲਾ ਹੋਵੇ। (ਹਵਾਲਾ: ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ *ਗੁਰਮਤਿ ਮਾਰਤੰਡ* ਭਾਗ ੧, ਪੰਨਾ ੧੮)

**੮.** *ਪੰਜਾਬ ਕੀ ਸੰਗੀਤ ਪ੍ਰੰਪਰਾ*, ਗੀਤਾ ਪੈਂਤਲ, ਪੰਨਾ ੮੪

**੯.** *ਸਾਡਾ ਇਤਿਹਾਸ* ਭਾਗ ਦੂਜਾ, ਸਤਿਬੀਰ ਸਿੰਘ, ਪੰਨਾ ੨੧੯

(ਪੁਸਤਕ '*ਵਡੇ ਭਾਗ ਗੁਰਸਿਖਾ ਕੇ*' ਪ੍ਰਿੰਸੀਪਲ ਸੁਰਿੰਦਰ ਸਿੰਘ ਜੀ ਦੇ ਚੋਣਵੇਂ ਲੈਕਚਰ ਅਤੇ ਲੇਖ, ਸੰਪਾਦਕ ਇਕਵਾਕ ਸਿੰਘ ਪੱਟੀ, ਵਿੱਚੋਂ ਧੰਨਵਾਦ ਸਹਿਤ)

# ਦਸਤਾਰ: ਸਤਿਕਾਰ ਅਤੇ ਮਹੱਤਵ

*-ਡਾ. ਪਰਮਵੀਰ ਸਿੰਘ**

ਦਸਤਾਰ ਸਿੱਖ ਦੀ ਪਛਾਣ ਅਤੇ ਸ੍ਵੈਮਾਣ ਦਾ ਮਹੱਤਵਪੂਰਨ ਅੰਗ ਹੈ। ਪੰਜਾਬ ਦੀ ਸੱਭਿਆਚਾਰਕ ਪਛਾਣ ਨੂੰ ਵੀ ਦਸਤਾਰ ਤੋਂ ਬਗ਼ੈਰ ਨਹੀਂ ਦੇਖਿਆ ਜਾ ਸਕਦਾ। ਫ਼ਾਰਸੀ ਭਾਸ਼ਾ ਦੇ ਸ਼ਬਦ 'ਦਸਤਾਰ' ਦਾ ਅਰਥ ਹੈ 'ਪੱਗ' ਜਾਂ 'ਪਗੜੀ'। ਦਸਤਾਰ ਬੰਨ੍ਹਣ ਵਾਲੇ ਜਾਂ ਡਿਗਰੀ ਪ੍ਰਾਪਤ ਵਿਦਵਾਨ ਲਈ ਫ਼ਾਰਸੀ ਭਾਸ਼ਾ ਵਿਚ 'ਦਸਤਾਰਬੰਦ' ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਦਸਤਾਰ ਸ਼ਬਦ ਦੀ ਵਰਤੋਂ ਕੀਤੀ ਗਈ ਹੈ- *ਸਾਬਤ ਸੂਰਤਿ ਦਸਤਾਰ ਸਿਰਾ॥* ਭਾਈ ਗੁਰਦਾਸ ਜੀ ਦਸਤਾਰ ਦੀ ਤੁਲਨਾ ਸੱਚ ਨਾਲ ਕਰਦੇ ਹੋਏ ਕਹਿੰਦੇ ਹਨ ਕਿ ਸੱਚ ਸਿਰ ਦੀ ਪੱਗ ਵਾਂਗ ਸ਼ੋਭਦਾ ਹੈ- *ਸਚੁ ਸੋਹੈ ਸਿਰ ਪਗ।* ਦਸਤਾਰ ਦੀ ਪਛਾਣ ਸ੍ਵੈਮਾਣ ਅਤੇ ਜਿਊਂਦੇ ਰਹਿਣ ਦਾ ਪ੍ਰਤੀਕ ਹੈ। ਵਿਭਿੰਨ ਰੂਪਾਂ ਵਿਚ ਇਸ ਸ਼ਬਦ ਦੀ ਵਰਤੋਂ ਪੰਜਾਬੀ ਜੀਵਨ-ਜਾਚ ਵਿਚ ਵੀ ਦੇਖਣ ਨੂੰ ਮਿਲਦੀ ਹੈ ਜਿਵੇਂ, ਪੱਗ ਵਟਾਉਣੀ, ਪੱਗ ਬਚਾਉਣੀ, ਦਸਤਾਰ ਸਜਾਉਣੀ, ਦਸਤਾਰ ਬੰਦੀ, ਰਸਮ ਪਗੜੀ ਆਦਿ। ਕਿਸੇ ਦੀ ਪੱਗ ਲਾਹੁਣ ਜਾਂ ਪੱਗ ਲੁਹਾਉਣ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਹੈ। ਇੱਥੋਂ ਤਕ ਕਿ ਜਦੋਂ ਨੌਜਵਾਨ ਮੁੰਡੇ ਜਾਂ ਕੁੜੀਆਂ ਘਰੋਂ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਿਤਾ ਦੀ ਪੱਗ ਨੂੰ ਦਾਗ਼ ਨਾ ਲਾਉਣ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਭਾਈ ਗੁਰਦਾਸ ਜੀ ਸਮਕਾਲੀ ਪੰਜਾਬੀ ਸੱਭਿਆਚਾਰ ਦੀ ਇਕ ਮਿਸਾਲ ਦਿੰਦੇ ਹੋਏ ਦੱਸਦੇ ਹਨ ਕਿ ਇਕ ਵਿਅਕਤੀ ਖੂਹ ਦੇ ਠੰਡੇ ਪਾਣੀ ਨਾਲ ਨਹਾ ਕੇ ਨੰਗੇ ਸਿਰ ਘਰ ਵੱਲ ਪਹੁੰਚਿਆ, ਭੁੱਲ ਗਿਆ ਕਿ ਪੱਗ ਖੂਹ 'ਤੇ ਹੀ ਛੱਡ ਆਇਆ ਹੈ। ਉਸ ਦਾ ਨੰਗਾ ਸਿਰ ਦੇਖ ਕੇ ਘਰ ਦੀਆਂ ਇਸਤਰੀਆਂ ਨੇ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਨੂੰ ਦੇਖ ਕੇ ਘਰ ਦੇ ਸਾਰੇ ਜੀਅ ਧਾਹਾਂ ਮਾਰ ਕੇ ਰੋਣ ਲੱਗੇ। ਗੁਆਂਢੀ ਇਕੱਠੇ ਹੋ ਕੇ ਘਰ ਆਏ ਤਾਂ ਉਨ੍ਹਾਂ ਨੇ ਵੀ ਘਰ ਦਾ ਕੋਈ ਜੀਅ ਮਰਿਆ ਹੋਇਆ ਸਮਝਿਆ ਅਤੇ ਉੱਥੇ ਬੈਠ ਕੇ ਅਫ਼ਸੋਸ ਕਰਨ ਲੱਗੇ। ਘਰ ਆਈ ਨੈਣ ਨੇ ਪਰਵਾਰ ਦੀਆਂ ਇਸਤਰੀਆਂ ਤੋਂ ਪੁੱਛਿਆ ਕਿ ਕਿਸ ਦੇ ਨਾਂ ਦੀ ਅਲਾਹੁਣੀ ਲਵਾਂ। ਇਕ ਇਸਤਰੀ ਨੇ ਕਿਹਾ ਕਿ ਮੇਰੇ ਸਹੁਰੇ ਨੂੰ ਪੁੱਛ ਜਿਹੜਾ ਨੰਗੇ ਸਿਰ ਘਰ ਆਇਆ ਹੈ। ਸਹੁਰਾ ਸਾਰੀ ਗੱਲ ਸਮਝ ਗਿਆ ਅਤੇ ਵਾਪਸ ਖੂਹ ਤੋਂ ਪੱਗ ਲਿਆ ਕੇ ਸਿਰ 'ਤੇ ਸਜਾਈ ਤਾਂ ਘਰ ਦਾ ਰੌਲਾ ਮੁੱਕਿਆ। ਭਾਈ ਸਾਹਿਬ ਨੇ ਵਿਅੰਗ ਨਾਲ ਪੰਜਾਬੀ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੮੭੨੦-੭੪੩੨੨*

ਸੱਭਿਆਚਾਰ ਵਿਚ ਦਸਤਾਰ ਦੇ ਮਹੱਤਵ ਨੂੰ ਸਮਝਾਇਆ ਹੈ।

ਬਾਬਾ ਅਮਰਦਾਸ ਜੀ (ਸ੍ਰੀ ਗੁਰੂ ਅਮਰਦਾਸ ਜੀ) ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਰ੍ਹਾਂ ਸਾਲ ਸੇਵਾ ਕੀਤੀ। ਇਸ ਸੇਵਾ ਬਦਲੇ ਉਨ੍ਹਾਂ ਨੂੰ ਹਰ ਸਾਲ ਗੁਰੂ ਸਾਹਿਬ ਵੱਲੋਂ ਇਕ ਸਿਰੋਪਾ ਦਿੱਤਾ ਜਾਂਦਾ ਸੀ ਜਿਸ ਨੂੰ ਉਹ ਸਤਿਕਾਰ ਸਹਿਤ ਸਿਰ ਉਤੇ ਬੰਨ੍ਹ ਲੈਂਦੇ ਸਨ। ਇਸ ਘਟਨਾ ਸੰਬੰਧੀ ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ:

*ਬਰਖ ਇਕਾਦਸ਼ ਸੇਵਾ ਕੀਨਸਿ ਦਿਏ ਰੁਮਾਲ ਇਕਾਦਸ਼ ਪਾਨਿ।*
*ਸੋ ਸਗਰੇ ਸਿਰ ਪਰ ਕਰਿ ਬਾਂਧਨਿ ਰਸਰੀ ਸੰਗ ਸੁ ਦ੍ਰਿੜਤਾ ਠਾਨਿ।*

ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਰਸਮ ਗੋਇੰਦਵਾਲ ਸਾਹਿਬ ਵਿਖੇ ਹੋਈ ਤਾਂ ਉੱਥੇ ਵੀ ਪਗੜੀ ਦੀ ਰਸਮ ਕੀਤੀ ਗਈ ਸੀ। ਭਾਵੇਂ ਕਿ ਗੁਰੂ ਰਾਮਦਾਸ ਜੀ ਨੇ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ ਸੀ ਪਰ ਫਿਰ ਵੀ ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰ ਕੇ ਗੁਰਿਆਈ 'ਤੇ ਆਪਣਾ ਹੱਕ ਸਮਝਦਾ ਸੀ। ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ ਅਤੇ ਗੁਰੂ ਪੁੱਤਰ ਹੋਣ ਕਰਕੇ ਉਨ੍ਹਾਂ ਦਾ ਗੁਰੂ-ਘਰ ਵਿਚ ਸਤਿਕਾਰ ਸੀ। ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਪਗੜੀ ਦੀ ਰਸਮ ਮੌਕੇ ਇਕ ਨਹੀਂ ਬਲਕਿ ਦੋ ਪਗੜੀਆਂ ਭੇਜੀਆਂ ਸਨ। ਘਰ ਵਿਚ ਵੱਡਾ ਪੁੱਤਰ ਹੋਣ ਕਰਕੇ ਇਕ ਪਗੜੀ ਪ੍ਰਿਥੀ ਚੰਦ ਲਈ ਸੀ ਅਤੇ ਗੁਰੂ ਦੇ ਸਤਿਕਾਰ ਵਜੋਂ ਇਕ ਪਗੜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭੇਟ ਕੀਤੀ ਗਈ ਸੀ। ਕੇਸਰ ਸਿੰਘ ਛਿੱਬਰ ਲਿਖਦੇ ਹਨ:

*ਸ੍ਰੀ ਚੰਦ ਸਾਹਿਬ ਜੀ ਪੱਗ ਭਿਜਵਾਈ।*
*ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ।*
*ਮਰਨੇ ਦੀ ਪਗਿ ਪ੍ਰਿਥੀਏ ਬੱਧੀ।*
*ਗੁਰਿਆਈ ਦੀ ਪਗਿ ਅਰਜਨ ਲੱਧੀ।* *(ਚਰਣ ੪.੩੫)*

ਪਾਉਂਟਾ ਸਾਹਿਬ ਵਿਖੇ ਦਸਤਾਰ ਅਸਥਾਨ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਮਿਲਦਾ ਹੈ। ਇਹ ਉਹ ਅਸਥਾਨ ਹੈ ਜਿੱਥੇ ਭੰਗਾਣੀ ਦੇ ਯੁੱਧ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੋਧਿਆਂ ਨੂੰ ਸਿਰੋਪੇ ਬਖ਼ਸ਼ਿਸ਼ ਕੀਤੇ ਸਨ। ੧੭੫੬ ਬਿਕ੍ਰਮੀ ਦੀ ਵੈਸਾਖ਼ੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਦਸਤਾਰ ਨੂੰ ਖ਼ਾਲਸੇ ਦੀ ਜੀਵਨ-ਜਾਚ ਦਾ ਅੰਗ ਬਣਾ ਦਿੱਤਾ ਸੀ। ਇਸ ਸੰਬੰਧੀ ਇਕ ਵਿਚਾਰ ਇਹ ਵੀ ਸਾਹਮਣੇ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਕੀਤਾ ਗਿਆ ਸੀ ਤਾਂ ਉਸ ਸਮੇਂ ਉੱਥੇ ਬਹੁਤ ਸਾਰੇ ਸਿੱਖ ਮੌਜੂਦ ਸਨ ਪਰ ਹਕੂਮਤ ਦੇ ਡਰ ਕਾਰਨ ਕੋਈ ਸਾਹਮਣੇ ਨਹੀਂ ਆਇਆ ਸੀ। ਗੁਰੂ ਜੀ ਨੇ ਉਸੇ ਸਮੇਂ ਇਹ ਦ੍ਰਿੜ੍ਹ ਸੰਕਲਪ ਕਰ ਲਿਆ ਸੀ ਕਿ ਉਹ ਅਜਿਹੇ ਪੰਥ ਦੀ ਸਿਰਜਣਾ ਕਰਨਗੇ ਜਿਹੜਾ ਲੁਕ ਨਹੀਂ ਸਕੇਗਾ। ਇਸ ਦ੍ਰਿਸ਼ਟੀ ਤੋਂ ਸਿੱਖ ਦੀ

ਦਸਤਾਰ ਉਸ ਨੂੰ ਆਪਣੀ ਵੱਖਰੀ ਪਛਾਣ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੀ ਹੈ ਅਤੇ ਨਾਲ ਹੀ ਗੁਰੂ ਜੀ ਦੀ ਸਿੱਖਿਆ ਅਤੇ ਸੰਦੇਸ਼ 'ਤੇ ਦ੍ਰਿੜ੍ਹਤਾ-ਪੂਰਵਕ ਪਹਿਰਾ ਦੇਣ ਦੀ ਪ੍ਰੇਰਨਾ ਵੀ ਪੈਦਾ ਕਰਦੀ ਹੈ। ਖ਼ਾਲਸੇ ਦੀ ਸਿਰਜਣਾ ਸਮੇਂ ਖ਼ਾਲਸੇ ਲਈ ਵਿਸ਼ੇਸ਼ ਮਰਯਾਦਾ ਤਿਆਰ ਕੀਤੀ ਗਈ ਜਿਸ ਵਿਚ 'ਪੰਜ ਕਕਾਰਾਂ' ਨੂੰ ਧਾਰਨ ਕਰਨ ਤੋਂ ਇਲਾਵਾ ਹੋਰ ਵੀ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਗਏ ਸਨ। ਇਨ੍ਹਾਂ ਆਦੇਸ਼ਾਂ ਵਿਚ ਦਸਤਾਰ ਦਾ ਜ਼ਿਕਰ ਕਰਦੇ ਹੋਏ ਭਾਈ ਰਤਨ ਸਿੰਘ ਭੰਗੂ ਅਨੁਸਾਰ:

*ਪਹਿਰ ਕਛਹਿਰੇ ਸਿਰ ਬੰਧਯੋ ਪਾਗ*
*ਗੁਰ ਗ੍ਰੰਥ ਬਚਨ ਪਰ ਰਹਯੋ ਲਾਗ।*

ਸਿੱਖ ਪਰੰਪਰਾ ਵਿਚ ਸਿੱਖ ਦੀ ਜੀਵਨ-ਜਾਚ ਦਾ ਅਟੁੱਟ ਅੰਗ ਬਣੀ ਦਸਤਾਰ ਸੰਬੰਧੀ ਵਰਣਨ ਕਰਦੇ ਹੋਏ ਭਾਈ ਨੰਦ ਲਾਲ ਜੀ ਕਹਿੰਦੇ ਹਨ- *ਕੰਘਾ ਦੋਵੇਂ ਵਕਤ ਕਰ ਪੱਗ ਚੁਣੇ ਕਰ ਬਾਂਧਈ।* ਸਿੱਖ ਮਰਯਾਦਾ ਦਾ ਅੰਗ ਬਣ ਚੁੱਕੀ ਦਸਤਾਰ ਪ੍ਰਤੀ ਸਿੱਖ ਨੂੰ ਹਮੇਸ਼ਾਂ ਸੁਚੇਤ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਪੁਰਾਤਨ ਸਿੱਖਾਂ ਦੀ ਮਰਯਾਦਾ ਵਿਚ ਰੋਜ਼ਾਨਾ ਦੋ ਵਾਰੀ ਦਸਤਾਰ ਬੰਨ੍ਹਣ ਦਾ ਜ਼ਿਕਰ ਵੀ ਮਿਲਦਾ ਹੈ- *ਦੋਇ ਵੇਲੇ ਉਠ ਬੰਧਯੋ ਦਸਤਾਰੇ ਪਹਰ ਆਠ ਰੱਖਯੋ ਸ਼ਸਤ੍ਰ ਸੰਭਾਰੇ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਤਾਰ ਨੂੰ ਸਿੱਖ ਜੀਵਨ-ਜਾਚ ਦਾ ਅੰਗ ਬਣਾ ਦਿੱਤਾ ਸੀ ਪਰ ਦਸਤਾਰ ਬੰਨ੍ਹਣ ਦਾ ਰਿਵਾਜ ਪੰਜਾਬ ਵਿਚ ਹੋਰਨਾਂ ਧਰਮਾਂ ਦੇ ਪੈਰੋਕਾਰਾਂ ਵਿਚ ਵੀ ਪ੍ਰਚਲਿਤ ਸੀ। ਰਾਜ-ਭਾਗ ਵਿਚ ਸ਼ਾਨ ਦਾ ਚਿੰਨ੍ਹ ਸਮਝੀ ਜਾਣ ਵਾਲੀ ਪਗੜੀ ਹਰ ਇਕ ਵਿਅਕਤੀ ਲਈ ਖਿੱਚ ਦਾ ਕਾਰਨ ਸੀ। ਮੁਗ਼ਲ ਬਾਦਸ਼ਾਹ, ਸੂਬੇਦਾਰ ਅਤੇ ਅਹਿਲਕਾਰ ਪਗੜੀ ਪਹਿਨ ਕੇ ਹੀ ਹਕੂਮਤ ਦਾ ਹਿੱਸਾ ਬਣ ਸਕਦੇ ਸਨ। ਅਠਾਰ੍ਹਵੀਂ ਸਦੀ ਵਿਚ ਜਦੋਂ ਸਿੱਖਾਂ 'ਤੇ ਸੰਕਟ ਦਾ ਸਮਾਂ ਆਇਆ ਤਾਂ ਉਨ੍ਹਾਂ ਦੀ ਪਛਾਣ ਦਸਤਾਰ ਤੋਂ ਕੀਤੀ ਜਾਣ ਲੱਗੀ ਸੀ। ਸਿੱਖ ਘੱਟ-ਗਿਣਤੀ ਵਿਚ ਸਨ ਅਤੇ ਜਦੋਂ ਉਨ੍ਹਾਂ ਵਿੱਚੋਂ ਕਦੇ ਕਿਸੇ ਨੇ ਮੁਗ਼ਲ ਹਕੂਮਤ ਦੇ ਅਹਿਲਕਾਰ ਨੂੰ ਸੋਧਣਾ ਹੁੰਦਾ ਤਾਂ ਮੁਗ਼ਲਈ ਭੇਖ ਧਾਰਨ ਕਰ ਲੈਂਦੇ ਸਨ ਅਤੇ ਉਨ੍ਹਾਂ ਵਰਗੀ ਦਸਤਾਰ ਸਜਾ ਕੇ ਆਪਣੀ ਕਾਰਵਾਈ ਕਰ ਜਾਂਦੇ ਸਨ। ਇਸ ਸੰਬੰਧੀ ਸਭ ਤੋਂ ਪ੍ਰਸਿੱਧ ਮਿਸਾਲ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੀ ਮਿਲਦੀ ਹੈ ਜਿਨ੍ਹਾਂ ਨੇ ਮੁਗ਼ਲਈ ਭੇਸ ਵਿਚ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਬੇਹੁਰਮਤੀ ਕਰ ਰਹੇ ਮੱਸਾ ਰੰਘੜ ਦਾ ਸਿਰ ਵੱਢ ਦਿੱਤਾ ਸੀ। ਇਸ ਤੋਂ ਇਲਾਵਾ ਜਦੋਂ ਮੁਗ਼ਲ ਹਕੂਮਤ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦੁਆਲੇ ਸਖ਼ਤ ਪਹਿਰਾ ਲਗਾ ਦਿੱਤਾ ਸੀ ਤਾਂ ਸਿੱਖਾਂ ਲਈ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰ ਕਰਨੇ ਵੀ ਔਖੇ ਹੋ ਗਏ ਸਨ। ਸ਼ਹੀਦ ਹੋਣ ਦੀ ਪਰਵਾਹ ਕੀਤੇ ਬਗ਼ੈਰ ਸਿੱਖ ਕਦੇ-ਕਦਾਈਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ

ਕਰ ਜਾਂਦੇ ਸਨ। ਇਸ ਸੰਬੰਧੀ ਭਾਈ ਸੁੱਖਾ ਸਿੰਘ ਦੀ ਮਿਸਾਲ ਬਹੁਤ ਮਹੱਤਵਪੂਰਨ ਹੈ ਜਿਸ ਨੇ ਮੁਗ਼ਲਾਂ ਵਾਂਗ ਸਿਰ 'ਤੇ ਦਸਤਾਰ ਸਜਾਈ ਅਤੇ ਸਰਾਂ ਵਾਲੇ ਪਾਸਿਓਂ ਆ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਤਾਂ ਮੁਗ਼ਲ ਸਿਪਾਹੀਆਂ ਨੇ ਉਸ ਨੂੰ ਫੜਨ ਦਾ ਯਤਨ ਕੀਤਾ ਪਰ ਉਸ ਦੀ ਤੇਗ਼ ਦੀ ਧਾਰ ਦੇਖ ਕੇ ਉਹ ਭੱਜ ਗਏ ਸਨ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਰਤਨ ਸਿੰਘ ਭੰਗੂ ਦੱਸਦੇ ਹਨ:

*ਤੁਰਕਨ ਜਿਉਂ ਮੁੰਡਾਸਾ ਬੰਧਿਓ ਲਈ ਸੁ ਹਾਥ ਕਮਾਨ।*
*ਸਵਾ ਪਹਿਰ ਦਿਨ ਜਬ ਰਹਯੋ, ਲਾਹੌਰ ਰਾਹੁ ਲੀਓ ਆਨ॥*
*ਸਰਾਂ ਰਸਤੇ ਢਿਗ ਆਯੋ ਤਲਾਇ*, ਜਲ ਪੀਵਨ ਕੋ ਕਰਯੋ ਬਲਾਇ।*
*ਆਗੇ ਕਰਕੇ ਅੰਮ੍ਰਿਤ ਪਿਲਾਯਾ, ਉਤਰ ਘੋੜੇ ਤੇ ਚੁੱਭਾ ਲਾਯਾ॥*

ਸਿੱਖਾਂ ਵਿਚ ਸੰਕਟ ਦੇ ਸਮੇਂ ਤੋਂ ਲੈ ਕੇ ਰਾਜ ਦੀ ਪ੍ਰਾਪਤੀ ਤਕ ਦਸਤਾਰ ਦਾ ਮਹੱਤਵਪੂਰਨ ਸਥਾਨ ਅਤੇ ਸਤਿਕਾਰ ਰਿਹਾ ਹੈ। ਜਦੋਂ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਉਨ੍ਹਾਂ ਰਾਹੀਂ ਸਮਾਜ ਵਿਚ ਟੋਪੀ ਧਾਰਨ ਕਰਨ ਨੂੰ ਮਾਣ ਸਮਝਿਆ ਜਾਣ ਲੱਗਾ ਸੀ। ਫ਼ੌਜਾਂ ਵਿਚ ਸੇਵਾ ਕਰਨ ਵਾਲੇ ਸਿਪਾਹੀ ਅਤੇ ਜਰਨੈਲ ਵੀ ਟੋਪੀ ਧਾਰਨ ਕਰਦੇ ਸਨ ਪਰ ਜਦੋਂ ਸਿੱਖ ਅੰਗਰੇਜ਼ੀ ਫ਼ੌਜ ਦਾ ਹਿੱਸਾ ਬਣੇ ਤਾਂ ਉਨ੍ਹਾਂ ਨੇ ਲੋਹ-ਟੋਪ ਪਹਿਨਣ ਦੀ ਬਜਾਏ ਦਸਤਾਰ ਧਾਰਨ ਕਰਨ ਨੂੰ ਹੀ ਤਰਜੀਹ ਦਿੱਤੀ ਸੀ ਜਿਸ ਨੂੰ ਅੰਗਰੇਜ਼ਾਂ ਨੇ ਪ੍ਰਵਾਨ ਕਰ ਲਿਆ ਸੀ। ਦੂਜੀ ਸੰਸਾਰ ਜੰਗ ਦੌਰਾਨ ਸਿੱਖ ਜਿਸ ਵੀ ਮੁਲਕ ਵਿਚ ਯੁੱਧ ਕਰਨ ਲਈ ਜਾਂਦੇ ਸਨ ਇਨ੍ਹਾਂ ਦੀ ਦਸਤਾਰ ਖਿੱਚ ਦਾ ਕਾਰਨ ਬਣਦੀ ਸੀ। ਅੰਗਰੇਜ਼ਾਂ ਤੋਂ ਲੈ ਕੇ ਮੌਜੂਦਾ ਸਮੇਂ ਤਕ ਭਾਵੇਂ ਕੋਈ ਵੀ ਹਕੂਮਤ ਭਾਰਤ 'ਤੇ ਰਾਜ ਕਰਦੀ ਰਹੀ ਪਰ ਕਿਸੇ ਨੇ ਵੀ ਪੰਜਾਬ ਦੇ ਲੋਕਾਂ ਜਾਂ ਸਿੱਖਾਂ ਦੀ ਦਸਤਾਰ ਦੇ ਮਹੱਤਵ ਨੂੰ ਅੱਖੋਂ-ਪਰੋਖੇ ਨਹੀਂ ਕੀਤਾ। ਜਦੋਂ ਕੋਈ ਅਜਿਹੀ ਘਟਨਾ ਦੇਖਣ ਨੂੰ ਮਿਲਦੀ ਹੈ ਤਾਂ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਸਮੁੱਚੇ ਰੂਪ ਵਿਚ ਉਸ ਦਾ ਵਿਰੋਧ ਕੀਤਾ ਜਾਂਦਾ ਹੈ।

'ਪਗੜੀ ਸੰਭਾਲ ਜੱਟਾ' ਨਾਂ 'ਤੇ ਚਲਾਈ ਗਈ ਕਿਸਾਨ ਲਹਿਰ ਇਤਿਹਾਸ ਦਾ ਹਿੱਸਾ ਹੈ ਜਿਹੜੀ ਕਿ ਪਗੜੀ ਰਾਹੀਂ ਪੰਜਾਬੀਆਂ ਨੂੰ ਅਣਖ਼ ਅਤੇ ਸ੍ਵੈਮਾਣ ਪ੍ਰਤੀ ਸੁਚੇਤ ਕਰਨ ਵੱਲ ਸੰਕੇਤ ਕਰਦੀ ਹੈ। ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿਚ ਦਸਤਾਰ ਨੂੰ ਗੌਰਵਮਈ ਸਥਾਨ ਪ੍ਰਦਾਨ ਕੀਤਾ ਗਿਆ ਹੈ। ਧਨੀ ਰਾਮ ਚਾਤ੍ਰਿਕ ਨੇ ਪੱਗ ਨੂੰ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਮੰਨਦੇ ਹੋਏ ਇਸ ਨੂੰ ਜੱਟ ਦੇ ਪਹਿਰਾਵੇ ਨਾਲ ਜੋੜਿਆ ਹੈ ਜਿਹੜੀ ਕਿ ਮੇਲੇ ਵਿਚ ਉਸ ਦੀ ਟੌਹਰ ਬਣਾਉਂਦੀ ਹੈ। ਇਸੇ ਤਰ੍ਹਾਂ ਚਮਨ ਹਰਗੋਬਿੰਦਪੁਰੀ ਦਸਤਾਰ ਨੂੰ ਸਰਦਾਰੀ ਦਾ ਚਿੰਨ੍ਹ ਮੰਨਦੇ ਹੋਏ ਕਹਿੰਦਾ ਹੈ- ਕੇਸ ਰੱਖ ਕੇ ਸਿੱਖ ਤਾਂ ਬਣ ਜਾਂਦਾ, ਬੱਝੇ ਪੱਗ ਤਾਂ ਫੇਰ

** ਸਰੋਵਰ*

ਸਰਦਾਰ ਬਣਦਾ।

ਪੰਜਾਬ ਦਾ ਨੌਜਵਾਨ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧ ਰੱਖਦਾ ਹੋਵੇ, ਉਸ ਲਈ ਵੀ ਭੰਗੜਾ ਪਾਉਣ ਸਮੇਂ ਦਸਤਾਰ ਸਜਾਉਣੀ ਲਾਜ਼ਮੀ ਹੈ। ਇਸ ਦ੍ਰਿਸ਼ਟੀ ਤੋਂ ਦਸਤਾਰ ਨੂੰ ਪੰਜਾਬ ਦੀ ਪਰੰਪਰਾ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਪੰਜਾਬੀਆਂ ਵੱਲੋਂ ਜਦੋਂ ਕੋਈ ਮਹੱਤਵਪੂਰਨ ਰਸਮ ਕੀਤੀ ਜਾਂਦੀ ਹੈ ਤਾਂ ਸਿਰ 'ਤੇ ਦਸਤਾਰ ਸਜਾਉਣਾ ਗੌਰਵਮਈ ਸਮਝਿਆ ਜਾਂਦਾ ਹੈ। ਵਿਆਹ ਦੀ ਰਸਮ ਮੌਕੇ ਵਿਸ਼ੇਸ਼ ਤੌਰ 'ਤੇ ਦਸਤਾਰਾਂ ਬੰਨ੍ਹਣ ਵਾਲੇ ਨੂੰ ਬੁਲਾਉਣ ਦਾ ਰਿਵਾਜ਼ ਦਿਨੋ-ਦਿਨ ਜ਼ੋਰ ਫੜਦਾ ਜਾ ਰਿਹਾ ਹੈ। ਧਾਰਮਿਕ ਸਮਾਗਮਾਂ ਮੌਕੇ ਵੀ ਦਸਤਾਰ ਮੁਕਾਬਲੇ ਜਾਂ ਦਸਤਾਰ ਸਿਖਾਉਣ ਦੇ ਕੈਂਪ ਖਿੱਚ ਦਾ ਕੇਂਦਰ ਬਣਦੇ ਜਾ ਰਹੇ ਹਨ। ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਵਿਚ ਵੀ ਦਸਤਾਰਾਂ ਖਿੱਚ ਦਾ ਕੇਂਦਰ ਬਣੀਆਂ ਅਤੇ ਦੂਜੇ ਰਾਜਾਂ ਤੋਂ ਆਉਣ ਵਾਲੇ ਕਿਸਾਨ ਮੋਰਚੇ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਦਸਤਾਰ ਸਜਾਉਣ ਵਿਚ ਮਾਣ ਮਹਿਸੂਸ ਕਰਨ ਲੱਗੇ ਸਨ। ਜਿਸ ਸਿਰ 'ਤੇ ਦਸਤਾਰ ਸਜਾਈ ਹੁੰਦੀ ਹੈ ਉਸ ਨੂੰ ਹੈਲਮਟ ਪਾਉਣ ਤੋਂ ਛੋਟ ਦਿੱਤੀ ਗਈ ਹੈ। ਇਸ ਕਰਕੇ ਪੰਜਾਬ ਵਿਚ ਜਦੋਂ ਹੈਲਮਟ ਪਾਉਣਾ ਲਾਜ਼ਮੀ ਕਰ ਦਿੱਤਾ ਗਿਆ ਤਾਂ ਨੌਜਵਾਨਾਂ ਨੇ ਹੈਲਮਟ ਦੀ ਬਜਾਏ ਦਸਤਾਰ ਬੰਨ੍ਹਣ ਨੂੰ ਤਰਜੀਹ ਦਿੱਤੀ।

ਪੰਜਾਬ ਤੋਂ ਪ੍ਰਵਾਸ ਕਰਨ ਵਾਲੇ ਸਿੱਖ ਵਿਦੇਸ਼ਾਂ ਵਿਚ ਪਹੁੰਚ ਕੇ ਕੇਸਾਂ ਨੂੰ ਤਿਲਾਂਜਲੀ ਦੇਣ ਲੱਗੇ ਅਤੇ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਇਹ ਪ੍ਰਚਾਰ ਜ਼ੋਰ ਫੜ ਗਿਆ ਕਿ ਕੇਸ ਰੱਖਣ ਵਾਲਿਆਂ ਨੂੰ ਵਿਦੇਸ਼ਾਂ ਵਿਚ ਕੰਮ ਨਹੀਂ ਮਿਲਦਾ ਪਰ ਹੁਣ ਇਹ ਧਾਰਨਾ ਲਗਪਗ ਖ਼ਤਮ ਹੋ ਗਈ ਹੈ ਅਤੇ ਵਿਦੇਸ਼ਾਂ ਵਿਚ ਵੈਸਾਖੀ ਮੌਕੇ 'ਅੰਤਰ-ਰਾਸ਼ਟਰੀ ਦਸਤਾਰ ਦਿਵਸ' ਮਨਾਇਆ ਜਾਣ ਲੱਗਿਆ ਹੈ ਤਾਂ ਕਿ ਦਸਤਾਰ ਪ੍ਰਤੀ ਗੌਰਵਤਾ ਨੂੰ ਕਾਇਮ ਰੱਖਿਆ ਜਾ ਸਕੇ। ਮੌਜੂਦਾ ਸਮੇਂ ਵਿਚ ਬਹੁਤ ਸਾਰੇ ਦੇਸ਼ਾਂ ਵਿਚ ਸਿੱਖਾਂ ਦੇ ਦਸਤਾਰ ਬੰਨ੍ਹਣ 'ਤੇ ਪਾਬੰਦੀਆਂ ਖ਼ਤਮ ਜਾਂ ਨਰਮ ਹੋ ਰਹੀਆਂ ਹਨ। ਵਿਦੇਸ਼ਾਂ ਵਿਚ ਬੈਠੇ ਸਿੱਖਾਂ ਨੇ ਦਸਤਾਰ ਦਾ ਸਤਿਕਾਰ ਕਾਇਮ ਕਰਨ ਲਈ ਸ਼ਲਾਘਾਯੋਗ ਕਾਰਜ ਕੀਤਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਦਸਤਾਰ ਨਾਲ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਜੁੜੀ ਹੋਈ ਹੈ ਜਿਸ ਵਿਚੋਂ ਅਣਖ਼, ਸ੍ਵੈਮਾਣ, ਪ੍ਰੇਮ, ਭਾਈਚਾਰੇ, ਪਰਉਪਕਾਰ ਅਤੇ ਸਤਿਕਰ ਦੇ ਦਰਸ਼ਨ ਹੁੰਦੇ ਹਨ। ■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਹੋਲਾ ਮਹੱਲਾ

*-ਡਾ. ਗਿਆਨੀ ਭੁਪਿੰਦਰ ਪਾਲ ਸਿੰਘ**

ਸੰਸਾਰ ਵਿਚ ਵੱਖੋ-ਵੱਖਰੇ ਮਤਾਂ ਵਾਲੇ ਆਪਣੀ ਖੁਸ਼ੀ-ਗਮੀ ਦੇ ਪ੍ਰਗਟਾਵੇ ਵਜੋਂ ਕੁਝ ਪੁਰਬ ਮਨਾਉਂਦੇ ਹਨ। ਕੁਝ ਕੁ ਪੁਰਬ ਖੁਸ਼ੀ ਨਾਲ ਜੋੜ ਕੇ ਮਨਾਏ ਜਾਂਦੇ ਹਨ, ਕੁਝ ਦਾ ਸੰਬੰਧ ਗਮੀ ਨਾਲ ਹੈ ਅਤੇ ਕੁਝ ਪੁਰਬਾਂ ਦਾ ਤਾਲੁਕਾਤ ਮੌਸਮੀ ਤਬਦੀਲੀ ਨਾਲ ਹੈ। ਸਮਾਜ ਵਿਚ ਹਿੰਦੂ ਮੱਤ ਦਾ ਜ਼ਿਆਦਾ ਪ੍ਰਭਾਵ ਹੋਣ ਕਰਕੇ ਇੱਥੇ ਅਧਿਕ ਤੌਰ 'ਤੇ ਬਹੁਤਾਤ ਗਿਣਤੀ ਵਿਚ ਹਿੰਦੂ ਮਤ ਦੇ ਤਿਉਹਾਰ ਮਨਾਏ ਜਾਂਦੇ ਹਨ। ਜਿਨ੍ਹਾਂ ਵਿੱਚੋਂ ਹੋਲੀ ਇਸ ਮਤ ਦਾ ਇਕ ਵਿਸ਼ੇਸ਼ ਮਹੱਤਤਾ ਵਾਲਾ ਦਿਨ ਹੈ ਜੋ ਫੱਗਣ ਦੀ ਪੂਰਨਮਾਸੀ ਨੂੰ ਮਨਾਇਆ ਜਾਂਦਾ ਹੈ।

ਹਥਲੇ ਲੇਖ ਵਿਚ 'ਹੋਲੇ ਮਹੱਲੇ' ਦਾ ਜ਼ਿਕਰ ਕੀਤਾ ਗਿਆ ਹੈ। ਸਹੂਲਤ ਵਜੋਂ ਇਸ ਲੇਖ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਹੋਲੀ ਤੋਂ ਹੋਲੇ ਮਹੱਲੇ ਤਕ ਦੇ ਸਫ਼ਰ ਦਾ ਜ਼ਿਕਰ ਕੀਤਾ ਗਿਆ ਹੈ। ਦੂਜੇ ਭਾਗ ਵਿਚ ਹੋਲੇ ਮਹੱਲੇ ਦਾ ਅਰਥ, ਪਰੰਪਰਾ, ਹੋਲੇ ਮਹੱਲੇ ਦਾ ਜੁਝਾਰੂ ਪੱਖ, ਗੁਰਮਤਿ ਸੰਗੀਤ ਅਤੇ ਹੋਲੇ ਮਹੱਲੇ ਦਾ ਅਟੁੱਟ ਸੰਬੰਧ ਆਦਿ ਦਰਸਾਉਣ ਦਾ ਯਤਨ ਕੀਤਾ ਗਿਆ ਹੈ।

ਹੋਲੀ ਭਾਰਤੀ ਤਿਉਹਾਰ ਪਰੰਪਰਾ ਵਿਚ ਭਗਤ ਪ੍ਰਹਿਲਾਦ ਦੀ ਯਾਦ ਨੂੰ ਸੁਰਜੀਤ ਰੱਖਣ ਵਾਲਾ ਤਿਉਹਾਰ ਹੈ। ਭਾਰਤ ਵਿਚ ਹੋਲੀ ਦਾ ਤਿਉਹਾਰ ਹਰਨਾਖਸ਼ ਦੀ ਭੈਣ ਹੋਲਿਕਾ ਅਤੇ ਪ੍ਰਹਿਲਾਦ ਦੇ ਵਿਚਾਲੇ ਨੇਕੀ ਅਤੇ ਬਦੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਭੈਰਉ ਵਿਚ ਭਗਤ ਪ੍ਰਹਿਲਾਦ ਨੂੰ 'ਗੁਰਮੁਖ' ਅਤੇ ਹਰਨਾਖਸ਼ ਨੂੰ 'ਮਨਮੁਖ' ਦਾ ਸਥਾਨ ਦਿੱਤਾ ਹੈ। ਭਗਤੀ ਕਰਨ ਵਾਲੇ ਦਾ ਰਾਖਾ ਪਰਮਾਤਮਾ ਹੁੰਦਾ ਹੈ:

*ਤਿਨਿ ਕਰਤੈ ਇਕੁ ਚਲਤੁ ਉਪਾਇਆ॥ ਅਨਹਦ ਬਾਣੀ ਸਬਦੁ ਸੁਣਾਇਆ॥*
*ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥ ਕਾਰਣੁ ਕਰਤਾ ਕਰਦਾ ਆਇਆ॥੧॥*
*ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ॥੧॥ਰਹਾਉ॥*
*ਪਿਤਾ ਪ੍ਰਹਲਾਦੁ ਪੜਣ ਪਠਾਇਆ॥ ਲੈ ਪਾਟੀ ਪਾਧੇ ਕੈ ਆਇਆ॥*
*ਨਾਮ ਬਿਨਾ ਨਹ ਪੜਉ ਅਚਾਰ॥ ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥੨॥*
*ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ॥ ਪਰਵਿਰਤਿ ਨ ਪੜਹੁ ਰਹੀ ਸਮਝਾਇ॥*
*ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ॥ ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ॥੩॥*

** ਕਥਾਵਾਚਕ, ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ-੧੪੭੦੦੪; ਮੋ. ੯੪੬੪੦੪੩੫੩੬*

*ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥ ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ॥*
*ਸਭ ਨਗਰੀ ਮਹਿ ਭਗਤਿ ਦ੍ਰਿੜਾਈ॥ ਦੁਸਟ ਸਭਾ ਕਾ ਕਿਛੁ ਨ ਵਸਾਈ॥੪॥*
*ਸੰਡੈ ਮਰਕੈ ਕੀਈ ਪੂਕਾਰ॥ ਸਭੇ ਦੈਤ ਰਹੇ ਝਖ ਮਾਰਿ॥*
*ਭਗਤ ਜਨਾ ਕੀ ਪਤਿ ਰਾਖੈ ਸੋਈ॥ ਕੀਤੇ ਕੈ ਕਹਿਐ ਕਿਆ ਹੋਈ॥੫॥*
*ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ॥ ਹਰਿ ਨ ਬੂਝੈ ਤਿਨਿ ਆਪਿ ਭੁਲਾਇਆ॥*
*ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ॥ ਅੰਧਾ ਨ ਬੂਝੈ ਕਾਲੁ ਨੇੜੈ ਆਇਆ॥੬॥*
*ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥*
*ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥*
*ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ॥*
*ਜੋ ਧੁਰਿ ਲਿਖਿਆ ਸੁੋ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ॥੭॥*
*ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ॥ ਕਹਾਂ ਤੁਮ੍ਾਰਾ ਜਗਦੀਸ ਗੁਸਾਈ॥*
*ਜਗਜੀਵਨੁ ਦਾਤਾ ਅੰਤਿ ਸਖਾਈ॥ ਜਹ ਦੇਖਾ ਤਹ ਰਹਿਆ ਸਮਾਈ॥੮॥*
*ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ॥ ਅਹੰਕਾਰੀ ਦੈਤੁ ਮਾਰਿ ਪਚਾਇਆ॥*
*ਭਗਤਾ ਮਨਿ ਆਨੰਦੁ ਵਜੀ ਵਧਾਈ॥ ਅਪਨੇ ਸੇਵਕ ਕਉ ਦੇ ਵਡਿਆਈ॥੯॥*
*ਜੰਮਣੁ ਮਰਣਾ ਮੋਹੁ ਉਪਾਇਆ॥ ਆਵਣੁ ਜਾਣਾ ਕਰਤੈ ਲਿਖਿ ਪਾਇਆ॥*
*ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ॥*
*ਭਗਤਾ ਕਾ ਬੋਲੁ ਆਗੈ ਆਇਆ॥੧੦॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੪)*

ਭਗਤ ਪ੍ਰਹਿਲਾਦ ਦੀ ਰੱਖਿਆ ਸੰਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ੨੪ ਅਵਤਾਰਾਂ ਵਿਚ ਜ਼ਿਕਰ ਕੀਤਾ ਹੈ ਕਿ ਹਿਰਨਯੋਂ ਅਤੇ ਹਰਨਾਖਸ਼ ਦੋਵੇਂ ਆਪਸ ਵਿਚ ਭਰਾ ਸਨ। ਹਰਨਾਖਸ਼ ਦੇ ਘਰ ਮੁਲਤਾਨ ਦੀ ਧਰਤੀ 'ਤੇ ਪ੍ਰਹਿਲਾਦ ਦਾ ਜਨਮ ਹੋਇਆ:

*ਪ੍ਰਹਲਾਦ ਭਗਤ ਲੀਨੋਵਤਾਰ॥*
*ਸਬ ਕਰਨਿ ਕਾਜ ਸੰਤਨ ਉਧਾਰ॥*[1]

ਭਾਈ ਗੁਰਦਾਸ ਜੀ ਅਨੁਸਾਰ ਹਰਨਾਖਸ਼ ਦੇ ਘਰ ਪ੍ਰਹਿਲਾਦ ਭਗਤ ਦਾ ਜਨਮ ਇਸ ਤਰ੍ਹਾਂ ਹੈ ਜਿਵੇਂ ਕੱਲਰ ਦੀ ਧਰਤੀ ਉੱਤੇ ਕਮਲ ਦੇ ਫੁੱਲ ਦੀ ਪੈਦਾਇਸ਼ ਹੋ ਜਾਵੇ, ਜੋ ਕਿ ਨਾਮੁਮਕਿਨ ਹੈ ਪਰ ਪਰਮਾਤਮਾ ਦੀ ਇਹੀ ਅਸਚਰਜਤਾ ਹੈ।[2] ਹਰਨਾਖਸ਼ ਦੇ ਆਪਣੇ ਪੁੱਤਰ ਨੂੰ ਮਰਵਾਉਣ ਲਈ ਲਗਪਗ ਚੇਤਰ ਸੁਦੀ ਤੋਂ ਲੈ ਕੇ ਚੇਤਰ ਵਦੀ ਤਕ ੧੫ ਦਿਨ ਤਸੀਹੇ ਦਿੱਤੇ ਇਸ ਲਈ ਹੋਲੀ ਤਿਉਹਾਰ ਲਗਪਗ ੧੫ ਦਿਨ ਤਕ ਮਨਾਇਆ ਜਾਂਦਾ ਹੈ। ਹੋਲੀ ਇਕ ਮੌਸਮੀ ਤਿਉਹਾਰ ਹੈ ਜੋ ਕਿ ਸਰਦੀ ਤੇ ਗਰਮੀ ਦੇ ਦਰਮਿਆਨ ਆਉਂਦਾ ਹੈ ਜਿਸ ਸਮੇਂ ਬਸੰਤ ਦੇ ਖਿੜਾਅ ਕਰਕੇ ਕੁਦਰਤ ਵਿਚ ਖੁਸ਼ੀ ਦਾ ਪ੍ਰਗਟਾਵਾ ਹੁੰਦਾ ਹੈ ਹੋਲੀ ਸਮੇਂ ਕੁਦਰਤ ਵਿਚ ਖਿੜਾਅ ਰਹਿੰਦਾ ਹੈ, ਕਿਉਂਕਿ ਇਹ ਫੱਗਣ ਦੀ ਪੂਰਨਮਾਸੀ

ਨੂੰ ਮਨਾਇਆ ਜਾਂਦਾ ਹੈ। ਕਿਰਪਾਲ ਕਜ਼ਾਕ ਅਨੁਸਾਰ ਉੱਤਰ-ਪ੍ਰਦੇਸ਼ ਅਤੇ ਹਰਿਆਣਾ ਵਿਚ ਹੋਲੀ ਨੂੰ ਫਾਗ ਵੀ ਕਿਹਾ ਜਾਂਦਾ ਹੈ। ਦੱਖਣ ਵਿਚ ਹੋਲੀ ਨੂੰ ਕਾਮਦੇਵ ਨਾਲ ਸੰਬੰਧਿਤ ਸਮਝ ਕੇ ਇਸ ਨੂੰ ਕਾਮਦਾਹਨ ਜਾਂ ਕਾਮਾਪੰਡੀਗਈ ਕਿਹਾ ਜਾਂਦਾ ਹੈ। ਰਾਜਸਥਾਨ ਆਦਿ ਦੇ ਇਲਾਕੇ ਵਿਚ ਹੋਲੀ ਨੂੰ ਅਗਨੀ ਪ੍ਰਚੰਡ ਕਰ ਕੇ ਵੀ ਮਨਾਉਂਦੇ ਹਨ ਕਿਉਂਕਿ ਉਨ੍ਹਾਂ ਦੀ ਸਿਮ੍ਰਤੀ ਵਿਚ ਹੋਲਿਕਾ, ਜੋ ਕਿ ਬਦੀ ਦੇ ਪ੍ਰਤੀਕ ਵਜੋਂ ਜਾਣੀ ਜਾਂਦੀ ਹੈ, ਸੜ ਕੇ ਮਰੀ ਸੀ ਅਤੇ ਪ੍ਰਹਿਲਾਦ ਭਗਤ ਦੇ ਬਚਾਅ ਦੀ ਖੁਸ਼ੀ ਵਿਚ ਆਪਸ ਵਿਚ ਰੰਗ ਆਦਿ ਨਾਲ ਵੀ ਹੋਲੀ ਖੇਡਦੇ ਹਨ। ਹੋਲੀ ਨੂੰ ਬਸੰਤ ਰੁੱਤ ਦਾ ਚਲੀਹਾ ਵੀ ਕਿਹਾ ਜਾਂਦਾ ਹੈ। ਕਿਉਂਕਿ ਹੋਲੀ ਬਸੰਤ ਪੰਚਮੀ ਤੋਂ ੪੦ਵੇਂ ਦਿਨ ਬਾਅਦ ਆਉਂਦੀ ਹੈ। ਪ੍ਰਾਚੀਨ ਕਾਲ ਵਿਚ ਬਸੰਤ ਰੁੱਤ ਦੇ ਆਗਮਨ ਵਜੋਂ ਇਹ ਤਿਉਹਾਰ ਪੰਚਮੀ ਤੋਂ ਲੈ ਕੇ ਹੋਲੀ ਤਕ ਚਾਲੀ ਦਿਨ ਮਨਾਇਆ ਜਾਂਦਾ ਸੀ ਜਿਸ ਵਿਚ ਲੋਕ ਲਾਲ ਰੰਗ ਦੇ ਕੱਪੜੇ ਪਹਿਨਦੇ ਅਤੇ ਕਾਮਦੇਵ ਦੀ ਪੂਜਾ ਕਰਦੇ ਸਨ। ਇਸ ਲਈ ਹੋਲੀ ਨੂੰ ਸੁਵਸੰਤਕਾ ਵੀ ਕਿਹਾ ਜਾਂਦਾ ਸੀ।[੩] ਹੋਲੀ ਦੀ ਪਰੰਪਰਾ ਸ. ਰਣਜੀਤ ਸਿੰਘ ਖੜਗ ਆਪਣੇ ਸ਼ਬਦਾਂ ਵਿਚ ਇਉਂ ਬਿਆਨ ਕਰਦੇ ਹਨ ਕਿ ਜਦ ਮਹਿਮੂਦ ਨੇ ਹਿੰਦ ਉੱਤੇ ਪਹਿਲਾ ਹਮਲਾ ਕੀਤਾ ਤਾਂ ਹੋਲੀਆਂ ਦੇ ਦਿਨਾਂ ਵਿਚ ਲੋਕਾਂ ਨੂੰ ਗੰਦ-ਮੰਦ ਉਛਾਲਦਿਆਂ ਸਿਰ ਵਿਚ ਖੇਹ ਸੁਆਹ ਪਾਉਂਦਿਆਂ ਤੱਕ ਕੇ ਖੁਸ਼ ਹੋ ਕੇ ਆਖਿਆ ਕਿ ਜੋ ਲੋਕ ਆਪ ਹੀ ਆਪਣੀ ਪਾਣ ਪੱਤ ਲਾਹ ਸਕਦੇ ਹਨ ਉਨ੍ਹਾਂ ਨੂੰ ਫਤਹ ਕਰ ਲੈਣਾ ਕੋਈ ਮੁਸ਼ਕਲ ਨਹੀਂ।[੪]

ਭਾਈ ਗੁਰਦਾਸ ਜੀ ਅਨੁਸਾਰ *ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ*[੫] ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ ਨੂੰ ਦੂਰ ਕਰਨ ਲਈ ਨਿਰਮਲ ਪੰਥ ਚਲਾਇਆ। ਸਮੇਂ ਦੇ ਬਦਲਾਅ ਨਾਲ ਤਿਉਹਾਰਾਂ ਵਿਚ ਬੁਰਿਆਈਆਂ ਆਉਣੀਆਂ ਸੁਭਾਵਿਕ ਹਨ। ਇਸ ਲਈ ਗੁਰੂ ਸਾਹਿਬਾਨ ਨੇ ਇਨ੍ਹਾਂ ਤਿਉਹਾਰਾਂ ਨੂੰ ਰੂਹਾਨੀ ਰੰਗਤ ਵਿਚ ਲਬਰੇਜ਼ ਕੀਤਾ। ਹੋਲੀ ਦੇ ਤਿਉਹਾਰ ਵਿਚ ਵੀ ਅਨੇਕ ਊਣਤਾਈਆਂ ਆਉਣ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਬਸੰਤ ਵਿਚ ਹੋਲੀ ਨੂੰ ਸਾਧ-ਸੰਗਤ ਕਰਦਿਆਂ ਪ੍ਰਭੂ-ਪ੍ਰੇਮ ਵਿਚ ਭਿੱਜ ਕੇ ਮਨਾਉਣ ਦਾ ਜ਼ਿਕਰ ਕੀਤਾ ਹੈ:

*ਗੁਰੁ ਸੇਵਉ ਕਰਿ ਨਸਮਕਾਰ॥*
*ਆਜੁ ਹਮਾਰੈ ਮੰਗਲਚਾਰ॥*
*ਆਜੁ ਹਮਾਰੈ ਮਹਾ ਅਨੰਦ॥*
*ਚਿੰਤ ਲਥੀ ਭੇਟੇ ਗੋਬਿੰਦ॥੧॥*
*ਆਜੁ ਹਮਾਰੈ ਗ੍ਰਿਹਿ ਬਸੰਤ॥*
*ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ਰਹਾਉ॥*
*ਆਜੁ ਹਮਾਰੈ ਬਨੇ ਫਾਗ॥*

*ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥*
*ਮਨੁ ਤਨੁ ਮਉਲਿਓ ਅਤਿ ਅਨੂਪ॥*
*ਸੂਕੈ ਨਾਹੀ ਛਾਵ ਧੂਪ॥*
*ਸਗਲੀ ਰੂਤੀ ਹਰਿਆ ਹੋਇ॥*
*ਸਦ ਬਸੰਤ ਗੁਰ ਮਿਲੇ ਦੇਵ॥੩॥*
*ਬਿਰਖੁ ਜਮਿਓ ਹੈ ਪਾਰਜਾਤ॥*
*ਫੂਲ ਲਗੇ ਫਲ ਰਤਨ ਭਾਂਤਿ॥*
*ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥*
*ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੦)*

'ਹੋਲਾ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ- ਹਮਲਾ ਅਤੇ 'ਮਹੱਲਾ' ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ, ਹਮਲੇ ਦੀ ਜਗ੍ਹਾ। ਹੋਲੇ ਮਹੱਲੇ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਹਮਲਾ ਅਤੇ ਜਾਯ ਹਮਲਾ ਅਰਥਾਤ ਨਿਸ਼ਚਿਤ ਜਗ੍ਹਾ ਦੇ ਜਾ ਕੇ ਹੱਲਾ ਕਰਨਾ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁੱਧ ਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗਾਂ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦਿੰਦੇ ਸੇ ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਰੋਪਾ ਬਖਸ਼ਦੇ ਸਨ।[੬]

ਭਾਈ ਰਣਧੀਰ ਸਿੰਘ (ਰੀਸਰਚ ਸਕਾਲਰ) ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੨੯ ਮਾਰਚ, ੧੭੦੧ (ਚੇਤ੍ਰ ਸੁਦੀ ਏਕਮ ੧੭੫੮ ਬਿਕ੍ਰਮੀ) ਦਿਨ ਸ਼ਨੀਵਾਰ ਨੂੰ ਕਿਲ੍ਹਾ ਹੋਲਗੜ੍ਹ ਵਿਚ ਖਾਲਸੇ ਦੇ ਜੰਗੀ ਕਰਤਵ ਤੇ ਪਉਰਖ ਦੇ ਜੌਹਰਾਂ ਦਾ ਦਿਖਾਵਾ ਕਰਾਇਆ। ਅਰੁ ਅਗਾਹਾਂ ਲਈ ਹਰ ਸਾਲ ਵਾਸਤੇ ਰਿਵਾਜ ਪਾਇਆ, ਇਸ ਮੇਲੇ ਦਾ ਨਾਮ ਰੱਖਿਆ 'ਹੋਲਾ ਮਹੱਲਾ'।[੭]

ਇਸ ਤਰ੍ਹਾਂ ਹੋਲਾ ਮਹੱਲਾ ਕੁਦਰਤ ਦੇ ਖਿੜਾਅ ਨਾਲ ਨਾਲ ਖ਼ਾਲਸਾ ਪੰਥ ਵਿਚ ਆਪਸੀ ਵਿਗਾਸ ਦਾ ਪ੍ਰਤੀਕ ਹੈ, ਜੋ ਕਿ ਰੂਹਾਨੀ ਤਲ ਦੀ ਅਵਸਥਾ ਹੈ।

ਭਾਈ ਨੰਦ ਲਾਲ ਜੀ ਜੋ ਕਿ ਗੁਰੂ ਸਾਹਿਬ ਦੇ ਦਰਬਾਰੀ ਕਵੀ ਸਨ, ਉਨ੍ਹਾਂ ਨੇ ਉਸ ਸਮੇਂ ਦੇ ਹੋਲੇ ਮਹੱਲੇ ਦਾ ਦ੍ਰਿਸ਼ ਇਸ ਤਰ੍ਹਾਂ ਆਪਣੀਆਂ ਗ਼ਜ਼ਲਾਂ ਵਿਚ ਵਰਣਨ ਕੀਤਾ ਹੈ:

*ਗੁਲਿ ਹੋਲੀ ਬਬਾਗ਼ਿ ਦਹਿਰ ਬੂ ਕਰਦ*

*ਲਬਿ ਚੂੰ ਗੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ।*
*ਗੁਲਾਬੋ ਅੰਬਰੋ ਮਸ਼ਕੋ ਅਬੇਰੀ*
*ਚੂ ਬਾਰਾਨਿ ਬਾਰਿਸ਼ ਅਜ਼ ਸੂ ਬਸੂ ਕਰਦ।*
*ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ*
*ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ।*
*ਗੁਲਾਲਿ ਅਫ਼ਸਾਨੀਇ ਦਸਤਿ ਮੁਬਾਰਿਕ*
*ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।*
*ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼*
*ਚੁ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।*
*ਕਸੇ ਕੂ ਦੀਦ ਦੀਦਾਰਿ ਮੁਕੱਦਸ*
*ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ।*
*ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ*
*ਦਿਲਿ ਗੋਇਆ ਹਮੀਂ ਰਾ ਆਰਜ਼ੂ ਕਰਦ।*[੮]

ਵਿਆਖਿਆ: ਹੋਲੀ ਦੇ ਫੁੱਲਾਂ ਨੇ ਜ਼ਮਾਨੇ ਦੇ ਬਾਗ਼ ਨੂੰ ਮਹਿਕ ਨਾਲ ਭਰ ਦਿੱਤਾ ਬੰਦ ਕਲੀ ਵਰਗੇ ਹੋਠਾਂ ਨੂੰ ਸੁਭਾਗੀ ਤਬੀਅਤ ਵਾਲਾ ਬਣਾ ਦਿੱਤਾ। ਉਸ ਨੇ ਮੀਂਹ ਦੇ ਪਾਣੀ ਵਾਂਗ, ਗ਼ੁਲਾਬ, ਅੰਬਰ, ਮੁਸ਼ਕ ਤੇ ਅਬੀਰ ਨੂੰ ਸਾਰੀਂ ਪਾਸੀਂ ਖਲੇਰ ਦਿੱਤਾ। ਕੇਸਰ ਭਰੀ ਪਿਚਕਾਰੀ ਦਾ ਕਿਆ ਕਹਿਣਾ? ਕਿ ਉਸ ਨੂੰ ਹਰ ਬਦ-ਰੰਗ ਨੂੰ ਵੀ ਰੰਗੀਨ ਤੇ ਸੁਗੰਧਤ ਕਰ ਦਿਤਾ। ਉਸ ਦੇ ਮੁਬਾਰਕ ਹਥਾਂ ਦੇ ਗੁਲਾਲ ਛਿੜਕਣ ਨੇ, ਧਰਤ ਅਸਮਾਨ ਨੂੰ ਲਾਲੋ ਲਾਲ ਕਰ ਦਿੱਤਾ। ਉਸ ਦੀ ਕ੍ਰਿਪਾ ਦੁਆਰਾ ਦੋਵੇਂ ਦੁਨੀਆਂ ਰੰਗੀਨ ਹੋ ਗਈਆਂ, ਉਸ ਨੇ ਸ਼ਾਹਾਂ ਵਾਂਗ ਮੇਰੇ ਗੱਲ ਵਿਚ ਰੰਗੀਨ ਕੱਪੜੇ ਪਵਾ ਦਿੱਤੇ। ਜਿਸ ਕਿਸੇ ਨੇ ਵੀ ਉਸ ਦੇ ਪਵਿਤ੍ਰ ਦਰਸ਼ਨ ਕੀਤੇ, ਉਸ ਨੇ ਸਮਝੋ ਉਮਰ ਦੀ ਮੁਰਾਦ ਚੰਗੀ ਪਾ ਲਈ। ਸੰਗਤ ਦੇ ਰਾਹਾਂ ਦੀ ਧੂੜ ਤੋਂ ਕੁਰਬਾਨ ਹੋ ਜਾਵੇ, ਬਸ ਗੋਯਾ ਦੇ ਦਿਲ ਦੀ ਏਨੀ ਹੀ ਚਾਹ ਹੈ।

'ਮਹਿਮਾ ਪ੍ਰਕਾਸ਼' ਦੇ ਕਰਤਾ ਸਰੂਪ ਦਾਸ ਭੱਲਾ ਨੇ ਵੀ ਹੋਲੇ ਮਹੱਲੇ ਸੰਬੰਧੀ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਨਵੀਨਤਮ ਅੰਦਾਜ਼ ਦੁਆਰਾ ਮਨਾਇਆ। ਗੁਰੂ ਜੀ ਸਮੇਤ ਸਮੂਹ ਖ਼ਾਲਸਾ ਪੰਥ ਰੰਗ-ਬਰੰਗੇ ਬਸਤਰ ਧਾਰਨ ਕਰ ਕੇ ਦਰਬਾਰ ਵਿਚ ਸ਼ਬਦ ਨਾਲ ਇਕ ਸੁਰ ਹੋਏ ਅਤੇ ਹੋਲੀ ਦੇ ਤਿਉਹਾਰ ਦੀ ਕੁਰੀਤੀਆਂ ਨੂੰ ਦੂਰ ਕਰ ਕੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀਨ ਹੋਏ:

*ਹੋਲੀ ਖੇਲਿ ਸਤਿਗੁਰ ਦਿਆਲ*
*ਸੰਗਤਿ ਬਸਨਿ ਪਹਿਰ ਤਨ ਲਾਲ।*

*ਬਾਧੇ ਫੇਟ ਗੁਲਾਲ ਅਬੀਰ।*
*ਸਜਨ ਭਜਨ ਕੀ ਹੋਈ ਭੀਰ।*
*ਨਿਤ ਪ੍ਰਤਿ ਹੋਤ ਪ੍ਰਸਾਦਿ ਅਪਾਰ*
*ਮਹਾ ਅਨੰਦ ਸਤਿਗੁਰ ਦਰਬਾਰਿ।*
*ਰਾਗਿ ਨਦਿ ਤਹਾ ਮੂਰਤਿਵੰਤ।*
*ਖੇਲਤ ਹੋਲੀ ਆਨੰਦ ਕੰਦ॥*[੯]

ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਹੋਲਾ ਮਹੱਲੇ ਦੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੇਵਲ ਹੋਲਾ ਮਹੱਲਾ ਬੀਰ ਰਸੀ ਕਰਤੱਵ ਨਹੀਂ ਦਰਸਾਇਆ ਬਲਕਿ ਇਸ ਦਿਨ ਗੁਰੂ ਜੀ ਨੇ ਰਬਾਬ, ਪਖਾਵਜ ਆਦਿ ਤੰਤੀ ਸਾਜ਼ਾਂ ਦੁਆਰਾ ਬਸੰਤ ਰਾਗ ਦਰਬਾਰ ਸਜਾ ਕੇ ਹੋਲੇ ਮਹੱਲੇ ਦੀ ਅਰੰਭਤਾ ਆਨੰਦਮਈ ਬਾਣੀ ਦੁਆਰਾ ਕੀਤੀ। ਭਾਈ ਸੰਤੋਖ ਸਿੰਘ ਜੀ ਦੁਆਰਾ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਖ਼ਾਲਸਾ ਪੰਥ ਹੋਲੇ ਮਹੱਲੇ ਵਾਲੇ ਦਿਨ ਦੇਵਤਿਆਂ ਵਾਂਗ ਸਜ-ਧਜ ਕੇ ਸ਼ੋਭਨੀਕ ਹੁੰਦੇ ਹਨ:

*ਤਾਲ ਰਬਾਬ ਪਖਾਵਜ ਕੇ ਬਹੁ ਬਾਦਤਿ ਬਾਜਤਿ ਹੈਂ ਧੁਨਿ ਭਾਰੀ।*
*ਗਾਵਤਿ ਰਾਗਨਿ ਰਾਗਨੀ ਕੋ ਜਨ ਆਇਖਰੇ ਨਿਜਮੂਰਤ ਧਾਰੀ।*
*ਜਯੋਂ ਸੁਰਲੋਕ ਬਿਖੈ ਸੁਰ ਮੋਦਤਿ ਆਪਸ ਮੈਂ ਮਿਲਿਕੈ ਹਿਤਕਾਰੀ।*
*ਤਯੋਂ ਸਿੱਖ ਸੰਗਤਿ ਪੰਕਤਿ ਕੋ ਕਰਿ ਹੇਰਿ ਗੁਰੂ ਹਰਖੈਂ ਉਰ ਭਾਰੀ॥*[੧੦]

'ਤਵਾਰੀਖ ਗੁਰੂ ਖ਼ਾਲਸਾ' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੇ ਮਹੱਲੇ ਦੇ ਤਿਉਹਾਰ ਦੀ ਅਰੰਭਤਾ ਦਾ ਜ਼ਿਕਰ ਇਸ ਤਰ੍ਹਾਂ ਹੈ- ਇਸ ਸਾਲ ਹੋਲੇ ਦੇ ਦਿਨਾਂ ਵਿਚ ਗੁਰੂ ਜੀ ਪਾਸ ਬਹੁਤ ਸੰਗਤ ਆਈ ਜਿਸ ਵਿਚ ਨਟ, ਭਟ, ਰਾਗੀ, ਰਬਾਬੀ, ਕਲਾਵਤ, ਕਵੀਸ਼ਰ, ਪੰਡਤ ਬਹੁਤ ਕਠੇ ਹੋਏ ਤੇ ਆਪੋ ਆਪਣੇ ਗੁਣ ਦਿਖਾ ਦਿਖਾ ਮਾਨ ਧਨ ਵਾਹਵਾਹ ਪਾ ਰਹੇ ਸੇ। ਤਦੋਂ ਨੂੰ ਹੋਲੇ ਦਾ ਦਿਨ ਅਸ਼ਟਮ ਆ ਗਿਆ ਗੁਰੂ ਸਾਹਿਬ ਜੀ ਨੇ ਉੱਚੇ ਥਾਂ ਦਮਦਮੇਂ ਪਰ ਦੀਵਾਨ ਲਾਵਣ ਦਾ ਹੁਕਮ ਦਿੱਤਾ ਸਿੱਖਾਂ ਨੇ ਕੁਮਕੁਮੇ ਗੁਲਾਲ ਅਮੀਰ ਦੇ ਝੋਲੇ ਭਰ ਲੀਤੇ। ਕੇਵੜਾ ਗੁਸਾਬ ਕੇਸਰ ਕਪੂਰ ਘੁਲਾ ਕੇ ਗੁਰੂ ਜੀ ਨੇ ਬੜੇ ਬੜੇ ਕੜਾਹੇ ਚੁਬਚੇ ਭਰਾ ਦਿੱਤੇ। ਗੁਲਾਲ ਦੀਆਂ ਝੋਲੀਆਂ ਭਰ ਕੇ ਸੰਗਤ ਆ ਕੱਠੀ ਹੋਈ ਤਦੋਂ ਨੂੰ ਗੁਰੂ ਸਾਹਿਬ ਜੀ ਭੀ ਮਸੰਦਾਂ, ਮੇਵੜਿਆਂ, ਮੁਸਾਹਬਾਂ ਸਮੇਤ ਸਫੇਦ ਨਵੀਵ ਪੁਸ਼ਾਕ ਪਹਿਨ ਕੇ ਆਪਣੇ ਆਪਣੇ ਅਧਿਕਾਰ ਅਨੁਸਾਰ ਆ ਬੈਠੇ ਪਹਿਲੇ ਰਾਗੀਆਂ ਨੇ ਏਹ ਹੋਲੀ ਗਾਵੀਂ:

*ਆਜੁ ਹਮਾਰੈ ਬਨੇ ਫਾਗ॥*
*ਪ੍ਰਭ ਸੰਗੀ ਮਿਲ ਖੇਲਨ ਲਾਗ॥*

*ਹੋਲੀ ਕੀਨੀ ਸੰਤ ਸੇਵ॥*

*ਰੰਗੁ ਲਾਗਾ ਅਤਿ ਲਾਲ ਦੇਵ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੦)*

ਇਸ ਤੋਂ ਪਿੱਛੋਂ ਰਬਾਬੀਆਂ ਨੇ ਹੋਲੀ ਦੇ ਸਵਯੇ ਗਾਏ ਪੁਨਾ ਮੇਵੜੇ ਨੇ ਹੋਲਾ ਖੇਡਣ ਦਾ ਅਰਦਾਸਾ ਸੋਧਿਆ।... ਕਿਧਰੇ ਸ਼ਬਦਾਂ ਦੀ ਧੁਨਕਾਰ ਕਿਧਰੇ ਰਾਗਾਂ ਦਾ ਪ੍ਰੇਮ ਕਿਧਰੇ ਨਾਮ ਦਾ ਰੰਗ ਬੜਾ ਅਨੰਦ ਦੇ ਰਿਹਾ ਸੀ। ਏਸੇ ਪ੍ਰਕਾਰ ਅੱਠ ਦਿਨ ਹੋਲੇ ਦਾ ਅਨੰਦ ਪ੍ਰੇਮ ਬਿਲਾਸ ਹੁੰਦਾ ਰਿਹਾ। ਕਵੀਸ਼ਰ ਕਬਿੱਤ ਸੁਣਾ ਕੇ ਗੁਰੂ ਜੀ ਤੋਂ ਦਾਨ ਪਾਉਂਦੇ ਰਹੇ। ਨੌਵੇਂ ਦਿਨ ਮਹੱਲਾ ਖੇਡਿਆ ਨਿਸ਼ਾਨਾਂ ਦੇ ਦਰਸ਼ਨ ਤੇ ਫੁੱਲਾਂ ਦੀ ਬਰਖਾ ਹੋਈ ਕੜਾਹ ਪ੍ਰਸ਼ਾਦ ਵਰਤਕੇ ਸੰਗਤ ਨੇ ਯਥਾ ਸ਼ਕਤ ਭੇਟ ਚੜ੍ਹਾਈ।[੧੧]

'ਸ੍ਰੀ ਗੁਰ ਪੁਰ ਪ੍ਰਕਾਸ਼' ਦੇ ਕਰਤਾ ਕਵੀ ਸੰਤ ਰੇਣ ਪ੍ਰੇਮ ਸਿੰਘ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲਾ ਮਹੱਲਾ ਮਨਾਉਣ ਦੀ ਪਰਪਾਟੀ ਦਾ ਜ਼ਿਕਰ ਭਲੀ ਭਾਂਤ ਕੀਤਾ ਹੈ। ਹੋਲੀ ਦੀ ਅਰੰਭਤਾ ਸਮੇਂ ਭਾਈ ਮਨੀ ਸਿੰਘ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹਿੰਦੂ ਧਰਮ ਵਿਚ ਹੋਲੀ ਮਨਾਉਣ ਦਾ ਕਾਰਨ ਅਤੇ ਖਾਲਸਾ ਪੰਥ ਨੂੰ ਹੋਲੀ ਖੇਡਣ ਦੀ ਵਿਧੀ ਪੁੱਛੀ ਗਈ। ਉਸ ਸਮੇਂ ਗੁਰੂ ਜੀ ਨੇ ਹੋਲੀ ਨੂੰ ਪਰੰਪਰਾਗਤ ਘਟਨਾ ਨੂੰ ਦਰਸਾਇਆ ਕਿ ਭਗਤ ਪ੍ਰਹਿਲਾਦ ਨੂੰ ਮਰਵਾਉਣ ਲਈ ਹਰਨਾਖਸ਼ ਨੇ ਆਪਣੀ ਭੈਣ ਹੋਲਿਕਾ ਨੂੰ ਅੱਗ ਵਿਚ ਲੈ ਕੇ ਬੈਠਣ ਲਈ ਕਿਹਾ ਗਿਆ ਪਰ ਪਰਮਾਤਮਾ ਨੇ ਆਪਣੇ ਭਗਤ ਦੀ ਰਛਿਆ ਕਰ ਕੇ ਪ੍ਰਹਿਲਾਦ ਨੂੰ ਬਚਾਅ ਲਿਆ ਅਤੇ ਹੋਲਿਕਾ ਸੜ ਗਈ। ਪਰ ਗੁਰੂ ਸਾਹਿਬ ਦੁਆਰਾ ਖਾਲਸਾ ਪੰਥ ਨੂੰ ਨਵੇਂ ਅੰਦਾਜ਼ ਨਾਲ ਹੋਲੀ ਦੀ ਥਾਂ ਹੋਲਾ ਮਹੱਲਾ ਮਨਾਉਣ ਦਾ ਆਦੇਸ਼ ਦਿੱਤਾ ਗਿਆ। ਫੱਗਣ ਮਹੀਨੇ ਦੀ ਪੂਰਨਮਾਸੀ ਤੋਂ ਅਗਲੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਦੀਵਾਨ ਸਜਾਇਆ ਗਿਆ:

*ਪੁਨਿਆ ਆਗਲ ਦਿਵਸ ਦਿਵਾਨ।*

*ਹੁਵੈ ਕੇਸਗੜ੍ਹ ਸੁਭ ਅਸਥਾਨ॥*[੧੨]

ਇਸ ਦੀਵਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਿਤ ਸਮੂਹ ਸਿੰਘ ਸੁਸ਼ੋਭਿਤ ਹਨ ਅਤੇ ਬਸੰਤ ਰਾਗ ਦਾ ਆਲਾਪ ਕੀਤਾ ਗਿਆ:

*ਗੁਰ ਯੁਤ ਸਭ ਪੁਸ਼ਾਕ ਧਰ ਸ੍ਵੇਤਾ।*

*ਆਯੋ ਥੋ ਸਮਾਜ ਕਿਯ ਜੇਤਾ।*

*ਰਾਗਿਨ ਸ਼ਬਦ ਬਸੰਤ ਉਚਾਰ।*

*ਯਥਾ*

***ਆਜ ਹਮਾਰੈ ਮੰਗਲਚਾਰ॥...***

***ਆਜੁ ਹਮਾਰੈ ਬਨੇ ਫਾਗ॥...***

***ਪ੍ਰਭ ਸੰਗੀ ਮਿਲਿ ਖੇਲਨ ਲਾਗ॥***

*ਸਿੰਘਨ ਯੁਤ ਗੁਰ ਤਬ ਪ੍ਰਸਥਾਨੇ।*
*ਉਠਰਹਿਂ ਸਬਦ ਅਨੰਦ ਮਹਾਨੇ।* [੧੩]

ਉਪਰੰਤ ਖਾਲਸੇ ਨੇ ਨਗਾਰੇ ਆਦਿ ਵਜਾ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਸਕਾਰ ਵਾਲੇ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ 'ਤੇ ਗਏ। ਉੱਥੇ ਜਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਭੇਟਾ ਕਰ ਕੇ ਸ਼ਬਦ ਉਚਾਰਨ ਕੀਤੇ।

ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਨੂੰ ਅਰਦਾਸ ਕਰ ਕੇ ਬਸੰਤ ਰਾਗ ਅਰੰਭ ਕਰਨ ਦੀ ਆਗਿਆ ਪ੍ਰਾਪਤ ਕਰਦੇ ਹਨ ਅਤੇ ਸਥਾਨਕ ਗੁਰਦੁਆਰਾ ਸਾਹਿਬਾਨ ਵਿਚ ਮਾਘੀ ਦੀ ਸਵੇਰ ਨੂੰ ਇਹ ਅਰਦਾਸ ਕੀਤੀ ਜਾਂਦੀ ਹੈ। ਇਸ ਲਈ ਮਾਘ ਦੇ ਮਹੀਨੇ ਦੀ ਅਰੰਭਤਾ ਦੇ ਨਾਲ ਹੀ "ਬਸੰਤ ਕੀ ਵਾਰ ਮਹਲੁ ੫" ਵਾਰ ਦਾ ਗਾਇਨ ਹਰ ਕੀਰਤਨ ਚੌਂਕੀ ਵਿਚ ਰਾਗੀ ਜਥੇ ਨੂੰ ਅਲਾਪ ਕਰਨ ਦੀ ਹਦਾਇਤ ਹੁੰਦੀ ਹੈ। ਹੋਲੇ ਮਹੱਲੇ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਥੇਦਾਰ ਸਾਹਿਬ ਅਰਦਾਸ ਕਰ ਕੇ ਬਸੰਤ ਰਾਗ ਬੰਦ ਕਰਨ ਦੀ ਆਗਿਆ ਪ੍ਰਾਪਤ ਕਰਦੇ ਹਨ। ਇਸ ਲਈ ਹੋਲੇ ਮਹੱਲੇ ਅਤੇ ਗੁਰਮਤਿ ਸੰਗੀਤ ਦਾ ਅਟੁੱਟ ਸੰਬੰਧ ਹੈ। ਕਿਉਂਕਿ ਗੁਰਮਤਿ ਸੰਗੀਤ ਰਾਗ ਦਰਬਾਰ ਵਿਚ ਬਸੰਤ ਰਾਗ ਅਤੇ ਹੋਲਾ-ਮਹੱਲਾ ਇਕ-ਜੁੱਟ ਹਨ।

ਹੋਲਾ ਮਹੱਲਾ ਇਕ ਖਿੜਾਅ ਦੀ ਅਵਸਥਾ ਦਾ ਪ੍ਰਤੀਕ ਹੈ ਕਿਉਂਕਿ ਬਸੰਤ ਰੁੱਤ ਕੁਦਰਤ ਨੂੰ ਖਿੜਾਉਂਦੀ ਹੈ। ਜਿਸ ਪ੍ਰਥਾਇ ਗੁਰਬਾਣੀ ਵਿਚ ਜ਼ਿਕਰ ਮਿਲਦਾ ਹੈ ਕਿ:

*ਮਉਲੀ ਧਰਤੀ ਮਉਲਿਆ ਅਕਾਸੁ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੩)*

ਕਵੀ ਨਿਹਾਲ ਸਿੰਘ ਜੀ ਨੇ 'ਨਿਰਮਲ ਪ੍ਰਭਾਕਰ' ਵਿਚ ਜ਼ਿਕਰ ਕੀਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੋਲੀ ਦੀ ਥਾਂ ਤੇ ਚੜ੍ਹਦੀ ਕਲਾ ਅਤੇ ਬੁਲੰਦੀਆਂ ਦੀ ਛੂੰਹਦਾ ਹੋਇਆ ਇਕ ਵਿਲੱਖਣ ਤਿਉਹਾਰ ਹੋਲਾ ਮਹੱਲਾ ਅਰੰਭ ਕੀਤਾ ਜਿਸ ਦੁਆਰਾ ਗੁਰੂ ਜੀ ਨੇ ਖ਼ਾਲਸੇ ਨੂੰ ਬੀਰ ਰਸੀ ਚੜ੍ਹਦੀ ਕਲਾ ਦੇ ਗੜਗੱਜ ਬੋਲਿਆਂ ਨਾਲ ਵਿਭੂਸ਼ਿਤ ਕੀਤਾ। ਕਵੀ ਨਿਹਾਲ ਸਿੰਘ ਜੀ ਅਨੁਸਾਰ ਸਮਾਜ ਵਿਚ ਆਰਤੀ ਗਾਇਨ ਕੀਤੀ ਜਾਂਦੀ ਹੈ ਪਰ ਖ਼ਾਲਸਾ ਅਕਾਲ ਪੁਰਖ ਜੀ ਦਾ ਆਰਤਾ ਕਰਦਾ ਹੈ। ਲੋਕਾਂ ਦੀਆਂ ਬੋਲੀਆਂ ਪਰ ਗੁਰੂ ਜੀ ਦੁਆਰਾ ਖ਼ਾਲਸਈ ਬੋਲਿਆਂ ਦੀ ਸ਼ੁਰੂਆਤ ਕੀਤੀ ਗਈ। ਕਵੀ ਨਿਹਾਲ ਸਿੰਘ ਜੀ ਅੱਗੇ ਜ਼ਿਕਰ ਕਰਦੇ ਹਨ ਕਿ ਗੁਰੂ ਜੀ ਦੁਆਰਾ ਹੋਲੇ ਮਹੱਲੇ ਦੇ ਅਵਸਰ ਉਤੇ ਕੇਵਲ ਬੀਰ ਰਸੀ ਕਰਤੱਵ ਹੀ ਨਹੀਂ ਹੁੰਦੇ ਪਹਿਲੇ ਰਬਾਬੀ ਸਿੰਘਾਂ ਦੁਆਰਾ ਮ੍ਰਿਦੰਗ, ਢੋਲ ਆਦਿ ਸਾਜ਼ਾਂ ਦੁਆਰਾ ਕੀਰਤਨ ਵੀ ਗਾਇਨ ਕਰਨ ਦੀ ਪਰਪੰਰਾ ਪਾਈ ਗਈ। ਇਸ ਦੇ ਨਾਲ-ਨਾਲ ਕੇਸਰ ਗੁਲਾਲ

ਆਦਿ ਦੁਆਰਾ ਹੋਲਾ ਮਹੱਲਾ ਖੇਡਿਆ ਜਾਂਦਾ ਹੈ। ਇਸ ਮਹੱਲੇ ਵਿਚ ਖ਼ਾਲਸਾ ਪੰਥ ਬਰਛਾ, ਕਟਾਰ, ਤੇਗਾ ਆਦਿ ਸ਼ਸਤਰ ਲੈ ਕੇ ਕਈ ਪੈਦਲ, ਕਈ ਘੋੜਿਆਂ ਉਤੇ, ਕਈ ਹਾਥੀਆਂ ਉਤੇ ਸਵਾਰੀਆਂ ਕਰਦੇ ਹਨ:

*ਔਰਨ ਕੀ ਆਰਤੀ ਸੁ ਆਰਤਾ ਅਕਾਲ ਜੂ ਕੋ*
*ਲੋਕਨ ਕੀ ਬੋਲੀ ਦੀਨ ਬੰਧੂ ਕੋ ਸੁ ਬੋਲਾ ਹੈ।*
*ਅੰਬਕਾ ਕੜਾਹੀ ਮਹਾਰਾਜਾ ਜੀ ਕੋ ਕੜਾਹ ਸੁਧਾ*
*ਚੋਲੀ ਤੇ ਵਖਾਨੈ ਬਾਲ ਸ੍ਵਾਮੀ ਕੋ ਸੁ ਚੋਲਾ ਹੈ॥*
*ਝੰਡੀ ਔ ਸਵਾਮੀ ਆਮ ਝੰਡਾ ਜੂ ਸਵਾਰਾ ਨਾਥ*
*ਝੋਲੀ ਝੋਲੀ ਤੌ ਤਮਾਮ ਕੀ ਸੁ ਖਾਲਸਾ ਕੋ ਝੋਲਾ ਹੈ।*
*ਦੇਵੀ ਦੇਵ ਸਿਧਨ ਕੀ ਲੋਦ ਮੈਂ ਪ੍ਰਸਿੱਧ ਹੋਲੀ*
*ਸ੍ਰੀ ਗੁਰੂ ਗੋਬਿੰਦ ਸਿੰਘ ਜੂ ਕੋ ਆਜ ਹੋਲਾ ਹੈ।...*[੧੪]*(੩੧੨)*

ਹੋਲਾ ਮਹੱਲਾ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਹੈ ਜਿਸ ਵਿਚ ਖ਼ਾਲਸਾ ਪੰਥ ਗੁਰਬਾਣੀ ਜਾਪ, ਕੀਰਤਨ ਕਥਾ ਵਾਰਤਾ ਵਿਚ ਲਿਵਲੀਨ ਰਹਿੰਦੇ ਸ਼ਕਤੀ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਹੋਲਾ ਮਹੱਲਾ ਭਾਰਤੀ ਜਨ ਜੀਵਨ ਵਿਚ ਨਿਆਰਤਾ ਪ੍ਰਦਾਨ ਕਰਨ ਵਾਲਾ ਤਿਉਹਾਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਅਰੰਭਿਆ ਹੋਲਾ ਮਹੱਲਾ ਪੁਲਿੰਗ ਵਾਚੀ ਸ਼ਬਦਾਵਲੀ ਨੂੰ ਦਰਸਾਉਂਦਾ ਹੈ। ਇਹ ਪੁਲਿੰਗ ਵਾਚੀ ਸ਼ਬਦਾਵਲੀ ਨੂੰ ਖ਼ਾਲਸਈ ਜਾਂ ਗੜਗੱਜ ਬੋਲੇ ਆਖਿਆ ਜਾਂਦਾ ਹੈ। ਹੋਲਾ ਅਤੇ ਮਹੱਲਾ ਦੋਵੇਂ ਹੀ ਖ਼ਾਲਸਈ ਬੋਲਿਆਂ ਅਧੀਨ ਆਉਂਦੇ ਹਨ। ਜਿਵੇਂ ਕਿ ਕਵੀ ਸੁਮੇਰ ਸਿੰਘ ਨੇ ਜ਼ਿਕਰ ਕੀਤਾ ਹੈ ਕਿ 'ਔਰਨ ਕੀ ਹੋਲੀ ਮਮ ਹੋਲਾ' ਇਹ ਖ਼ਾਲਸਈ ਬੋਲੇ ਚੜ੍ਹਦੀ ਕਲਾ ਦਾ ਪ੍ਰਤੀਕ ਹਨ ਜਿਵੇਂ ਕਿ- ਲੂਣ ਨੂੰ 'ਸਰਬ ਰਸ', ਇੱਕ ਨੂੰ 'ਸਵਾ ਲੱਖ', ਬੁਖ਼ਾਰ ਨੂੰ 'ਆਕੜਭੰਨ', ਮਰਨ ਨੂੰ 'ਅਕਾਲ ਚਲਾਣਾ', ਪਿਆਜ਼ ਨੂੰ 'ਰੂਪਾ', ਗੁੜ ਨੂੰ 'ਸਿਰਜੋੜ' ਆਦਿ। ਖ਼ਾਲਸੇ ਦੇ ਇਹ ਗੜਗੱਜ ਬੋਲੇ ਗੁਪਤ ਸ਼ਬਦਾਵਲੀ ਵਜੋਂ ਭਾਵਪੂਰਕ ਹਨ। ਕਿਉਂਕਿ ਜੰਗ ਸਮੇਂ ਦੁਸ਼ਮਣ ਦੇ ਸਾਹਮਣੇ ਬੰਦੂਕ ਨੂੰ ਰਾਮਜੰਗਾ ਆਦਿ ਕਹਿਣਾ ਲਾਭਦਾਇਕ ਸ਼ਬਦ ਹਨ। ਭਾਰਤੀ ਮਿਲਟਰੀ ਵੀ ਇਸੇ ਨਿਯਮ ਤਹਿਤ ਆਪਣੀ ਸੁਰੱਖਿਆ ਵਜੋਂ ਹਮਲੇ ਕਰਨ ਲਈ ਗੁਪਤ ਸ਼ਬਦ (code word) ਦੀ ਵਰਤੋਂ ਕਰਦੀ ਹੈ। ਜੂਨ ੧੯੮੪ ਈ. ਦੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੂੰ ਭਾਰਤੀ ਫ਼ੌਜ ਵੱਲੋਂ ਅਪਰੇਸ਼ਨ ਬਲੂ ਸਟਾਰ (ਸਾਕਾ ਨੀਲਾ ਤਾਰਾ) ਦਾ ਨਾਂ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ 'ਸ਼ਸਤਰ ਨਾਮ ਮਾਲਾ' ਬਾਣੀ ਵਿਚ ਸ਼ਸਤਰਾਂ ਨੂੰ ਬੇਅੰਤ ਨਾਵਾਂ ਦੁਆਰਾ ਉਚਾਰਨ ਕਰਨਾ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਹੋਲਾ ਮਹੱਲਾ ਖ਼ਾਲਸੇ ਲਈ ਸਦੈਵੀ ਸੂਰਮਤਾਈ ਦਾ ਪ੍ਰਤੀਕ ਹੈ ਜੋ ਕਿ ਖ਼ਾਲਸਾ

ਹਮੇਸ਼ਾ ਤਿਆਰ-ਬਰ-ਤਿਆਰ ਰਹਿਣ ਲਈ ਪ੍ਰੇਰਿਤ ਕਰਦਾ ਹੈ ਅਤੇ ਸੰਗੀਤਕ ਧੁਨੀ ਵਿਚ ਲੀਨ ਰਹਿਣ ਲਈ ਮਨ ਉੱਤੇ ਜਿੱਤ ਪ੍ਰਾਪਤ ਕਰਦਾ ਹੈ। ਹੋਲੇ ਮਹੱਲੇ ਦੀ ਚੜ੍ਹਦੀ ਕਲਾ ਕਰਕੇ ੧੮ਵੀਂ ਸਦੀ ਵਿਚ ਲਗਪਗ ੯੦ ਸਾਲ ਖ਼ਾਲਸੇ ਨੇ ਨੰਗਾ ਪਿੰਡਾ, ਨੰਗੀ ਤੇਗ ਧਾਰਨ ਕਰ ਕੇ ਬੀਆਬਾਨ ਜੰਗਲਾਂ ਵਿਚ ਗੁਜ਼ਾਰੇ। ਵਰਤਮਾਨ ਵਿਚ ਹੋਲਾ ਮਹੱਲਾ ਨਿਹੰਗ ਸਿੰਘਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਅਤੇ ਚੜ੍ਹਦੀ ਕਲਾ ਦੀ ਸਥਿਤੀ ਨੂੰ ਦਰਸਾਉਂਦਾ ਰਹੇਗਾ।

੧੮ਵੀਂ ਸਦੀ ਵਿਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀ ਸਖ਼ਤੀ ਦੇ ਬਾਵਜੂਦ ਵੀ ਸਿਦਕਵਾਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਮਨਾਉਂਦੇ ਰਹੇ। ਸ. ਰਣਜੀਤ ਸਿੰਘ ਖੜਗ ਅਨੁਸਾਰ ਹੋਲੀ ਦਾ ਤਿਉਹਾਰ ਵਾਸਤਵ ਵਿਚ ਆਸਤਿਕਤਾ (ਰੱਬੀ ਵਿਸ਼ਵਾਸ) ਦੀ ਜਿੱਤ ਹੈ। ਹੋਲੀ ਦੇ ਤਿਉਹਾਰ ਦਾ ਮੁੱਖ ਨਾਇਕ ਭਗਤ ਪ੍ਰਹਿਲਾਦ ਨੂੰ ਮੰਨਿਆ ਜਾਂਦਾ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਹੋਲੀਆਂ ਦੇ ਦਿਨਾਂ ਵਿਚ ਪ੍ਰਹਿਲਾਦ ਜੀ ਦੀ ਸਹਿਣਸ਼ੀਲਤਾ ਉਸ ਦੀ ਭਗਤੀ ਭਾਵਨਾ ਆਦਿ ਅਨੁਸਾਰ ਆਪਣਾ ਜੀਵਨ ਬਤੀਤ ਕਰੀਏ:

*ਸਭ ਹਿੰਦਨ ਕੀ ਹੋਲੀ ਪੰਥ ਖ਼ਾਲਸੇ ਕਾ ਹੋਲਾ ਹੈ।*
*ਨਿਆਰੇ ਖ਼ਾਲਸੇ ਕਾ ਹੋਲਾ ਮਹੱਲਾ ਭੀ ਨਿਆਰਾ ਹੈ।*[੧੫]

ਗਿਆਨੀ ਗਰਜਾ ਸਿੰਘ ਅਨੁਸਾਰ 'ਹੋਲਾ' ਹੋਲੀ ਦਾ ਪੁਲਿੰਗ ਰੂਪ ਹੈ ਅਤੇ 'ਮਹੱਲੇ' ਦਾ ਅਰਥ ਚੜ੍ਹਾਈ ਵਾਲੇ ਅਸਥਾਨ 'ਤੇ ਜਾ ਕੇ ਫਤਹ ਪ੍ਰਾਪਤ ਕਰ ਕੇ ਉੱਥੇ ਟਿਕਾਣਾ ਕਰਨਾ ਹੁੰਦਾ ਹੈ। ਹੋਲਾ ਮਹੱਲਾ ਜੰਗ ਜਾਂ ਰਣ ਭੂਮੀ ਨਹੀਂ, ਬਲਕਿ ਇਹ ਤਾਂ ਮਸਨੂਈ ਜੰਗ ਤੇ ਪੰਥ ਨੂੰ ਸਦੀਵ ਕਾਲ ਚੜ੍ਹਦੀ ਕਲਾ ਵਿਚ ਰੱਖਣ ਵਾਸਤੇ ਇਕ ਰੀਤ ਚਲਾਈ ਸੀ।[੧੬]

ਸੋ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਹੋਲਾ ਮਹੱਲਾ ਤਨ ਨਹੀਂ, ਇਲਾਹੀ ਪ੍ਰੇਮ ਨਾਲ ਮਨ ਰੰਗਣ ਦਾ ਪੁਰਬ ਹੈ। ਗ਼ੁਲਾਮ ਮਾਨਸਿਕਤਾ ਨੂੰ ਅਜ਼ਾਦੀ ਦੇ ਅਹਿਸਾਸ ਨਾਲ ਇਕਸੁਰ ਕਰਦਾ ਹੈ। ਭੇਦਭਾਵ ਤੇ ਜਬਰ-ਜ਼ੁਲਮ ਨੂੰ ਨਕਾਰ ਕੇ ਏਕਤਾ ਦੇ ਰੰਗ ਨੂੰ ਸਨਮਾਨਿਤ ਕਰਦਾ ਹੈ। ਤਾਨਾਸ਼ਾਹੀ ਦੀ ਥਾਂ ਇਨਸਾਫ਼ ਦੇ ਨਗਾਰੇ ਵੱਜਦੇ ਹਨ। ਵਿਅਕਤੀਵਾਦ ਦੀ ਥਾਂ ਮਾਨਵਤਾ ਦੀ ਸਾਂਝੀ ਖ਼ੂਬਸੂਰਤੀ ਪ੍ਰਵਾਨ ਚੜ੍ਹਦੀ ਹੈ। ਜੋ ਵੀ ਹੋਲੀ ਦੇ ਤਿਉਹਾਰ ਵਿਚ ਕਈ ਤਰ੍ਹਾਂ ਦੀਆਂ ਸਮੇਂ ਅਨੁਸਾਰ ਗਿਰਾਵਟਾਂ ਆ ਚੁੱਕੀਆਂ ਸਨ ਉਨ੍ਹਾਂ ਅਲਾਮਤਾਂ ਨੂੰ ਦੂਰ ਕਰਨ ਹਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਵਿਚ ਬੀਰ ਰਸ ਉਜਾਗਰ ਕਰਨ ਲਈ ਹੋਲੀ ਦੇ ਦਿਨ ਨੂੰ ਹੋਲੇ ਮਹੱਲੇ ਦੇ ਪਵਿੱਤਰ ਪੁਰਬ ਵਿਚ ਬਦਲਿਆ। ਹੋਲਾ ਮਹੱਲਾ ਜਿੱਥੇ ਖ਼ਾਲਸਾ ਪੰਥ ਵਿਚ ਵਿਸ਼ੇਸ਼ ਮਹੱਤਤਾ ਵਾਲਾ ਪੁਰਬ ਹੈ, ਉੱਥੇ ਹੀ ਪੰਜਾਬ ਭਰ ਦੇ ਜੋੜ ਮੇਲਿਆਂ ਵਿਚ ਸਭ ਤੋਂ ਵੱਧ ਉਤਸ਼ਾਹ ਤੇ ਸ਼ਰਧਾ-ਭਾਵਨਾ ਨਾਲ ਮਨਾਇਆ ਜਾਂਦਾ

ਹੈ ਕਿਉਂਕਿ ਇਸ ਪੁਰਬ ਮੌਕੇ ਜ਼ਿਆਦਾ ਤੌਰ 'ਤੇ ਸੰਗਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਾਜ਼ਰੀ ਲਵਾਉਂਦੀ ਹੈ।

**ਹਵਾਲੇ :**


**੧.** *ਸ੍ਰੀ ਦਸਮ ਗ੍ਰੰਥ ਸਾਹਿਬ*

**੨.** ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ। ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ-੧੦/੨.

**੩.** *ਬਾਲ ਵਿਸ਼ਵਕੋਸ਼:* ਧਨਵੰਤ ਕੌਰ (ਸੰਪਾ.) ਪੰਜਾਬੀ ਯੂਨੀ. ਪਟਿਆਲਾ ੨੦੦੯ ਪੰਨਾ ੩੧੦-੩੧੧.

**੪.** *ਸਰਬ ਲੋਹ ਦਾ ਕਵੀ:* ਸ. ਰਣਜੀਤ ਸਿੰਘ ਖੜਗ, ਪੰਨਾ ੩੩੬.

**੫.** ਵਾਰਾਂ ਭਾਈ ਗੁਰਦਾਸ ਜੀ, ਵਾਰ/ਪਉੜੀ-੧/੪੫.

**੬.** *ਮਹਾਨ ਕੋਸ਼,* ਪੰਨਾ ੩੨੨.

**੭.** *ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ:* ਰਣਧੀਰ ਸਿੰਘ (ਸੰਪਾ.) ਪੰਨਾ ੯੭.

**੮.** *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਨਾ ੫੦-੫੧.

**੯.** *ਮਹਿਮਾ ਪ੍ਰਕਾਸ਼,* ਭਾਗ ਦੂਜਾ, ਸਰੂਪ ਦਾਸ ਭੱਲਾ, ਸੰਪਾ. ਡਾ. ਗੋਬਿੰਦ ਸਿੰਘ ਲਾਂਬਾ, ਭਾਸ਼ਾ ਵਿਭਾਗ, ਪੰਜਾਬ ੨੦੦੩, ਦੂਜੀ ਵਾਰ (ਖੰਡ-੨), ਪੰਨਾ ੭੬੪.

**੧੦.** *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਬਾਰ੍ਹਵੀ (ਸੰਪਾ.) ਭਾਈ ਵੀਰ ਸਿੰਘ, ਭਾਸ਼ਾ ਵਿਭਾਗ, ਪੰਜਾਬ, ੧੯੯੨ ਪੰਨਾ ੫੦੮੭ .

**੧੧.** *ਤਵਾਰੀਖ ਗੁਰੂ ਖਾਲਸਾ:* ਗਿ. ਗਿਆਨ ਸਿੰਘ, ਭਾਸ਼ਾ ਵਿਭਾਗ, ਪੰਜਾਬ ੨੦੧੩ ਪੰਨਾ ੮੬੪-੬੫.

**੧੨.** *ਸ੍ਰੀ ਗੁਰ ਪੁਰ ਪ੍ਰਕਾਸ਼:* ਪ੍ਰੇਮ ਸਿੰਘ, ਸੰਤ ਰੇਣ ਪ੍ਰੇਮ ਸਿੰਘ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ ਪੰਨਾ ੧੬੭੬.

**੧੩.** *ਉਹੀ,* ਪੰਨਾ ੧੬੭੭

**੧੪.** *ਨ੍ਰਿਮਲ ਪ੍ਰਭਾਕਰ ਅਤੇ ਸਿੱਖੀ,* ਪੰਨਾ ੩੬.

**੧੫.** *ਸਰਬ ਲੋਹ ਦਾ ਕਵੀ:* ਸ. ਰਣਜੀਤ ਸਿੰਘ ਖੜਗ, ਪੰਨਾ ੩੪੪.

**੧੬.** *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ,* ਪੰਨਾ ੧੪੪.


■


**ਲਿਟਰੇਚਰ ਵਿਭਾਗ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ। ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਖੋਜ ਭਰਪੂਰ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ 'ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਇਕ ਅਦੁੱਤੀ ਸਿੱਖ ਜਰਨੈਲ: ਸਰਦਾਰ ਬਘੇਲ ਸਿੰਘ

*-ਡਾ. (ਕਰਨਲ) ਦਲਵਿੰਦਰ ਸਿੰਘ**

ਸਰਦਾਰ ਬਘੇਲ ਸਿੰਘ ਸਿੱਖ ਇਤਿਹਾਸ ਦਾ ਉਹ ਪੰਨਾ ਹੈ ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਪਿੱਛੋਂ ਮਿਸਲ ਕਾਲ ਦੇ ਸੰਘਰਸ਼ 'ਚ ਭਰਪੂਰ ਹਿੱਸਾ ਪਾਇਆ। ਉਨ੍ਹਾਂ ਨੇ ਸਿੱਖਾਂ ਦਾ ਪ੍ਰਭਾਵ ਅਵਧ, ਉਤਰਾਖੰਡ ਤੇ ਦਿੱਲੀ ਤਕ ਫੈਲਾਇਆ। ਜੇ ਦੁਆਬਾ, ਮਾਝਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਫੈਲਾਉਣ ਦੀ ਪਿੱਠ-ਭੂਮੀ ਬਣੇ, ਮਾਲਵਾ ਫੂਲਕੀਆਂ ਰਿਆਸਤਾਂ ਦੇ ਵਧਣ-ਫੁਲਣ ਦਾ ਮੈਦਾਨ ਬਣਿਆ ਤਾਂ ਹਰਿਆਣਾ ਸਰਦਾਰ ਬਘੇਲ ਸਿੰਘ ਦੇ ਪ੍ਰਭਾਵ ਵਧਾਉਣ ਦਾ ਧੁਰਾ ਰਿਹਾ। ਸਰਦਾਰ ਬਘੇਲ ਸਿੰਘ ਸਦਕਾ ਸਿੱਖਾਂ ਨੇ ੧੨ ਮਾਰਚ, ੧੭੮੩ ਨੂੰ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਸਾਹਿਬ ਜਾ ਫਹਿਰਾਇਆ। ਸਰਦਾਰ ਬਘੇਲ ਸਿੰਘ ਹੀ ਸੀ ਜਿਸ ਨੇ ਸਿੱਖਾਂ ਦਾ ਪ੍ਰਭਾਵ ਦਿੱਲੀ ਉੱਤੇ ਰਾਖਵਾਂ ਰੱਖਿਆ। ਦਿੱਲੀ ਦੀ ਚੁੰਗੀ ਉਗਰਾਹੁਣ ਦਾ ਹੱਕ ਉਸ ਨੂੰ ਸਾਰੀ ਉਮਰ ਮਿਲਿਆ ਰਿਹਾ। ਅਵਧ ਤੇ ਉਤਰਾਂਚਲ ਦੇ ਇਲਾਕਿਆਂ ਉੱਤੇ ਹਮਲੇ ਕਰ ਕੇ ਰਾਖੀ ਪ੍ਰਬੰਧ ਸਥਾਪਿਤ ਕਰਨ ਵਿਚ ਉਹ ਹੀ ਮੋਹਰੀ ਸੀ। ਮਰਾਠਿਆਂ ਨਾਲ ਦਿੱਲੀ ਦੇ ਰਾਜ ਪ੍ਰਬੰਧ ਬਾਰੇ ਸਿੱਖਾਂ ਨਾਲ ਸਮਝੌਤਾ ਹੋਇਆ ਤਾਂ ਇਹ ਸਰਦਾਰ ਬਘੇਲ ਸਿੰਘ ਹੀ ਸੀ ਜਿਸ ਨੇ ਸਿੱਖਾਂ ਵੱਲੋਂ ਰਾਜ ਦਰਬਾਰ 'ਤੇ ਮਰਾਠਿਆਂ ਨਾਲ ਤਿੰਨ ਧਿਰੀ ਸਮਝੌਤਾ ਕੀਤਾ। ਪਿੱਛੋਂ ਦਿੱਲੀ ਤੋਂ ਉੱਤਰ ਵੱਲ ਦਾ ਇਲਾਕਾ ਸਿੱਖਾਂ ਦੇ ਅਧੀਨ ਆ ਗਿਆ ਜਿਸ ਵਿਚ ਸਾਰਾ ਹਰਿਆਣਾ ਸ਼ਾਮਲ ਸੀ। ਇਸ ਇਲਾਕੇ ਦੇ ਪ੍ਰਬੰਧ ਉਦੋਂ ਤੋਂ ਲੈ ਕੇ ਅੰਗਰੇਜ਼ੀ ਰਾਜ ਹੋਣ ਤਕ ਸਰਦਾਰ ਬਘੇਲ ਸਿੰਘ ਤੇ ਉਸ ਦੇ ਪਰਵਾਰ ਕੋਲ ਰਿਹਾ। ਦਿੱਲੀ ਰਾਜ ਵਿਚ ਉਸ ਦਾ ਸਦਾ ਪ੍ਰਭਾਵ ਰਿਹਾ।

ਦਿੱਲੀ ਰਾਜ ਦੇ ਪ੍ਰਭਾਵ ਵੇਲੇ ਉਸ ਨੇ ਗੁਰਦੁਆਰਾ ਸੀਸ ਗੰਜ ਤੇ ਹੋਰ ਗੁਰਦੁਆਰਿਆਂ ਦੀ ਖੋਜ ਕੀਤੀ ਤੇ ਅਸਥਾਨ ਬਣਵਾਏ। ਸਿੱਖੀ ਖ਼ਾਤਰ ਸਰਦਾਰ ਬਘੇਲ ਸਿੰਘ ਦਾ ਇਹ ਇਕ ਸਦਾ ਯਾਦ ਰਹਿਣ ਵਾਲਾ ਯੋਗਦਾਨ ਹੈ। ਸਰਦਾਰ ਬਘੇਲ ਸਿੰਘ ਦਾ ਜਨਮ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਝਬਾਲ ਵਿਖੇ ਹੋਇਆ। ਹੋਸ਼ ਸੰਭਾਲੀ ਤੇ ਮੁੱਛ ਫੁੱਟ ਹੁੰਦਿਆਂ ਹੀ ਅੰਮ੍ਰਿਤ ਛਕਿਆ ਤੇ ਦਲ ਖਾਲਸਾ ਦਾ ਮੈਂਬਰ ਬਣ ਗਿਆ ਜੋ ਉਸ ਵੇਲੇ ਸਿੱਖ ਯੋਧਿਆਂ ਦੀ ਨੁਮਾਇੰਦਾ ਜਮਾਤ ਸੀ। ਜਦ ਮਿਸਲਾਂ ਬਣੀਆਂ ਤਾਂ ਉਹ ਕਰੋੜਸਿੰਘੀਆ ਮਿਸਲ ਵਿਚ ਸ਼ਾਮਲ ਹੋ ਗਿਆ ਜਿਸ ਦਾ ਸਿਰਕੱਢ ਜਥੇਦਾਰ ਕਰੋੜਾ ਸਿੰਘ ਸੀ।

**# ੧੯੨੫ ਬਸੰਤ ਐਵੇਨਿਊ, ਲੁਧਿਆਣਾ। ਮੋ: ੯੮੧੫੩-੬੬੭੨੬*

ਉੱਚਾ ਲੰਮਾ ਸੁਡੌਲ, ਸੁੰਦਰ ਕੱਦ-ਕਾਠ, ਪੱਕਾ ਰੰਗ ਤੇ ਭੂਰੀਆਂ ਅੱਖਾਂ ਵਾਲਾ ਬਹਾਦਰ, ਹੌਂਸਲੇ ਵਾਲਾ, ਖੁੱਲ੍ਹੇ ਦਿਲ ਵਾਲਾ ਇਹ ਯੋਧਾ ਸਾਰੀ ਮਿਸਲ ਦੀ ਖਿੱਚ ਦਾ ਕਾਰਨ ਹੁੰਦਾ ਸੀ। ਘੋੜਸਵਾਰੀ ਕਰਦਾ, ਨਿਸ਼ਾਨੇ ਲਾਉਂਦਾ, ਤੇਗ ਚਲਾਉਂਦਾ, ਸਭ ਨੂੰ ਮਾਤ ਪਾ ਦਿੰਦਾ ਤੇ ਜਥੇਦਾਰ ਦੀ ਵਾਹ-ਵਾਹ ਖੱਟਦਾ। ਬਾਹਰੋਂ ਸਖ਼ਤ, ਅੰਦਰੋਂ ਨਰਮ, ਤੇਜ਼-ਤਰਾਰ ਦੂਰ ਦੀ ਸੂਝ ਵਾਲਾ ਦਿਮਾਗ, ਹਰ ਲੋੜਵੰਦ ਦੀ ਮਦਦ ਕਰਨ ਲਈ ਤਤਪਰ, ਮਿੱਠ ਬੋਲੜਾ ਤੇ ਆਦਰ ਦੇਣ ਵਾਲਾ ਇਹ ਯੋਧਾ ਸਭ ਤੋਂ ਇੱਜ਼ਤ ਖੱਟਦਾ। ਉਹ ਅਜਿਹਾ ਸਿੱਖ ਸੀ ਜੋ ਸਿੱਖੀ ਕਦਰਾਂ ਕੀਮਤਾਂ ਦਾ ਪੱਕਾ ਧਾਰਨੀ ਸੀ। ਉਸ ਉੱਤੇ ਹਰ ਕੋਈ ਭਰੋਸਾ ਕਰਦਾ ਕਿਉਂਕਿ ਅਗਲੇ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਉਹ ਆਪਣੀ ਜਾਨ ਤਕ ਲਾਉਣ ਲਈ ਤਿਆਰ ਹੁੰਦਾ।

ਸਾਰੇ ਧਰਮਾਂ ਦੇ ਲੋਕ ਉਸ ਕੋਲ ਮਦਦ ਲਈ ਪਹੁੰਚਦੇ। ਜਦ ਬੇਗ਼ਮ ਸਮਰੂ ਉੱਪਰ ਅਵਧ ਦੇ ਨਵਾਬ ਨੇ ਹਮਲਾ ਕੀਤਾ ਤਾਂ ਇਸ ਨੂੰ ਸਰਦਾਰ ਬਘੇਲ ਸਿੰਘ ਨੇ ਹੀ ਬਚਾਇਆ। ਇਸ ਦਾ ਸਿੱਕਾ ਮੰਨ ਕੇ ਬੇਗ਼ਮ ਸਮਰੂ ਨੇ ਇਸ ਨੂੰ ਧਰਮ ਭਰਾ ਬਣਾ ਲਿਆ ਤੇ ਨਵਾਬ ਅਵਧ ਨੇ ਸਿੱਖੀ ਧਾਰਨ ਕਰ ਲਈ। ਜਦ ਅੰਗਰੇਜ਼ ਥਾਮਸ ਨੇ ਜੀਂਦ ਉਪਰ ਹਮਲਾ ਕਰ ਕੇ ਆਪਣੇ ਆਪ ਨੂੰ ਮੁਸੀਬਤ ਵਿਚ ਫਸਿਆ ਸਮਝਿਆ ਤਾਂ ਉਸ ਨੇ ਵੀ ਬੁੱਢੇ ਜਰਨੈਲ ਸਰਦਾਰ ਬਘੇਲ ਸਿੰਘ ਅੱਗੇ ਮਦਦ ਲਈ ਵਾਸਤੇ ਪਾਏ ਜਿਸ ਦੀ ਸਰਦਾਰ ਬਘੇਲ ਸਿੰਘ ਨੇ ਮਦਦ ਕਰ ਕੇ ਜਿੱਤ ਦਿਵਾਈ।

ਜਦ ਭਰਤਪੁਰ ਦੇ ਰਾਜੇ ਨੇ ਸਰਦਾਰ ਕਰੋੜ ਸਿੰਘ ਅੱਗੇ ਗੁਜ਼ਾਰਿਸ਼ ਕੀਤੀ ਕਿ ਉਸ ਦੀ ਮਦਦ ਕੀਤੀ ਜਾਵੇ ਤਾਂ ਉਹ ਪੰਜ ਸੌ ਸਵਾਰ ਲੈ ਕੇ ਪਹੁੰਚਿਆ। ਰਾਹ ਵਿਚ ਇਕ ਛੋਟੇ ਯੁੱਧ ਵਿਚ ਜਥੇਦਾਰ ਕਰੋੜਾ ਸਿੰਘ ਦੇ ਗੋਲੀ ਲੱਗੀ। ਉਸ ਦੇ ਸ਼ਹੀਦ ਹੋਣ ਪਿੱਛੋਂ ਸਰਦਾਰ ਬਘੇਲ ਸਿੰਘ ਨੇ ਜੱਥੇ ਦੀ ਕਮਾਨ ਸੰਭਾਲ ਲਈ। ਸਰਦਾਰ ਬਘੇਲ ਸਿੰਘ ਦਾ ਭਰਵਾਂ ਜੁੱਸਾ, ਉੱਚਾ ਕੱਦ-ਕਾਠ, ਡੀਲ-ਡੌਲ ਵੇਖ ਘੁਮੇਰ ਦਾ ਰਾਜਾ ਡਰ ਗਿਆ ਤੇ ਸਰਦਾਰ ਬਘੇਲ ਸਿੰਘ ਨੂੰ ਸੈਨਾ ਵਾਪਿਸ ਲੈ ਜਾਣ ਲਈ ਬਿਨੈ ਕਰਨ ਲੱਗਾ। ਸਰਦਾਰ ਬਘੇਲ ਸਿੰਘ ਨੇ ਮੁਆਵਜ਼ਾ ਮੰਗਿਆ ਤਾਂ ਮਿੰਨਤਾਂ ਕਰਨ ਲੱਗਾ। ਸਰਦਾਰ ਬਘੇਲ ਸਿੰਘ ਪਿਘਲ ਗਿਆ ਤੇ ਮੁਆਵਜ਼ੇ ਦਾ ਕੁਝ ਕੁ ਹੀ ਹਿੱਸਾ ਵਸੂਲ ਕਰ ਉਸ ਦੀ ਆਉ-ਭਗਤ ਮਾਣ ਕੇ ਵਾਪਸ ਪਰਤਿਆ।

ਮੁੜਦੇ ਵਕਤ ਉਸ ਨੇ ਜਲੰਧਰ ਵਿਚਲੇ ਇਲਾਕੇ ਤੋਂ ਤੈਵਾਨ (ਹਰਜ਼ਾਨਾ) ਵਸੂਲਣਾ ਸ਼ੁਰੂ ਕੀਤਾ ਤਾਂ ਤਲਵਾਨ ਦੇ ਸਰਦਾਰ ਮੀਆਂ ਮਹਿਮੂਦ ਖਾਨ ਰਾਜਪੂਰ ਨੇ ਉਸ ਨੂੰ ਵਧੀਆ ਘੋੜਾ ਪੇਸ਼ ਕੀਤਾ ਜਿਸ ਦੀ ਸਵਾਰੀ ਸਰਦਾਰ ਬਘੇਲ ਸਿੰਘ ਲਈ ਮਨ ਭਾਉਂਦੀ ਹੋ ਗਈ। ਉਧਰੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਜਦ ਮੀਆਂ ਮਹਿਮੂਦ ਖਾਨ ਨੂੰ ਧਮਕੀ ਮਿਲੀ ਤਾਂ ਸਰਦਾਰ ਬਘੇਲ ਸਿੰਘ ਦੀ ਸਲਾਹ 'ਤੇ ਇੱਥੇ ਸਿੱਖਾਂ ਦਾ ਇਕ ਮਜ਼ਬੂਤ ਕਿਲ੍ਹਾ ਤੇ ਚੌਕੀ ਸਥਾਪਿਤ ਕਰ ਦਿੱਤੀ ਗਈ ਜਿਸ ਨਾਲ ਇਸ ਇਲਾਕੇ ਉੱਪਰ ਸਰਦਾਰ ਬਘੇਲ ਸਿੰਘ ਦਾ

ਪੱਕਾ ਪ੍ਰਭਾਵ ਕਾਇਮ ਹੋ ਗਿਆ। ਸਰਦਾਰ ਬਘੇਲ ਸਿੰਘ ਨੂੰ ਇਸ ਦੇ ਇਲਾਕੇ ਤੋਂ ਮਾਮਲਾ ਵੀ ਮਿਲਣ ਲੱਗ ਪਿਆ।

ਜਲੰਧਰ ਦੁਆਬ ਤਾਂ ਕਰੋੜਸਿੰਘੀਆ ਮਿਸਲ ਥੱਲੇ ਪਹਿਲਾਂ ਹੀ ਸੀ, ਜਿੱਥੋਂ ਇਕ ਲੱਖ ਸਾਲਾਨਾ ਤੈਵਾਨ ਮਿਲਦਾ ਸੀ। ਸਰਦਾਰ ਬਘੇਲ ਸਿੰਘ ਨੇ ਹੁਸ਼ਿਆਰਪੁਰ ਦੇ ਨੇੜੇ ਹਰਿਆਣਾ ਨੂੰ ਆਪਣਾ ਮੁੱਖ ਟਿਕਾਣਾ ਬਣਾ ਕੇ ਆਪਣੀ ਪਤਨੀ ਰੂਪ ਕੌਰ ਨੂੰ ਮੁੱਖ ਪ੍ਰਬੰਧਕ ਥਾਪ ਦਿੱਤਾ।

ਸੰਨ ੧੭੬੧ ਵਿਚ ਹੀ ਉਹ ਕਰਨਾਲ ਵੱਲ ਪਰਤਿਆ ਤੇ ਖੁਰਦੀਨ, ਖਨੌਰੀ, ਛਲੌਦੀ, ਜਮੈਤਗੜ੍ਹ ਆਦਿ ਦੇ ਇਲਾਕੇ ਜਿਨ੍ਹਾਂ ਦੀ ਸਾਲਾਨਾ ਆਮਦਨ ਤਿੰਨ ਲੱਖ ਸੀ, ਜਿੱਤ ਕੇ ਆਪਣੇ ਕਬਜ਼ੇ ਵਿਚ ਕਰ ਲਏ ਤੇ ਛਲੌਦੀ ਆਪਣੀ ਰਿਹਾਇਸ਼ ਰੱਖ ਲਈ। ਇਸ ਵੇਲੇ ਤਕ ਉਸ ਕੋਲ ੧੨,੦੦੦ ਘੋੜ ਸਵਾਰਾਂ ਤੋਂ ਇਲਾਵਾ ਬਹੁਤ ਵੱਡੀ ਪੈਦਲ ਫੌਜ ਸੀ। ਇਹ ਸਾਰਾ ਇਲਾਕਾ ਉਸ ਨੇ ਆਪਣੀ ਦੂਸਰੀ ਪਤਨੀ ਰਾਮ ਕੌਰ ਦੀ ਜ਼ਿੰਮੇਵਾਰੀ ਵਿਚ ਦੇ ਦਿੱਤਾ। ਤੀਸਰੀ ਪਤਨੀ ਰਤਨ ਕੌਰ ਨੂੰ ਕਲਾਨੌਰ ਦਾ ਇਲਾਕਾ ਦੇ ਦਿੱਤਾ ਤੇ ਆਪਣੇ ਆਪ ਨੂੰ ਸਾਰੇ ਇਲਾਕਿਆਂ ਨੂੰ ਬਾਹਰੀ ਹਮਲਿਆਂ ਤੋਂ ਰੋਕਣ ਤੇ ਇਲਾਕੇ ਨੂੰ ਹੋਰ ਵਧਾਉਣ ਲਈ ਵਿਹਲਾ ਰੱਖਿਆ।

ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਜਦ ਉਸ ਦੇ ਇਲਾਕੇ ਨੂੰ ਹਥਿਆਇਆ ਤਾਂ ਸਰਦਾਰ ਬਘੇਲ ਸਿੰਘ ਭਾਰੀ ਫੌਜ ਲੈ ਕੇ ਉਸ ਉੱਪਰ ਚੜ੍ਹ ਪਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਚੈਨ ਸਿੰਘ ਵਕੀਲ ਦੀ ਵਿਚੋਲਗੀ ਸਦਕਾ ਮਹਾਰਾਜਾ ਅਮਰ ਸਿੰਘ ਨੇ ਇਲਾਕੇ ਵੀ ਮੋੜ ਦਿੱਤੇ ਤੇ ਆਪਣੇ ਵਕੀਲ ਨੂੰ ਭੇਜਿਆ ਜਿਸ ਨੇ ਕਿਹਾ "ਸਿੰਘ ਜੀ, ਰੁਕੋ, ਅਗਿਉਂ ਵੀ ਪੰਥ ਦੇ ਸੇਵਕ ਹਨ। ਜੋ ਹੁਕਮ ਹੋਵੇ।" ਇਸ ਪਿੱਛੋਂ ਮਹਾਰਾਜਾ ਅਮਰ ਸਿੰਘ ਨੇ ਆਪਣੇ ਸਪੁੱਤਰ ਸਾਹਿਬ ਸਿੰਘ ਨੂੰ ਸਰਦਾਰ ਬਘੇਲ ਸਿੰਘ ਦੇ ਜਥੇ ਪਾਸੋਂ ਅੰਮ੍ਰਿਤ ਛਕਾ ਕੇ ਅੰਮ੍ਰਿਤਧਾਰੀ ਬਣਵਾ ਦਿੱਤਾ। ਦੋਵਾਂ ਵਿਚ ਸਦੀਵੀ ਸਾਂਝ ਹੋ ਗਈ।

ਸਰਹਿੰਦ ਉੱਤੇ ਹਮਲੇ ਕਰ ਕੇ ਸਰਹਿੰਦ ਦਾ ਸਾਰਾ ਹਿੱਸਾ ਸਿੱਖ ਮਿਸਲਾਂ ਨੇ ਵੰਡ ਲਿਆ ਤੇ ਸਾਰਾ ਪੰਜਾਬ ਮਿਸਲਾਂ ਅਧੀਨ ਹੋ ਗਿਆ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨਾਲ ਮਿਲ ਕੇ ੪੦,੦੦੦ ਦੀ ਫੌਜ ਲੈ ਸਹਾਰਨਪੁਰ, ਮੁਜ਼ੱਫਰਪੁਰ ਤੇ ਮੇਰਠ ਦੇ ਇਲਾਕੇ ਵਿਚ ੨੦ ਫਰਵਰੀ, ੧੭੬੪ ਤੋਂ ਹੱਲਾ ਸ਼ੁਰੂ ਕਰ ਦਿੱਤਾ। ਫਿਰ ਗੰਗਾ ਪਾਰ ਕਰ ਕੇ ਨਜੀਬਾਬਾਦ, ਮੁਰਾਦਾਬਾਦ ਤੇ ਅਨੂਪ ਸ਼ਹਿਰ ਦੇ ਇਲਾਕਿਆਂ ਉੱਪਰ ਆਪਣਾ ਰਾਖੀ ਪ੍ਰਬੰਧ ਜਮਾ ਕੇ ਦੋ ਮਹੀਨਿਆਂ ਪਿੱਛੋਂ ਪਰਤੇ। ਸੰਨ ੧੭੭੫ ਵਿਚ ਬਿਆਸ ਦੇ ਆਸਪਾਸ ਦਾ ਇਲਾਕਾ ਤੇ ਸੰਨ ੧੭੯੨ ਵਿਚ ਉਸ ਨੇ ਤਰਨ ਤਾਰਨ, ਸਭਰਾਉਂ ਤੇ ਸਰਹਾਲੀ ਆਪਣੇ ਕਬਜ਼ੇ ਵਿਚ ਕੀਤੇ।

ਸੰਨ ੧੭੬੧ ਤੋਂ ੧੭੭੦ ਤਕ ਅਵਧ ਦਾ ਨਵਾਬ ਨਜੀਬ-ਉ-ਦੌਲਾ, ਦਿੱਲੀ

ਦਾ ਪ੍ਰਬੰਧ ਦੇਖ ਰਿਹਾ ਸੀ। ਜਦ ਸਿੱਖਾਂ ਨੇ ਇਸ ਦੇ ਇਲਾਕੇ ਨੂੰ ਕਬਜ਼ੇ ਵਿਚ ਲਿਆ ਤਾਂ ਡਰਦੇ ਨੇ ਗਿਆਰ੍ਹਾਂ ਲੱਖ ਸਾਲਾਨਾ ਤੈਵਾਨ ਦੇਣਾ ਮੰਨ ਕੇ ਸਿੱਖਾਂ ਤੋਂ ਆਪਣੀ ਜਾਨ ਬਖ਼ਸ਼ੀ ਕਰਵਾਈ। ਸੰਨ ੧੭੭੩ ਵਿਚ ਜ਼ਾਬਿਤਾ ਖਾਨ ਰੋਹਿਲਾ ਤੋਂ ਨਨੌਤਾ ਤੇ ਜਲਾਲਾਬਾਦ ਜਿੱਤੇ।

ਇਕ ਬ੍ਰਾਹਮਣ ਸੰਨ ੧੭੬੬ ਵਿਚ ਸ੍ਰੀ ਅੰਮ੍ਰਿਤਸਰ ਸ੍ਰੀ ਅਕਾਲ ਤਖਤ ਸਾਹਿਬ ’ਤੇ ਫਰਿਆਦ ਲੈ ਕੇ ਆਇਆ ਕਿ ਸੱਯਦ ਮੁਹੰਮਦ ਹਸਨ ਖਾਨ, ਉਸ ਦੀ ਲੜਕੀ ਨੂੰ ਡੋਲੇ ਵਿਚ ਪਾ ਕੇ ਲੈ ਗਿਆ ਹੈ ਤੇ ਮੁਸਲਮਾਨ ਬਣਨ ਲਈ ਦੁਖੀ ਕਰ ਰਿਹਾ ਹੈ। ਸਰਦਾਰ ਬਘੇਲ ਸਿੰਘ ਦਲ ਖਾਲਸਾ ਦੇ ਹੋਰ ਜਥੇਦਾਰਾਂ ਨਾਲ ਹਸਨ ਖਾਨ ’ਤੇ ਚੜ੍ਹ ਪਿਆ ਤੇ ਲੜਕੀ ਨੂੰ ਛੁਡਵਾਇਆ। ਇਸ ਪਿੱਛੋਂ ਜਦ ਵੀ ਕੋਈ ਕਿਸੇ ਦੀ ਧੀ ਭੈਣ ਦੀ ਇੱਜ਼ਤ ਨਾਲ ਖੇਡਣ ਦੀ ਕੋਸ਼ਿਸ਼ ਕਰਦਾ, ਉਹ ਬਿਨੈ ਲੈ ਕੇ ਸਰਦਾਰ ਬਘੇਲ ਸਿੰਘ ਕੋਲ ਪਹੁੰਚ ਜਾਂਦੇ। ਸਰਦਾਰ ਬਘੇਲ ਸਿੰਘ ਧੀਆਂ ਭੈਣਾਂ ਦੀ ਆਬਰੂ ਦਾ ਮੁਜੱਸਮਾ ਬਣ ਗਿਆ। ਸਤਲੁਜ ਤੇ ਗੰਗਾ ਦੁਆਬ ਦੇ ਇਲਾਕੇ ਦਾ ਸਮੁੱਚਾ ਪ੍ਰਬੰਧ ਸਰਦਾਰ ਬਘੇਲ ਸਿੰਘ ਹੱਥ ਸੌਂਪ ਦਿੱਤਾ ਗਿਆ। ‘ਪੰਥ ਪ੍ਰਕਾਸ਼’ ਅਨੁਸਾਰ ਹਸਨ ਖਾਨ ਭੱਜ ਕੇ ਛੁਪ ਗਿਆ ਤੇ ਉਸ ਦੀ ਛਿਪਣ ਵਾਲੀ ਥਾਂ ਨੂੰ ਅੱਗ ਲਾ ਦਿੱਤੀ ਗਈ ਤਾਂ ਉਹ ਵਿੱਚੇ ਹੀ ਸੜ ਗਿਆ। ਇਸ ਇਲਾਕੇ ਦੇ ਪ੍ਰਭਾਵੀ ਵਿਅਕਤੀ ਦਾ ਸਮੁੱਚਾ ਪ੍ਰਭਾਵ ਉਦੋਂ ਤੋਂ ਸਿੱਖਾਂ ਹੱਥ ਆ ਗਿਆ।

ਸਿੱਖਾਂ ਦਾ ਦਿੱਲੀ ਉੱਪਰ ਹਮਲਾ ੧੮ ਜਨਵਰੀ, ੧੭੭੪ ਨੂੰ ਸੀ ਜੋ ਸਰਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਬਾਦਸ਼ਾਹ ਨੇ ਸਰਦਾਰ ਬਘੇਲ ਸਿੰਘ ਨੂੰ ਸਨਮਾਨ ਸਹਿਤ ਬੁਲਾਇਆ ਤੇ ਦਸ ਹਜ਼ਾਰ ਘੋੜ ਸਵਾਰਾਂ ਨਾਲ ਉਨ੍ਹਾਂ ਦੀ ਰਖਵਾਲੀ ਕਰਨ ਲਈ ਕਿਹਾ ਜਿਸ ਲਈ ਸ਼ਾਹਬਾਜ਼ਪੁਰ ਦਾ ਇਲਾਕਾ ਸਰਦਾਰ ਬਘੇਲ ਸਿੰਘ ਨੂੰ ਸੌਂਪਿਆ ਜਾਣਾ ਸੀ ਪਰ ਸਰਦਾਰ ਬਘੇਲ ਸਿੰਘ ਨੇ ਇਹ ਨਾ-ਮਨਜ਼ੂਰ ਕਰ ਦਿੱਤਾ ਤੇ ਖ਼ਿੱਲਤ ਤੇ ਹੋਰ ਤੋਹਫੇ ਲੈ ਕੇ ਵਾਪਸ ਆ ਗਿਆ। ਬਾਦਸ਼ਾਹ ਨੇ ਬੇਗ਼ਮ ਸਮਰੋ (ਸਰਧਾਨਾ ਦੀ ਬੇਗ਼ਮ) ਜੋ ਸਰਦਾਰ ਬਘੇਲ ਸਿੰਘ ਦੀ ਧਰਮ ਭੈਣ ਬਣੀ ਹੋਈ ਸੀ ਨੂੰ ਬਿਨੈ ਕੀਤੀ ਕਿ ਉਹ ਸਰਦਾਰ ਬਘੇਲ ਸਿੰਘ ਨਾਲ ਸਮਝੌਤਾ ਕਰਵਾਏ। ਦਿੱਲੀ ਤੋਂ ਮੁੜਦੇ ਵੇਲੇ ਸਰਦਾਰ ਬਘੇਲ ਸਿੰਘ ਨੇ ਦਿਉਬੰਦ ਤੇ ਸਹਾਰਨਪੁਰ ਨੂੰ ਜਿੱਤ ਕੇ ਗੌਂਸਗੜ੍ਹ ਦੇ ਨਵਾਬ ਤੋਂ ੫੦ ਹਜ਼ਾਰ ਉਗਰਾਹੇ।

ਸੰਨ ੧੭੭੫ ਵਿਚ ਜਮਨਾ ਪਾਰ ਵੱਲ ਸਿੱਖ ਵਧੇ। ੨੨ ਅਪ੍ਰੈਲ, ੧੭੭੫ ਨੂੰ ਕੁੰਜਪੁਰਾ ਤੋਂ ਜਮੁਨਾ ਲੰਘ, ਲਖਨੌਤੀ, ਗੌਂਸਗੜ੍ਹ, ਦਿਉਬੰਦ ਤੇ ਹੋਰ ਇਲਾਕੇ ਕਬਜ਼ੇ ਵਿਚ ਕੀਤੇ। ਜ਼ਾਬਿਤਾ ਖਾਨ ਰੋਹਿਲੇ ਨੇ ਗੋਰਗੜ੍ਹ ਬਚਾਉਣ ਲਈ ੫੦ ਹਜ਼ਾਰ ਰੁਪਏ ਸਿੱਖਾਂ ਨੂੰ ਸਾਲਾਨਾ ਤੈਵਾਨ ਦੇਣਾ ਮੰਨਿਆ, ਫਿਰ ਸ਼ਾਮਲੀ, ਕਾਂਧਲਾ ਤੇ ਮੇਰਠ ਹੁੰਦੇ ਹੋਏ ਅਲੀਗੜ੍ਹ ਕੋਲ ਖੁਰਜਾ ਤਕ ਆਪਣਾ ਪ੍ਰਭਾਵ ਜਮਾਇਆ ਤੇ ਆਉਂਦਿਆਂ

ਹੋਇਆਂ ਦਿੱਲੀ ਦੇ ਪਹਾੜ ਗੰਜ ਤੇ ਜੈ ਸਿੰਘਪੁਰ ਨੂੰ ਲਤਾੜਿਆ। ੨੪ ਜੁਲਾਈ, ੧੭੭੫ ਨੂੰ ਜਮਨਾ ਪਾਰ ਕਰ ਕੇ ਵਾਪਸ ਮੁੜੇ।

ਅਬਦੁਲ ਕਾਸਿਮ ਨੇ ਜਦ ਜ਼ਾਬਿਤਾ ਖਾਨ 'ਤੇ ਹਮਲਾ ਕਰ ਕੇ ਉਸ ਤੋਂ ਮੇਰਠ ਖੋਹ ਲਿਆ ਤੇ ਉਸ ਨੇ ਸਰਦਾਰ ਬਘੇਲ ਸਿੰਘ ਕੋਲ ਮਦਦ ਲਈ ਬੇਨਤੀ ਕੀਤੀ। ਅਬਦੁਲ ਕਾਸਿਮ 'ਤੇ ਹਮਲਾ ੧੧ ਮਾਰਚ ੧੭੭੬ ਨੂੰ ਕੀਤਾ। ਮੇਰਠ ਛੁਡਵਾਇਆ ਤੇ ਅਬਦੁਲ ਕਾਸਿਮ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜ਼ਾਬਿਤਾ ਖਾਨ ਨਾਲ ਦੋਸਤੀ ਕਰਨ ਤੇ ਸਿੱਖਾਂ ਦਾ ਪ੍ਰਭਾਵ ਅਵਧ ਤਕ ਵਧ ਗਿਆ, ਮਰਾਠਿਆਂ ਨੂੰ ਇਹ ਰਾਸ ਨਹੀਂ ਸੀ।

ਸਿੱਖ ਵੱਸ ਨਾ ਆਉਂਦੇ ਵੇਖ ਸ਼ਾਹ ਆਲਮ ਨੇ ਆਪਣੇ ਸਾਹਿਬਜ਼ਾਦੇ ਸ਼ਾਹ ਬਖ਼ਤ ਨੂੰ ਸਿੱਖਾਂ ਉੱਪਰ ਹਮਲੇ ਲਈ ਪਟਿਆਲੇ ਵੱਲ ਭੇਜਿਆ। ਵੱਡੀ ਫੌਜ ਵਧਦੀ ਦੇਖ ਕੇ ਸਰਦਾਰ ਬਘੇਲ ਸਿੰਘ ਨੇ ਅਕਲਮੰਦੀ ਵਰਤੀ। ਉਸ ਨੇ ਅੱਗੇ ਹੋ ਕੇ ਸ਼ਾਹ ਬਖ਼ਤ ਨੂੰ ਨਜ਼ਰਾਨਾ ਭੇਟ ਕੀਤਾ ਤੇ ਸ਼ਾਹ ਨੂੰ ਅੱਗੇ ਵੱਧਣ ਲਈ ਪ੍ਰੇਰਿਆ। ਜਦ ਸ਼ਾਹ ਪਟਿਆਲੇ ਵੱਲ ਵਧਿਆ ਤਾਂ ਸਾਰੇ ਸਿੱਖਾਂ ਨੇ ਸਲਾਹ ਕਰ ਕੇ ਸ਼ਾਹ ਬਖ਼ਤ 'ਤੇ ਹੱਲਾ ਬੋਲ ਦਿੱਤਾ। ਪਿੱਛੋਂ ਸਰਦਾਰ ਬਘੇਲ ਸਿੰਘ ਨੇ ਸ਼ਾਹੀ ਫੌਜਾਂ ਦਾ ਰਾਹ ਰੋਕ ਲਿਆ। ਸ਼ਾਹੀ ਸੈਨਾ ਦਾ ਬੁਰਾ ਹਾਲ ਹੋਇਆ ਤਾਂ ਅਬਦੁਲ ਅਹਿਦ, ਨਜ਼ਫ ਖਾਨ ਆਦਿ ਨੂੰ ਦਿੱਲੀ ਬੁਲਾ ਲਿਆ ਗਿਆ।

ਨਵੰਬਰ ੧੭੭੯ ਨੂੰ ਨਜ਼ਫ ਖਾਨ ਨੇ ਆਪਣੇ ਪੋਤਰੇ ਮਿਰਜ਼ਾ ਸ਼ਫੀ ਨੂੰ ਦਸ ਹਜ਼ਾਰ ਸੈਨਾ ਤੇ ਸੈਂਕੜੇ ਤੋਪਾਂ ਨਾਲ ਸਿੱਖਾਂ ਨੂੰ ਕੁਚਲਣ ਲਈ ਭੇਜਿਆ। ਮਿਰਜ਼ਾ ਸ਼ਫੀ ਨੇ ਚਲਾਕੀ ਨਾਲ ਕਈ ਸਿੱਖ ਸਰਦਾਰ ਵੀ ਨਾਲ ਮਿਲਾ ਲਏ। ਇਸ ਹਾਲਤ ਵਿਚ ਸਰਦਾਰ ਬਘੇਲ ਸਿੰਘ ਨੇ ਸ਼ਾਹੀ ਸੈਨਾ 'ਤੇ ਸਿੱਧੇ ਹਮਲੇ ਦੀ ਥਾਂ ਗੁਰੀਲਾ ਹਮਲੇ ਕਰਨੇ ਸ਼ੁਰੂ ਕਰ ਦਿੱਤੇ।

ਦਿੱਲੀ ਦੇ ਜਰਨੈਲ ਦੇ ਪੋਤਰੇ ਮਿਰਜ਼ਾ ਸ਼ਫੀ ਨੇ ਸਿੱਖਾਂ ਵਿਰੁੱਧ ਸਿੱਖਾਂ ਵਾਲਾ ਗੁਰੀਲਾ ਯੁੱਧ ਹੀ ਅਪਣਾਉਣਾ ਠੀਕ ਸਮਝਿਆ। ਮਹਾਰਾਜਾ ਪਟਿਆਲਾ ਤੇ ਮਹਾਰਾਜਾ ਜੀਂਦ ਦੀ ਸਿੱਖਾਂ ਨਾਲ ਅਣਬਣ ਦਾ ਵੀ ਉਸ ਨੇ ਫਾਇਦਾ ਉਠਾਇਆ। ਜ਼ਾਬਿਤਾ ਖਾਨ ਨੇ ਦੀਵਾਨ ਸਿੰਘ ਨਾਲ ਮਿਲ ਕੇ ਸਰਦਾਰ ਬਘੇਲ ਸਿੰਘ ਵਿਰੁੱਧ ਯੁੱਧ ਛੇੜ ਦਿੱਤਾ। ਸਰਦਾਰ ਬਘੇਲ ਸਿੰਘ ਨਾਲ ਉਸ ਵੇਲੇ ਸਰਦਾਰ ਸਦਾ ਸਿੰਘ, ਸਰਦਾਰ ਦੂਲਾ ਸਿੰਘ, ਸਰਦਾਰ ਕਰਮ ਸਿੰਘ ਸ਼ਹੀਦ, ਸਰਦਾਰ ਗੁਰਬਖਸ਼ ਸਿੰਘ, ਸਰਦਾਰ ਲਾਲ ਸਿੰਘ ਤੇ ਸਰਦਾਰ ਕਰਨ ਸਿੰਘ ਆ ਜੁੜੇ। ੬੮੦੦ ਘੋੜ ਸਵਾਰਾਂ ਨਾਲ ਉਨ੍ਹਾਂ ਨੇ ਜਮਨਾ ਪਾਰ ਹਮਲੇ ਦੀ ਠਾਣੀ ਤਾਂ ਕਿ ਮਿਰਜ਼ਾ ਸ਼ਫੀ ਨੂੰ ਪਿੱਛੋਂ ਘੇਰਿਆ ਜਾ ਸਕੇ। ੨੫ ਫਰਵਰੀ, ੧੭੮੧ ਨੂੰ ਰੜੌਰ ਦੇ ਕੈਂਪ ਤੇ ਫਿਰ ੨੮ ਫਰਵਰੀ ਨੂੰ ਸਿਕੰਦਰਾ ਦੇ ਕੈਂਪ 'ਤੇ ਹਮਲਾ ਕੀਤਾ ਜਿਸ ਨਾਲ ਮਿਰਜ਼ਾ ਸ਼ਫੀ ਹਿੱਲ ਗਿਆ। ਸਿੱਖਾਂ ਨੇ ੧੧

ਮਾਰਚ ਨੂੰ ਹਮਲੇ ਵਿਚ ੩੦੦੦ ਘੋੜੇ ਹਥਿਆ ਲਏ। ਮਿਰਜ਼ਾ ਸ਼ਫੀ ਦੇ ਮਦਦਗਾਰਾਂ ਮਹਾਰਾਜਾ ਪਟਿਆਲਾ ਅਮਰ ਸਿੰਘ, ਸਪੁੱਤਰ ਸਾਹਿਬ ਸਿੰਘ, ਭਾਗ ਸਿੰਘ, ਭੰਗਾ ਸਿੰਘ ਨੂੰ ਵੱਖ ਕਰਨ ਲਈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਤਾਂ ਉਹ ਪਿੱਛੇ ਹਟ ਗਏ। ਮੁਗ਼ਲ ਜਰਨੈਲ ਮਿਰਜ਼ਾ ਸ਼ਫੀ ਗੁਰੀਲਾ ਯੁੱਧ ਵਿਚ ਸਿੱਖਾਂ ਨੂੰ ਮਾਤ ਨਾ ਪਾ ਸਕਿਆ ਤੇ ੧੨ ਜੂਨ, ੧੭੮੧ ਨੂੰ ਸਰਦਾਰ ਬਘੇਲ ਸਿੰਘ ਤੇ ਸਰਦਾਰ ਗੁਰਦਿੱਤ ਸਿੰਘ ਨੂੰ ਦੋਸਤੀ ਦਾ ਹੱਥ ਵਧਾਉਣ ਲਈ ਖ਼ਤ ਲਿਖਿਆ। ਬਦਲੇ ਵਿਚ ਰਡੌਰ, ਬਬੀਨ ਤੇ ਸ਼ਾਮਗੜ੍ਹ ਦੇਣੇ ਮੰਨੇ ਪਰ ਸਰਦਾਰ ਬਘੇਲ ਸਿੰਘ ਨੇ ਆਪਣੀਆਂ ਸ਼ਰਤਾਂ ਰੱਖੀਆਂ।

੧੦ ਜੂਨ, ੧੭੮੧ ਦੇ ਖ਼ਤ ਅਨੁਸਾਰ 'ਨਜ਼ਫ ਖਾਨ ਨੇ ਅੰਬਰ ਸ਼ਾਹ ਨੂੰ ਦਿੱਲੀ ਤੋਂ ਮਿਰਜ਼ਾ ਸ਼ਫੀ ਕੋਲ ੪੦,੦੦੦ ਸਿਪਾਹੀ ਤੇ ਤੋਪਾਂ ਦੇ ਕੇ ਭੇਜਿਆ। ਸਿੱਖਾਂ ਨਾਲ ਭਰਵਾਂ ਯੁੱਧ ਹੋਇਆ ਜਿਸ ਵਿਚ ੧੦ ਤੋਂ ੧੫ ਹਜ਼ਾਰ ਸ਼ਾਹੀ ਫੌਜ ਮਾਰੀ ਗਈ ਤੇ ਤੋਪਾਂ ਵੀ ਹੱਥੋਂ ਗਈਆਂ। ਸਿੱਖਾਂ ਕੋਲੋਂ ਬੁਰੀ ਤਰ੍ਹਾਂ ਹਾਰ ਖਾਣ ਪਿੱਛੋਂ ਮੁਗ਼ਲ ਫੌਜਾਂ ਪਾਣੀਪਤ ਮੁੜ ਆਈਆਂ। ੬ ਅਪ੍ਰੈਲ, ੧੭੮੨ ਨੂੰ ਨਜ਼ਫ ਖਾਨ ਦੀ ਮੌਤ ਹੋ ਗਈ। ਫਰਵਰੀ ੧੭੮੩ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਤੇ ਹੋਰ ਜਰਨੈਲ ੭੦,੦੦੦ ਸਿਪਾਹੀ ਲੈ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਤੇ ਖੁਰਜਾ 'ਤੇ ਜਾ ਚੜ੍ਹੇ। ਸਭ ਨੇ ਜੋ ਜਿੱਤਿਆ ਉਸ ਦਾ ਦਸਵੰਧ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਭੇਜਿਆ ਜੋ ਇਕ ਲੱਖ ਸੀ। ਫਿਰ ਇਨ੍ਹਾਂ ਨੇ ਅਲੀਗੜ੍ਹ, ਟੁੰਡਲਾ, ਸ਼ਿਕੋਹਾਬਾਦ ਤੇ ਫਰੁਖਾਬਾਦ ਜਾ ਜਿੱਤੇ। ਸਰਦਾਰ ਬਘੇਲ ਸਿੰਘ ਹੱਥ ਇਕ ਹੀਰਿਆਂ ਜੜ੍ਹੀ ਸੋਟੀ ਲੱਗੀ ਜੋ ਉਸ ਸਮੇਂ ੩੩,੦੦੦ ਰੁਪਏ ਦੀ ਸੀ। ਉਸ ਨੇ ਵਾਪਸ ਮੁੜਦਿਆਂ ਆਗਰਾ ਜਿੱਤਿਆ। ਸਿੱਖ ਹੁਣ ਦਿੱਲੀ ਉੱਤੇ ਭਾਰੂ ਹੋ ਗਏ ਸਨ।

੮ ਮਾਰਚ, ੧੭੮੩ ਸਰਦਾਰ ਬਘੇਲ ਸਿੰਘ ਨੇ ੪੦,੦੦੦ ਫੌਜ ਨਾਲ ਜਮਨਾ ਕੰਢੇ ਬਰਗਾੜੀ ਘਾਟ 'ਤੇ ਕਬਜ਼ਾ ਕਰ ਲਿਆ। ਫਿਰ ਮਲਕ ਗੰਜ ਤੇ ਸਬਜ਼ੀ ਮੰਡੀ ਜਾ ਜਿੱਤੇ ਤੇ ਮੁਗ਼ਲਪੁਰਾ ਤੇ ਮੈਹਤਾਬਪੁਰਾ ਜਾ ਘੇਰੇ। ਸਿੱਖ ਅਜਮੇਰੀ ਗੇਟ ਰਾਹੀਂ ਦਿੱਲੀ ਵਿਚ ਜਾ ਦਾਖ਼ਲ ਹੋਏ ਤੇ ਹੌਜ਼ ਕਾਜ਼ੀ ਜਾ ਜਿੱਤੇ। ਬਾਦਸ਼ਾਹ ਨੇ ਸਮਰੋ ਬੇਗ਼ਮ ਨੂੰ ਬੁਲਾ ਭੇਜਿਆ। ਏਨੇ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹਿਸਾਰ ਵੱਲੋਂ ੧੦,੦੦੦ ਫੌਜ ਲੈ ਕੇ ਪਹੁੰਚ ਗਏ। ਸਰਦਾਰ ਬਘੇਲ ਸਿੰਘ ਨੇ ਜਿੱਥੇ ਆਪਣੇ ਤੀਹ ਹਜ਼ਾਰ ਸਿਪਾਹੀ ਰੱਖੇ ਸਨ, ਉਹ ਜਗ੍ਹਾ ਹੁਣ 'ਤੀਸ ਹਜ਼ਾਰੀ' ਨਾਮ ਨਾਲ ਪ੍ਰਸਿੱਧ ਹੈ।

੧੭ ਮਾਰਚ, ੧੭੮੩ ਦਾ ਉਹ ਇਤਿਹਾਸਿਕ ਦਿਨ ਹੈ ਜਦ ਸਿੱਖਾਂ ਨੇ ਲਾਲ ਕਿਲ੍ਹੇ 'ਤੇ ਖਾਲਸਾਈ ਨਿਸ਼ਾਨ ਸਾਹਿਬ ਜਾ ਫਹਿਰਾਇਆ। ਸ਼ਾਹ ਆਲਮ ਜਾ ਛੁਪਿਆ। ਸਰਦਾਰ ਜੱਸਾ ਸਿੰਘ ਆਹਲਵਾਲੀਆ ਨੂੰ ਤਖਤ 'ਤੇ ਬਿਠਾਇਆ ਗਿਆ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਨੂੰ ਨਾਪਸੰਦ ਕੀਤਾ ਤਾਂ ਸਰਦਾਰ ਆਹਲੂਵਾਲੀਆ ਨੇ ਤਖਤ ਛੱਡ ਦਿੱਤਾ।

ਦੀਵਾਨ-ਏ-ਖਾਸ ਤੇ ਦੀਵਾਨ-ਏ-ਆਮ 'ਤੇ ਕਬਜ਼ਾ ਕਰ ਕੇ ਹਟੇ ਸਨ ਕਿ ੧੨ ਮਾਰਚ ਨੂੰ ਸਮਰੋ ਬੇਗ਼ਮ ਦਿੱਲੀ ਆ ਗਈ ਤੇ ਉਸ ਨੇ ਸ਼ਾਹ ਆਲਮ ਦੂਜੇ ਨੂੰ ਸਿੱਖਾਂ ਬਾਰੇ ਦੱਸਿਆ ਤੇ ਸਰਦਾਰ ਬਘੇਲ ਸਿੰਘ ਨਾਲ ਗੱਲ ਕਰਨ ਲਈ ਕਿਹਾ। ਸਰਦਾਰ ਬਘੇਲ ਸਿੰਘ ਨੂੰ ਮਿਲ ਕੇ ਬੇਗ਼ਮ ਸਮਰੋ ਨੇ ਬਾਦਸ਼ਾਹ ਤੋਂ ਇਹ ਸ਼ਰਤਾਂ ਮਨਵਾਈਆਂ।

**(ੳ)** ਖਾਲਸੇ ਨੂੰ ਤਿੰਨ ਲੱਖ ਇਵਜ਼ਾਨਾ ਦਿੱਤਾ ਜਾਵੇਗਾ।

**(ਅ)** ਸਰਦਾਰ ਬਘੇਲ ਸਿੰਘ ਦਿੱਲੀ ਵਿਚ ਚਾਰ ਹਜ਼ਾਰ ਸਿਪਾਹੀ ਰੱਖ ਸਕਦਾ ਹੈ। ਉਸ ਦਾ ਦਫ਼ਤਰ ਸਬਜ਼ੀ ਮੰਡੀ ਹੋਵੇਗਾ।

**(ੲ)** ਸਰਦਾਰ ਬਘੇਲ ਸਿੰਘ ਨੂੰ ਸੱਤ ਸਿੱਖ ਇਤਿਹਾਸਿਕ ਗੁਰਦੁਆਰੇ ਬਣਾਉਣ ਦੀ ਖੁੱਲ੍ਹ ਹੋਵੇਗੀ ਜੋ ਜਲਦੀ ਹੀ ਪੂਰਨ ਕਰਨ ਤੇ ਸਰਦਾਰ ਬਘੇਲ ਸਿੰਘ ਵਾਪਸ ਜਾਵੇਗਾ।

**(ਸ)** ਸਰਦਾਰ ਬਘੇਲ ਸਿੰਘ ਸਾਰੀ ਦਿੱਲੀ ਦੀ ਚੁੰਗੀ ਉਗਰਾਹੇਗਾ ਤੇ ਛਿਆਨੀ (ਰੁਪੈ ਵਿੱਚੋਂ ਛੇ ਆਨੇ) ਆਪਣੇ ਖਰਚ ਲਈ ਲਵੇਗਾ, ਜਿਸ ਵਿੱਚੋਂ ਗੁਰਦੁਆਰੇ ਬਣਾਏ ਜਾਣਗੇ।

**(ਹ)** ਦਿੱਲੀ ਵਿਚ ਰਹਿੰਦੇ ਹੋਏ ਸਿੱਖ ਕੋਈ ਹਮਲਾ ਨਹੀਂ ਕਰਨਗੇ।

ਸਮਝੌਤੇ ਪਿੱਛੋਂ ੪੦੦੦ ਸਿਪਾਹੀਆਂ ਨਾਲ ਸਰਦਾਰ ਬਘੇਲ ਸਿੰਘ ਨੇ ਸੱਤ ਗੁਰਦੁਆਰੇ ਮਾਤਾ ਸੁੰਦਰੀ, ਮਜਨੂੰ ਟਿਲਾ, ਮੋਤੀ ਬਾਗ, ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਬਾਲਾ ਸਾਹਿਬ ਪਹਿਲ ਦੇ ਆਧਾਰ 'ਤੇ ਉਸਾਰੇ। ਸਰਦਾਰ ਬਘੇਲ ਸਿੰਘ ਦੀ ਸਿੱਖ ਕੌਮ ਲਈ ਇਹ ਬਹੁਤ ਵੱਡੀ ਦੇਣ ਸੀ। ਬਾਦਸ਼ਾਹ ਆਲਮ ਦੂਜਾ ਸਰਦਾਰ ਬਘੇਲ ਸਿੰਘ ਨੂੰ ਮਿਲਣ ਦਾ ਇਛੁੱਕ ਸੀ ਪਰ ਇਸ ਲਈ ਸਰਦਾਰ ਬਘੇਲ ਸਿੰਘ ਨੇ ਸ਼ਰਤਾਂ ਰੱਖੀਆਂ ਕਿ ਉਹ ਸਿਰ ਨਹੀਂ ਝੁਕਾਏਗਾ, ਇਕੱਲਾ ਨਹੀਂ ਆਏਗਾ ਤੇ ਕਿਸੇ ਦਾ ਕੋਈ ਬੁਰਾ ਕਟਾਖ ਨਹੀਂ ਸਹੇਗਾ। ਬਾਦਸ਼ਾਹ ਦੇ ਮੰਨਣ 'ਤੇ ਸਭ ਬੁੱਚੜਾਂ ਦੀਆਂ ਦੁਕਾਨਾਂ ਬੰਦ ਕੀਤੀਆਂ ਗਈਆਂ। ਹਾਥੀ ਦੀ ਸਵਾਰੀ 'ਤੇ ਸਰਦਾਰ ਬਘੇਲ ਸਿੰਘ, ਸ਼ਾਹੀ ਦਰਬਾਰ ਸ਼ਸਤਰਧਾਰੀ ਸਿੱਖਾਂ ਸਮੇਤ ਪਹੁੰਚਿਆ, ਬਾਦਸ਼ਾਹ ਮਿਲਣ 'ਤੇ ਖੁਸ਼ ਹੋਇਆ ਤੇ ਤੋਹਫੇ ਦਿੱਤੇ। ਸੰਨ ੧੭੮੪ ਤੇ ਫਿਰ ੧੭੮੯ ਵਿਚ ਜਮਨਾ ਪਾਰੋਂ ਉਗਰਾਹੀਆਂ ਚੱਲਦੀਆਂ ਰਹੀਆਂ। ਸਰਦਾਰ ਬਘੇਲ ਸਿੰਘ ਦਾ ਅਕਾਲ ਚਲਾਣਾ ੧੮੦੦ ਈ. ਵਿਚ ਹੋਇਆ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਸਿੱਖ ਰਾਜ ਦਾ ਇਕ ਉੱਜਲ ਸਿਤਾਰਾ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾ ਕੇ ਰੱਬ ਨੂੰ ਪਿਆਰਾ ਹੋ ਗਿਆ।

# ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ, ਪਾਤਸ਼ਾਹੀ ਪਹਿਲੀ, ਵੇਰਕਾ (ਸ੍ਰੀ ਅੰਮ੍ਰਿਤਸਰ)

*-ਸ੍ਰੀ ਰਮੇਸ਼ ਬੱਗਾ ਚੋਹਲਾ**

ਗੁਰਦੁਆਰਾ ਗੁਰੂ ਸਾਹਿਬ ਦਾ ਉਹ ਦਰ/ਘਰ ਹੈ ਜਿਥੇ ਕੇਵਲ ਸਿੱਖ ਭਾਈਚਾਰੇ ਦਾ ਹੀ ਨਹੀਂ ਸਗੋਂ ਹਰੇਕ ਪ੍ਰਾਣੀ ਦਾ ਸਿਰ ਝੁਕਦਾ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦੇ ਕਸਬਾ ਵੇਰਕਾ ਦੀ ਜਰਨੈਲੀ ਸੜਕ 'ਤੇ ਗੁਰਦੁਆਰਾ ਨਾਨਕਸਰ ਸਾਹਿਬ (ਪਾਤਸ਼ਾਹੀ ਪਹਿਲੀ) ਸਥਿਤ ਹੈ।

ਇਸ ਗੁਰਦੁਆਰਾ ਸਾਹਿਬ ਨਾਲ ਜੁੜੇ ਇਤਿਹਾਸਿਕ ਤੱਥ ਬਿਆਨ ਕਰਦੇ ਹਨ ਕਿ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਨਗਰ ਬਟਾਲੇ ਵੱਲ ਨੂੰ ਜਾ ਰਹੇ ਸਨ। ਇਸ ਸਫ਼ਰ ਦੌਰਾਨ ਉਹ ਕੁਝ ਸਮੇਂ ਲਈ ਪਿੰਡ ਵੇਰਕਾ ਦੇ ਇੱਕ ਜੰਡ ਹੇਠ ਵਿਸ਼ਰਾਮ ਕਰਨ ਲੱਗੇ। ਇਸ ਵਿਸ਼ਰਾਮ ਦੌਰਾਨ ਇਸ ਪਿੰਡ ਦੀ ਇੱਕ ਮਾਈ ਆਪਣੇ ਸੋਕਾਗ੍ਰਸਤ ਬੱਚੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਸਨਮੁਖ ਹੋਈ ਅਤੇ ਬੱਚੇ ਦੀ ਤੰਦਰੁਸਤੀ ਲਈ ਅਰਜੋਈ ਕਰਨ ਲੱਗੀ। ਮਾਈ ਦੀ ਤਰਸਯੋਗ ਹਾਲਤ ਨੂੰ ਦੇਖ ਕੇ ਗੁਰੂ ਸਾਹਿਬ ਮਿਹਰ ਦੇ ਘਰ ਵਿਚ ਆਏ ਅਤੇ ਮਾਈ ਨੂੰ ਕਹਿਣ ਲੱਗੇ ਕਿ ਉਹ ਜੰਡ ਨੇੜਲੀ ਛੱਪੜੀ ਵਿਚ ਇਸ ਬੱਚੇ ਨੂੰ ਇਸ਼ਨਾਨ ਕਰਵਾ ਲਿਆਵੇ। ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਉਹ ਮਾਈ ਬੱਚੇ ਦਾ ਇਸ਼ਨਾਨ ਕਰਵਾਉਣ ਲੱਗੀ ਤਾਂ ਸੁੱਕੇ ਹੋਏ ਬੱਚੇ ਦਾ ਸਰੀਰ ਹਰਿਆ-ਭਰਿਆ (ਸਿਹਤਯਾਬ) ਹੋਣ ਲੱਗਾ। ਬੱਚੇ ਦੀ ਇਹ ਹਰਿਆਲੀ ਮਾਈ ਦੀ ਖੁਸ਼ਹਾਲੀ ਬਣ ਗਈ, ਜਦੋਂ ਬਿਮਾਰ ਬੱਚਾ ਪੂਰੀ ਤਰ੍ਹਾਂ ਠੀਕ ਹੋ ਗਿਆ।

ਖੁਸ਼ੀ ਵਿਚ ਖੀਵੀ ਹੋਈ ਉਹ ਮਾਈ ਆਪਣੇ ਘਰ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੇ ਛਕਣ ਲਈ ਪਰਸ਼ਾਦਾ ਤਿਆਰ ਕਰ ਲਿਆਈ। ਪਰਸ਼ਾਦਾ-ਪਾਣੀ ਛਕਣ ਤੋਂ ਬਾਅਦ ਗੁਰੂ ਸਾਹਿਬ ਨੇ ਪ੍ਰਸੰਨ-ਚਿੱਤ ਹੋ ਕੇ ਫ਼ੁਰਮਾਇਆ, "ਮਾਈ! ਆਉਣ ਵਾਲੇ ਸਮੇਂ ਵਿਚ ਜਿਹੜਾ ਵੀ ਪ੍ਰਾਣੀ ਇਸ ਛੱਪੜੀ ਵਿਚ ਸ਼ਰਧਾ-ਭਾਵਨਾ ਨਾਲ ਇਸ਼ਨਾਨ ਕਰੇਗਾ ਉਸ ਦੇ ਸਾਰੇ ਦੁੱਖ ਦੂਰ ਹੋਣਗੇ। ਇੱਥੇ ਧਰਮਸ਼ਾਲਾ ਬਣਾ ਕੇ ਆਉਂਦੇ-ਜਾਂਦੇ ਮੁਸਾਫਿਰਾਂ ਨੂੰ ਪਰਸ਼ਾਦਾ ਛਕਾਉਣਾ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਮੁਤਾਬਿਕ ਨਗਰ ਵੇਰਕਾ ਦੇ ਵਾਸੀਆਂ

** #੧੩੪੮/੧੭/੧ ਗਲੀ ਨੰ:੮, ਰਿਸ਼ੀ ਨਗਰ ਐਕਸਟੈਨਸ਼ਨ, ਲੁਧਿਆਣਾ। ਮੋ. ੯੪੬੩੧੩੨੭੧੯*

ਵੱਲੋਂ ਇਸ ਸਥਾਨ 'ਤੇ ਇੱਕ ਧਰਮਸ਼ਾਲਾ ਦੀ ਉਸਾਰੀ ਕਰਵਾਈ ਗਈ ਅਤੇ ਛੱਪੜੀ ਦੀ ਜਗ੍ਹਾ ਪਵਿੱਤਰ ਸਰੋਵਰ ਬਣਾਇਆ ਗਿਆ। ਇਸ ਉਪਰਾਲੇ ਦਾ ਵਿਕਸਿਤ ਰੂਪ ਹੀ ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਹੈ ਜਿਹੜਾ ਸ੍ਰੀ ਅੰਮ੍ਰਿਤਸਰ-ਬਟਾਲਾ ਰੋਡ 'ਤੇ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾ ਰਹੀ ਹੈ।

ਇਸ ਸਥਾਨ 'ਤੇ ਹਰ ਸਾਲ ੨੫ ਅਤੇ ੨੬ ਮਾਰਚ ਨੂੰ (ਜੋੜ-ਮੇਲਾ) ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ।

■

---

ਕਵਿਤਾ:

# ਮਨ ਮੇਰੇ...

*-ਸ. ਅਭੈਜੀਤ ਸਿੰਘ**

*ਮਨ ਮੇਰੇ! ਤੂੰ ਸਰੂਪ ਉਸ ਜੋਤ ਦਾ,*
*ਜਿਹੜੀ ਵਸਦੀ ਹਰ ਇੱਕ ਥਾਂ।*
*ਓਸ ਰੱਬ ਜੋਤ ਭੇਜਿਆ ਹੈ ਤੈਨੂੰ,*
*ਇਸ ਜੱਗ ਇਸ ਧਰਤੀ ਏਸ ਥਾਂ।*
*ਏਥੇ ਭੇਜਣ ਦਾ ਇੱਕ ਮਕਸਦ ਦਿੱਤਾ,*
*ਕਰ ਹਾਸਲ ਜਾਣਾ ਤੂੰ ਓਸ ਥਾਂ।*
*ਜਿੱਥੇ ਸਭ ਕੋਈ ਮਿਲ ਓਸ ਵਿਚ ਹੈ ਜਾਂਦਾ,*
*ਕੋਈ ਰਹਿੰਦਾ ਨਾਂ ਬਿਨ ਥਾਂ।*
*ਏਸ ਲਈ ਕਦੀ ਨਾ ਗਾਫ਼ਲ ਹੋਵੀਂ,*
*ਰੱਖੀਂ ਯਾਦ ਹਮੇਸ਼ਾ ਉਹ ਥਾਂ।*
*ਦਿਲ 'ਚ ਵਸਾ ਲੈ ਏਹ ਤੁਕ ਅਪਨੇ,*
*"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"*
*ਬਾਸ਼ਰਤ ਪਹੁੰਚੇਗਾ ਤਾਂ ਤੂੰ ਉਸ ਥਾਂ।*

■

** ਪਿੰਡ ਤੇ ਡਾਕ. ਮਸਤਗੜ੍ਹ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ-੧੪੩੪੧੯; ਮੋ. ੯੭੮੧੧੯੫੭੭੦*

੨੨ ਮਾਰਚ ਵਿਸ਼ਵ ਜਲ ਦਿਵਸ 'ਤੇ ਵਿਸ਼ੇਸ਼

# ਪਹਿਲਾ ਪਾਣੀ ਜੀਉ ਹੈ

*-ਸ. ਇਕਵਾਕ ਸਿੰਘ ਪੱਟੀ**

ਕੋਈ ਹੀ ਐਸਾ ਮਨੁੱਖ ਹੋਵੇਗਾ ਜਿਸ ਨੂੰ ਪਾਣੀ ਦੀ ਅਹਿਮੀਅਤ ਦਾ ਅੰਦਾਜ਼ਾ ਨਾ ਹੋਵੇ, ਪਰ ਬਹੁਤੇ ਮਨੁੱਖ ਐਸੇ ਜ਼ਰੂਰ ਹਨ, ਜੋ ਇਹ ਸਭ ਜਾਣਦੇ ਹੋਏ ਵੀ ਪਾਣੀ ਦੀ ਬੇਕਦਰੀ ਰੱਜ ਕੇ ਕਰਦੇ ਹਨ ਅਤੇ ਫਿਰ ਤਕੀਆ ਕਲਾਮ ਕਿ, "ਕੋਈ ਨਾ ਸਾਰੀ ਦੁਨੀਆ ਦੇ ਨਾਲ ਹੀ ਹਾਂ ਆਪਾਂ ਵੀ" ਕਹਿ ਕੇ ਆਪਣੀਆਂ ਗ਼ਲਤੀਆਂ ਉੱਤੇ ਪਰਦਾ ਪਾਉਣ ਦਾ ਜਤਨ ਕਰਦੇ ਹਨ। ਪਰ ਖਿਆਲ ਕਰਿਉ! ਅਸੀਂ ਪਾਣੀ ਦੀ ਬੇਕਦਰੀ ਨਹੀਂ ਕਰ ਰਹੇ ਬਲਕਿ ਭਵਿੱਖ ਦੀ ਮਨੁੱਖਾ ਜ਼ਿੰਦਗੀ ਨੂੰ ਕੁੱਖ ਵਿਚ ਹੀ ਬਰਬਾਦ ਕਰ ਰਹੇ ਹਾਂ।

ਨਾ ਭੁੱਲਣਯੋਗ ਬਾਤ ਇਹ ਹੈ ਕਿ ਸਮੁੱਚੀ ਹੀ ਸ੍ਰਿਸ਼ਟੀ ਦੀ ਚੱਲ ਰਹੀ ਰੌਂ ਦਾ ਸੰਚਾਲਕ ਸਿਰਫ ਤੇ ਸਿਰਫ ਪਾਣੀ/ਜਲ ਹੈ। ਇਹੀ ਕਾਰਨ ਹੈ ਵੱਖ-ਵੱਖ ਧਰਮ ਗ੍ਰੰਥਾਂ ਸਮੇਤ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਪਾਣੀ ਦੀ ਅਹਿਮੀਅਤ ਨੂੰ ਧਾਰਮਿਕ ਤੌਰ ਉੱਤੇ ਦ੍ਰਿੜ੍ਹ ਕਰਵਾਉਂਦਿਆਂ ਹੋਇਆਂ ਸਮਾਜਿਕ ਅਤੇ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਅਹਿਮ ਜਾਣਕਾਰੀ ਦਿੰਦਿਆਂ ਹੋਇਆਂ ਗੁਰਬਾਣੀ ਅੰਦਰ ਥਾਂ-ਪੁਰ-ਥਾਂ ਸਮਝਾਇਆ ਕਿ ਸ੍ਰਿਸ਼ਟੀ ਦੀ ਉਤਪਤੀ ਹੀ ਪਾਣੀ ਤੋਂ ਹੋਈ ਹੈ- *ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥* ਇਸੇ ਤਰ੍ਹਾਂ ਇੱਕ ਥਾਂ ਹੋਰ ਪਾਣੀ ਦੀ ਲੋੜ/ਮਹੱਤਤਾ ਨੂੰ ਸਮਝਾਉਂਦਿਆਂ ਹੋਇਆ ਬਚਨ ਕੀਤੇ ਕਿ- *ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥* ਭਾਵ ਪਾਣੀ ਤੋਂ ਹੀ ਜੀਵਨ ਪੈਦਾ ਹੋਇਆ ਹੈ ਅਤੇ ਪਾਣੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੋ ਸਕਦਾ; ਕਿਉਂਕਿ ਜੀਵਨ ਦਾ ਪਹਿਲਾ ਸੱਚ ਹੀ ਪਾਣੀ ਹੈ।

ਇਸੇ ਕਰਕੇ ਸਾਲ ੧੯੯੨ ਵਿਚ ਸੰਯੁਕਤ ਰਾਸ਼ਟਰ ਵੱਲੋਂ ਵਾਤਾਵਰਣ ਅਤੇ ਵਿਕਾਸ ਸੰਬੰਧੀ ਹੋਈ ਕਾਨਫਰੰਸ ਵਿਚ ਸ਼ੁੱਧ ਅਤੇ ਸਾਫ਼ ਪਾਣੀ ਲਈ 'ਅੰਤਰਰਾਸ਼ਟਰੀ ਪਾਣੀ ਦਿਵਸ' ਮਨਾਉਣ ਦੀ ਸਿਫਾਰਸ਼ ਕੀਤੀ ਗਈ, ਜਿਸ ਸੰਬੰਧੀ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ੨੨ ਮਾਰਚ ਦਾ ਦਿਨ 'ਅੰਤਰਰਾਸ਼ਟਰੀ ਜਲ ਦਿਵਸ' ਵਜੋਂ ਮਨਾਉਣ ਦਾ ਫੈਸਲਾ ਲਿਆ। ਸਾਨੂੰ ਅਜੋਕੇ ਸਮੇਂ ਵਿਚ ਰੋਜ਼ਾਨਾ ਜਲ ਦਿਵਸ ਦੇ ਰੂਪ ਵਿਚ ਮਨਾਉਣਾ ਚਾਹੀਦਾ ਹੈ ਤਾਂ ਕਿ ਹਰ ਰੋਜ਼ ਹੋ ਰਹੀ ਪਾਣੀ ਦੀ ਦੁਰਵਰਤੋਂ ਰੋਕੀ ਜਾ ਸਕੇ ਅਤੇ ਪਾਣੀ ਨੂੰ ਬਚਾਉਣ ਦੇ ਜਤਨ ਕੀਤੇ ਜਾਣ। ਪਾਣੀ ਦੀ ਬੂੰਦ-ਬੂੰਦ ਬੇਸ਼ਕੀਮਤੀ ਹੈ।

** C/O ਰਤਨ ਇੰਸਟੀਚਿਊਟ, ਨੇੜੇ ਚੁੰਗੀ ਮੰਦਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ। ਮੋ. ੯੪੭੮੭੬੨੬੨੦*

ਅੱਜ ਦੇ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਪਾਣੀ ਨੂੰ ਬਚਾਉਣ ਸੰਬੰਧੀ ਅਤੇ ਪੀਣਯੋਗ ਪਾਣੀ ਦੀ ਘੱਟ ਰਹੀ ਮਾਤਰਾ ਦੇ ਸੰਬੰਧ ਵਿਚ ਵਿਸ਼ਵ ਭਰ ਵਿਚ ਖੋਜੀ/ਸਾਇੰਸਦਾਨ ਭਾਰੀ ਚਿੰਤਾ ਵਿਚ ਹਨ, ਕਿਉਂਜੁ ਜਾਂ ਤਾਂ ਪਾਣੀ ਜ਼ਹਿਰੀਲਾ ਹੋਈ ਜਾ ਰਿਹਾ ਹੈ ਜਾਂ ਧਰਤੀ ਦੇ ਬਹੁਤ ਹੇਠਾਂ ਜਾਈ ਜਾ ਰਿਹਾ ਹੈ ਅਤੇ ਬਾਵਜੂਦ ਇਸ ਦੇ ਮਨੁੱਖਤਾ ਪਾਣੀ ਨੂੰ ਵਰਤਣ ਵਿਚ ਸੰਜਮਤਾ ਤਾਂ ਬਿਲਕੁਲ ਨਹੀਂ ਕਰ ਰਹੀ, ਪਰ ਪਾਣੀ ਦੇ ਬੇਕਦਰੀ/ਬਰਬਾਦੀ ਕਰਨ ਵਿਚ ਨੰਬਰ ਇੱਕ 'ਤੇ ਜਾ ਰਹੀ ਹੈ, ਜਿਸਦੀਆਂ ਕਈ ਮਿਸਾਲਾਂ ਮਿਲ ਸਕਦੀਆਂ ਹਨ। ਹਾਲ ਵਿਚ ਹੀ ਇੱਕ ਰਿਪੋਰਟ ਅਨੁਸਾਰ ਅਸੀਂ ੫੦ ਤੋਂ ੫੦੦ ਲੀਟਰ ਤਕ ਦੇ ਪਾਣੀ ਦੀ ਬੇਕਦਰੀ ਅਸੀਂ ਕੇਵਲ ਆਪਣੇ ਵਾਹਨ ਮੋਟਰਸਾਈਕਲ, ਕਾਰ ਜਾਂ ਟਰੱਕ/ਬੱਸ ਆਦਿ ਨੂੰ ਧੋਣ ਵੇਲੇ ਹੀ ਕਰ ਦਿੰਦੇ ਹਾਂ ਅਤੇ ਕੁਝ ਲੋਕ ਤਾਂ ਅਜਿਹੇ ਹਨ ਜਿਹੜੇ ਹਫਤੇ ਵਿਚ ਹੀ ਦੋ-ਦੋ ਵਾਰ ਆਪਣੀਆਂ ਕਾਰਾਂ/ਗੱਡੀਆਂ ਨੂੰ ਧੋ ਕੇ ਬੇਸ਼ਕੀਮਤੀ ਪਾਣੀ ਦੀ ਬੇਹਿਸਾਬੀ ਬਰਬਾਦੀ ਕਰਦੇ ਹਨ। ਇਹ ਵੀ ਇੱਕ ਵੱਡਾ ਕਾਰਨ ਹੈ ਕਿ ਪੀਣ ਯੋਗ ਪਾਣੀ ਨੂੰ ਬਰਬਾਦ ਕਰ ਕੇ, ਨਾ ਪੀਣ ਯੋਗ ਪਾਣੀ ਨਾਲ ਹੋ ਰਹੀਆਂ ਬਿਮਾਰੀਆਂ ਨਾਲ ਆਏ ਸਾਲ ਅਨੇਕਾਂ ਮੌਤਾਂ ਹੋ ਰਹੀਆਂ ਹਨ। ਸ੍ਰੀ ਗੁਰਪ੍ਰੀਤ ਰੱਤੂ ਜੀ ਨੇ ਬੜਾ ਖੂਬ ਲਿਖਿਆ ਹੈ ਕਿ,

*'ਗੁਰੂਆਂ ਨੇ ਦਰਜਾ ਦਿੱਤਾ ਪਾਣੀ ਨੂੰ ਪਿਤਾ ਦਾ, ਅਸਾਂ ਕਦਰ ਨਾ ਜਾਣੀ ਬਈ।*
*ਹੱਥੀਂ ਆਪਣੀ ਜ਼ਹਰ ਬਣਾ ਲਿਆ, ਅੰਮ੍ਰਿਤ ਰਸ ਸੀ ਪਾਣੀ ਬਈ।*

ਇਹੋ ਜਿਹੇ ਹਾਲਤਾਂ ਨੂੰ ਵੇਖਦਿਆਂ ਹੋਇਆਂ ਹੀ ਇਸ ਗੱਲ ਦੇ ਕਿਆਸੇ ਲਗਾਏ ਜਾ ਰਹੇ ਹਨ ਕਿ ਅਗਲੀ ਸੰਸਾਰ ਜੰਗ ਜਦੋਂ ਵੀ ਹੋਈ ਤਾਂ ਪਾਣੀ ਨਾਲ ਸੰਬੰਧਿਤ ਹੋਵੇਗੀ। ਤਾਂ ਹੀ ਕਿਹਾ ਜਾਂਦਾ ਹੈ ਕਿ ਪਾਣੀ ਬਣਾਇਆ ਨਹੀਂ ਜਾ ਸਕਦਾ, ਬਚਾਇਆ ਜ਼ਰੂਰ ਜਾ ਸਕਦਾ ਹੈ, ਪਰ ਇਹ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਹਰੇਕ ਪ੍ਰਾਣੀ-ਮਾਤਰ ਆਪਣੀ ਜ਼ਿੰਮੇਵਾਰੀ ਨੂੰ ਸਮਝੇਗਾ ਅਤੇ ਪਾਣੀ ਦੀ ਵਰਤੋਂ ਬਹੁਤ ਹੀ ਸੰਜਮਤਾ ਨਾਲ ਕਰੇਗਾ।

ਯੂ. ਐੱਨ. ਓ. ਵੱਲੋਂ ਕਰਵਾਏ ਇੱਕ ਸਰਵੇ ਮੁਤਾਬਿਕ ੧੨੦ ਕਰੋੜ ਤੋਂ ਵੱਧ ਲੋਕਾਂ ਨੂੰ ਪੀਣਯੋਗ ਪਾਣੀ ਨਹੀਂ ਮਿਲ ਰਿਹਾ ਅਤੇ ੫੦ ਲੱਖ ਦੇ ਕਰੀਬ ਮੌਤਾਂ ਜ਼ਹਿਰੀਲੇ ਪਾਣੀ ਕਰਕੇ ਹੋ ਰਹੀਆਂ ਹਨ। ਪਾਣੀ ਦੀ ਸਹੀ ਮਾਤਰਾ ਦਾ ਅੰਦਾਜ਼ਾ ਪਾਣੀ ਦੀ ਸ਼ੁੱਧਤਾ/ਨਿਰਮਲਤਾ ਤੋਂ ਪਤਾ ਲੱਗਦਾ ਹੈ। ਇਸ ਲਈ ਜ਼ਰੂਰੀ ਹੈ ਕਿ ਧਾਰਮਿਕ ਸਥਾਨਾਂ ਦੀ ਸਾਫ-ਸਫਾਈ ਲਈ ਵੀ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਕਰਕੇ, ਹੋਰ ਸਾਰਥਕ ਢੰਗ-ਤਰੀਕੇ ਵਰਤੇ ਜਾਣ। ਗੁਰੂ ਬਾਬੇ ਦੀ ਬਾਣੀ ਕਹਿੰਦੀ ਹੈ- *ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥* ਭਾਵ ਪਾਣੀ ਤੋਂ ਸਾਰਾ ਸੰਸਾਰ ਬਣਿਆ ਹੈ ਤੇ ਪਾਣੀ ਹੀ ਸਾਰੇ ਜਗਤ ਨੂੰ ਨਾਸ਼ ਕਰਦਾ ਹੈ। ਸੋ ਆਓ! ਪਾਣੀ ਬਾਰੇ ਆਪਣੇ ਬੱਚਿਆਂ, ਵੱਡਿਆਂ, ਬਜ਼ੁਰਗਾਂ ਨੂੰ ਸੁਚੇਤ ਕਰਕੇ ਭਵਿੱਖ ਦੀ ਮਨੁੱਖੀ ਨਸਲ ਨੂੰ ਬਚਾਉਣ ਲਈ ਉੱਦਮ ਕਰੀਏ। ■

# ਪ੍ਰਿੰਸੀਪਲ ਸਤਿਬੀਰ ਸਿੰਘ

*-ਸ੍ਰੀ ਦਲਜੀਤ ਰਾਏ ਕਾਲੀਆ**

ਪ੍ਰਿੰਸੀਪਲ ਸਤਿਬੀਰ ਸਿੰਘ ਪ੍ਰਸਿੱਧ ਸਿੱਖ ਵਿਦਵਾਨ, ਇਤਿਹਾਸਕਾਰ, ਪ੍ਰਚਾਰਕ ਅਤੇ ਸਿੱਖਿਆ ਸ਼ਾਸਤਰੀ ਹੋਏ ਹਨ। ਉਨ੍ਹਾਂ ਦਾ ਜਨਮ ੧ ਮਾਰਚ, ੧੯੩੨ ਈ. ਨੂੰ ਭਾਈ ਹਰਨਾਮ ਸਿੰਘ ਅਤੇ ਬੀਬੀ ਰਣਜੀਤ ਕੌਰ ਦੇ ਗ੍ਰਹਿ ਵਿਖੇ ਜਿਹਲਮ (ਪਾਕਿਸਤਾਨ) ਵਿਖੇ ਗੁਰਸਿੱਖ ਪਰਵਾਰ ਵਿਚ ਹੋਇਆ। ਉਨ੍ਹਾਂ ਨੂੰ ਪਰਿਵਾਰਕ ਸੰਸਕਾਰਾਂ ਸਦਕਾ ਸਿੱਖੀ ਅਤੇ ਪੰਥਕ ਜਜ਼ਬਾ ਵਿਰਸੇ ਵਿੱਚੋਂ ਹੀ ਮਿਲਿਆ। ਉਨ੍ਹਾਂ ਮੁੱਢਲੀ ਵਿੱਦਿਆ ਜੇਹਲਮ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਉਹ ਖਾਲਸਾ ਹਾਈ ਸਕੂਲ ਵਿਚ ਦਾਖ਼ਲ ਹੋ ਗਏ। ਦੇਸ਼ ਵੰਡ ਸਮੇਂ ਉਨ੍ਹਾਂ ਦਾ ਪਰਵਾਰ ਜੇਹਲਮ ਤੋਂ ਮੋਗਾ ਵਿਖੇ ਆ ਟਿਕਿਆ। ਉਹ ਮੋਗੇ ਦੇ ਡੀ. ਐਮ. ਕਾਲਜ ਵਿਚ ਉਚੇਰੀ ਪੜ੍ਹਾਈ ਲਈ ਦਾਖ਼ਲ ਹੋ ਗਏ। ਪਰ ਉਨ੍ਹਾਂ ਜਲਦੀ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਦਾਖ਼ਲਾ ਲੈ ਲਿਆ। ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਦਾ ਉਨ੍ਹਾਂ ਦੇ ਜੀਵਨ ’ਤੇ ਬਹੁਤ ਪ੍ਰਭਾਵ ਪਿਆ। ਇੱਥੇ ਉਹ ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਗੰਡਾ ਸਿੰਘ ਅਤੇ ਹੋਰਨਾਂ ਸਿੱਖ ਵਿਦਵਾਨਾਂ ਦੇ ਸੰਪਰਕ ਵਿਚ ਆਏ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਇਤਿਹਾਸ ਦੀ ਐਮ. ਏ. ਕੀਤੀ। ਇਸ ਤੋਂ ਪਿੱਛੋਂ ਸੰਨ ੧੯੫੩ ਵਿਚ ਉਹ ਜਲੰਧਰ ਦੇ ਲਾਇਲਪੁਰ ਖ਼ਾਲਸਾ ਕਾਲਜ ਵਿਚ ਇਤਿਹਾਸ ਦੇ ਲੈਕਚਰਾਰ ਨਿਯੁਕਤ ਹੋਏ।

ਵਿੱਦਿਆ ਪ੍ਰਾਪਤੀ ਦੇ ਸਮੇਂ ਦੌਰਾਨ ਹੀ ਉਹ ਸਰਦਾਰ ਸਰੂਪ ਸਿੰਘ ਕੱਲ੍ਹਾ ਦੀ ਪ੍ਰੇਰਨਾ ਸਦਕਾ ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਜੁੜ ਗਏ। ਉਨ੍ਹਾਂ ਫੈਡਰੇਸ਼ਨ ਵਿਚ ਉਤਸ਼ਾਹ ਨਾਲ ਕਾਰਜ ਕੀਤੇ। ਉਹ ੧੯੫੩ ਈ. ਵਿਚ ਫੈਡਰੇਸ਼ਨ ਦੇ ਪ੍ਰਧਾਨ ਵੀ ਬਣੇ। ੧੯੫੫ ਈ. ਵਿਚ ਉਨ੍ਹਾਂ ਨੇ ਪੰਜਾਬੀ ਸੂਬਾ ਮੋਰਚੇ ਵਿਚ ਸਰਗਰਮੀ ਨਾਲ ਹਿੱਸਾ ਲਿਆ। ਮੋਰਚੇ ਦੌਰਾਨ ਉਨ੍ਹਾਂ ਨੂੰ ੪ ਜੁਲਾਈ, ੧੯੫੫ ਈ. ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੇ ਫ਼ਿਰੋਜ਼ਪੁਰ ਦੀ ਸੈਂਟਰਲ ਜੇਲ੍ਹ ਵਿਚ ਤਿੰਨ ਮਹੀਨੇ ਲਈ ਕੈਦ ਦੀ ਸਜ਼ਾ ਭੁਗਤੀ। ਸੰਨ ੧੯੬੦ ਵਿਚ ਉਨ੍ਹਾਂ ਸੰਤ ਫਤਿਹ ਸਿੰਘ ਨਾਲ ਮਿਲ ਕੇ ਪੰਜਾਬੀ ਸੂਬੇ ਲਈ ਸਫਲਤਾ-ਪੂਰਵਕ ਮੋਰਚਾ ਲਾਇਆ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰ ਇਤਿਹਾਸ, ਗੁਰਬਾਣੀ ਦੀ ਵਿਆਖਿਆ, ਗੁਰੂ ਸਾਹਿਬਾਨ ਦੀਆਂ ਜੀਵਨੀਆਂ ਅਤੇ ਮਹਾਨ ਸਿੱਖਾਂ ਦੀਆਂ ਜੀਵਨੀਆਂ ਨੂੰ ਕਲਮਬੱਧ ਕੀਤਾ। ਉਨ੍ਹਾਂ ਨੇ ‘ਸਾਡਾ ਇਤਿਹਾਸ’ ਅਧੀਨ ਸਿੱਖ ਇਤਿਹਾਸ ਬਾਰੇ

** #੧੫/੨੬੬, ਪੁਰਾਣੀ ਤਲਵੰਡੀ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-੧੪੨੦੪੭; ਮੋ. ੯੭੮੯੧੨-੦੦੧੬੮*

ਪਹਿਲਾ ਭਾਗ ੧੯੫੭ ਵਿਚ ਅਤੇ ਦੂਜਾ ਭਾਗ ੧੯੬੨ ਵਿਚ ਪ੍ਰਕਾਸ਼ਿਤ ਕੀਤਾ। ਪ੍ਰਿੰਸੀਪਲ ਸਾਹਿਬ ਨੇ ਦਸ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਣ ਦੀ ਲੜੀ ਤੋਰੀ। ਜਿਨ੍ਹਾਂ ਦੇ ਨਾਂਅ ਇਸ ਪ੍ਰਕਾਰ ਹਨ: 'ਬਲਿਓ ਚਿਰਾਗ', 'ਕੁਦਰਤੀ ਨੂਰ', 'ਪਰਬਤੁ ਮੇਰਾਣੁ', 'ਪੂਰੀ ਹੋਈ ਕਰਾਮਾਤ', 'ਪ੍ਰਤਖਿ ਹਰਿ', 'ਗੁਰ ਭਾਰੀ', 'ਨਿਰਭਉ-ਨਿਰਵੈਰ', 'ਅਸ਼ਟਮ ਬਲਬੀਰਾ', 'ਇਤਿ ਜਿਨਿ ਕਰੀ' ਅਤੇ 'ਪੁਰਖ ਭਗਵੰਤ'। ਗੁਰਬਾਣੀ ਦੇ ਵਿਆਖਿਆਕਾਰ ਵਜੋਂ ਉਨ੍ਹਾਂ ਨੇ ਚਾਰ ਸੈਂਚੀਆਂ ਵਿਚ 'ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ' ਮੁਕੰਮਲ ਕਰ ਕੇ ਪਾਠਕਾਂ/ਜਗਿਆਸੂਆਂ ਲਈ ਬਹੁਤ ਹੀ ਮਹੱਤਵਪੂਰਨ ਕਾਰਜ ਕੀਤਾ ਹੈ। ਉਨ੍ਹਾਂ ਦੀਆਂ ਹੋਰ ਰਚਨਾਵਾਂ ਵਿਚ 'ਕਥਾ ਪੁਰਾਤਨ ਇਉਂ ਸੁਣੀ', 'ਅਠਾਰ੍ਹਵੀਂ ਸਦੀ ਵਿਚ ਬੀਰ ਪਰੰਪਰਾ', 'ਗੁਰ ਬਾਲ ਕਥਾ', 'ਨਿੱਕੀਆਂ ਜਿੰਦਾਂ ਵੱਡਾ ਸਾਕਾ', 'ਚਮਕੌਰ ਦੀ ਗੜ੍ਹੀ', 'ਸ਼ਹੀਦੀ ਪਰੰਪਰਾ', 'ਗੁਰੂ ਤੇਗ ਬਹਾਦਰ ਸਿਮਰਤੀ ਗ੍ਰੰਥ', 'ਗੁਰੂ ਅਮਰਦਾਸ ਸਿਮਰਤੀ ਗ੍ਰੰਥ' ਅਤੇ 'ਜੱਸਾ ਸਿੰਘ ਆਹਲੂਵਾਲੀਆ ਸਿਮਰਤੀ ਗ੍ਰੰਥ' ਸ਼ਾਮਿਲ ਹਨ।

ਉਨ੍ਹਾਂ ਅੰਗਰੇਜ਼ੀ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਜੀਵਨੀਆਂ ਲਿਖੀਆਂ। ਉਨ੍ਹਾਂ ਨੂੰ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿਹਤ ਸਮੀਖਿਆ ਬੋਰਡ, ਜਲੰਧਰ ਸ਼ਾਮਿਲ ਹਨ। ਭਾਸ਼ਾ ਵਿਭਾਗ, ਪੰਜਾਬ ਵੱਲੋਂ ੧੯੯੧ ਈ. ਵਿਚ ਉਨ੍ਹਾਂ ਨੂੰ 'ਸ਼੍ਰੋਮਣੀ ਪੰਜਾਬੀ ਲੇਖਕ' ਵਜੋਂ ਸਨਮਾਨਿਤ ਕੀਤਾ ਗਿਆ।

ਉਹ ਗੁਰਮਤਿ ਕਾਲਜ, ਪਟਿਆਲਾ ਦੇ ਸੰਸਥਾਪਕ ਪ੍ਰਿੰਸੀਪਲ ਵੀ ਰਹੇ। ਉਹ ਗੁਰੂ ਨਾਨਕ ਇੰਸਟੀਚਿਊਟ, ਪਟਿਆਲਾ ਦੇ ਡਾਇਰੈਕਟਰ ਵੀ ਰਹੇ। ਉਨ੍ਹਾਂ ਖਾਲਸਾ ਕਾਲਜ, ਕਰਨਾਲ ਅਤੇ ਖਾਲਸਾ ਕਾਲਜ, ਯਮੁਨਾ ਨਗਰ (ਹਰਿਆਣਾ) ਵਿਖੇ ਪ੍ਰਿੰਸੀਪਲ ਵਜੋਂ ਸੇਵਾਵਾਂ ਵੀ ਨਿਭਾਈਆਂ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਯਤਨਾਂ ਸਦਕਾ ਸਿੱਖੀ ਵਿਰਸੇ ਨੂੰ ਸਾਂਭਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਦੀ ਸਥਾਪਨਾ ਕੀਤੀ ਗਈ। ਅੰਤ ੧੮ ਅਗਸਤ, ੧੯੯੪ ਈ. ਨੂੰ ਦਿਲ ਦੀ ਧੜਕਣ ਬੰਦ ਹੋ ਜਾਣ ਨਾਲ ਉਹ ਪਟਿਆਲਾ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੂੰ ਮਹਾਨ ਪੰਥਕ ਵਿਦਵਾਨ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ।

■

# ਗੁਰਮਤਿ ਦੇ ਨਿਰਮਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

*ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥*
*ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੫)*

ਪਿਆਰਿਓ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਪਾਵਨ ਬਾਣੀ ਦੇ ਪਾਵਨ ਉਪਦੇਸ਼ ਵਿਚ ਫੁਰਮਾਉਂਦੇ ਹਨ ਕਿ, ਸਾਰੀ ਕਾਇਨਾਤ ਵਿਚ ਸਭ ਤੋਂ ਮਹਿੰਗੀ ਅਤੇ ਉੱਤਮ ਚੀਜ਼ ਹੈ ਕਿ ਤੁਹਾਨੂੰ ਗੁਰੂ ਜਾਂ ਕਿਸੇ ਮਹਾਨ ਬੰਦਗੀ ਵਾਲੇ ਭਗਤ ਮਹਾਂਪੁਰਖ ਵੱਲੋਂ ਕੋਈ ਬਚਨ ਮਿਲ ਜਾਣ, ਉਹ ਪਿਆਰੇ ਬਚਨ ਲਾਲ, ਹੀਰਿਆਂ ਅਤੇ ਜਵਾਹਰਾਂ ਆਦਿ ਤੋਂ ਵੀ ਕਈ ਗੁਣਾ ਮਹਿੰਗੇ ਹੁੰਦੇ ਹਨ। *ਪ੍ਰਭ ਜੀ ਬਸਹਿ ਸਾਧ ਕੀ ਰਸਨਾ॥* ਅਨੁਸਾਰ ਪਰਮਾਤਮਾਂ ਦੀ ਬੰਦਗੀ, ਨਾਮ ਸਿਮਰਨ ਕਰਨ ਵਾਲੇ ਗੁਮੁੱਖਾਂ, ਗੁਰਸਿੱਖਾਂ ਦੇ ਬਚਨ ਵੀ ਬਹੁਤ ਕੀਮਤੀ ਹੁੰਦੇ ਹਨ ਜਿਨ੍ਹਾਂ ਉੱਪਰ ਸਾਨੂੰ ਅਮਲ ਕਰਨਾ ਚਾਹੀਦਾ ਹੈ।

ਇੱਥੇ ਮੈਂ ਆਪਣੇ ਜੀਵਨ ਦੀ ਬਹੁਤ ਹੀ ਇੱਕ ਪਿਆਰੀ ਗਾਥਾ, ਇੱਕ ਮਹਾਨ ਸੰਤ ਮਹਾਂਪੁਰਸ਼ਾਂ ਦੇ ਕੀਤੇ ਬਚਨਾਂ ਦੀ ਕਰ ਰਿਹਾ ਹਾਂ, ਪਿਆਰਿਓ, ਦਾਸ ਨੇ ਸੰਨ ੧੯੭੬ ਈ. ਵਿਚ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਸੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਅੱਜ ਤਕ ਤਕਰੀਬਨ ੫੦ ਸਾਲਾਂ ਵਿਚ ਮੈਨੂੰ ੪-੫ ਬਹੁਤ ਹੀ ਬੰਦਗੀ ਵਾਲੇ ਸੰਤਾਂ ਮਹਾਂਪੁਰਸ਼ਾਂ ਦੀ ਵੱਡੀ ਪਿਆਰੀ ਸੰਗਤ ਹੋਈ। ਸੋ ਇੱਥੇ ਮੈਂ ਇੱਕ ਮਹਾਨ ਯੋਧੇ ਅਤੇ ਸੰਤ ਦੀ ਆਪਣੇ ਜੀਵਨ ਵਿਚ ਹੋਈ ਗਾਥਾ ਲਿਖ ਰਿਹਾ ਹਾਂ।

ਸੰਗਤ ਜੀ, ਮਈ ੧੯੮੪ ਈ. ਦੇ ਮਹੀਨੇ ਇੱਕ ਦਿਨ ਮੈਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮਿਲਣ ਗਿਆ, ਮੈਂ ਤਕਰੀਬਨ ਹਰ ਦੂਜੇ-ਤੀਜੇ ਦਿਨ ਮਹਾਂਪੁਰਸ਼ਾਂ ਨੂੰ ਮਿਲਦਾ ਹੀ ਰਹਿੰਦਾ ਸੀ, ਮੇਰਾ ਉਨ੍ਹਾਂ ਨਾਲ ਦਿਲ੍ਹੀ ਪਿਆਰ ਸੀ ਅਤੇ ਉਹ ਵੀ ਮੈਨੂੰ ਬਹੁਤ ਪਿਆਰ ਕਰਦੇ ਸਨ। ਉਸ ਦਿਨ ਮੇਰਾ ਸੰਤਾਂ ਨੂੰ ਮਿਲਣ ਦਾ ਬਹੁਤ ਜੀਅ ਕਰ ਰਿਹਾ ਸੀ ਤਾਂ ਮੈਂ ਆਪਣੇ ਨਜ਼ਦੀਕੀ ਰਿਸ਼ਤੇਦਾਰ (ਮਾਸੜ ਜੀ) ਜੋ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਗੜਵਈ ਸਨ ਅਤੇ ਭਾਈ ਅਮਰੀਕ ਸਿੰਘ ਜੀ ਦੇ ਤਾਏ ਦੇ ਸਪੁੱਤਰ ਸਨ, ਨੂੰ ਜਾ ਕੇ ਬੇਨਤੀ ਕੀਤੀ ਕਿ ਮਾਸੜ ਜੀ, ਮੈਨੂੰ ਮਹਾਂਪੁਰਸ਼ਾਂ ਨੂੰ ਮਿਲਾ ਦਿਉ। ਉਸ ਵਕਤ ਰਾਤ ਦੇ ਤਕਰੀਬਨ ੧੦:੩੦ ਵਜੇ ਹੋਏ ਸਨ ਤਾਂ ਉਹ

** #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਮੈਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਿਲ 'ਤੇ ਲੈ ਗਏ। ਮਹਾਂਪੁਰਸ਼ ਮੈਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਮੇਰੇ ਨਾਲ ਕੋਈ ੧੦-੧੨ ਮਿੰਟ ਸ਼ੁਭ ਬਚਨ ਕੀਤੇ ਤਾਂ ਮਹਾਂਪੁਰਸ਼ਾਂ ਨੇ ਮੈਨੂੰ ਕਿਹਾ ਕਿ ਕਿਸੇ ਚੀਜ਼ ਦੀ ਲੋੜ ਹੈ? ਤਾਂ ਮੈਂ ਮੁਸਕਰਾਉਂਦਾ ਹੋਇਆ ਚੁੱਪ ਹੀ ਰਿਹਾ, ਪਿਆਰਿਓ, ਰੱਬੀ ਮਹਾਂਪੁਰਸ਼ ਅੰਦਰੋਂ ਜਾਣੀ-ਜਾਣ ਹੁੰਦੇ ਹਨ, ਉਨ੍ਹਾਂ ਚੌਕੜਾ ਮਾਰ ਕੇ ਬੈਠਿਆਂ ਹੋਇਆਂ ਹੀ ਮੈਨੂੰ ਆਪਣੇ ਕੋਲ ਸੱਦ ਕੇ ਮੈਨੂੰ ਆਪਣੀ ਘੁੱਟ ਕੇ ਜੱਫੀ ਵਿਚ ਲੈ ਲਿਆ ਅਤੇ ਮੇਰੀ ਪਿੱਠ 'ਤੇ ਆਪਣੇ ਪਵਿੱਤਰ ਹੱਥ ਨਾਲ ਘੱਟੋ-ਘੱਟ ੧੨-੧੩ ਥਾਪੜੇ ਦੇ ਦਿੱਤੇ ਅਤੇ ਨਾਲ ਹੀ ਸੰਤਾਂ ਨੇ ਕੁਝ ਅਣਮੁੱਲੇ ਬਚਨ ਕੀਤੇ, ਉਹ ਪਿਆਰੇ ਸੰਤਾਂ ਦੇ ਅਣਮੁਲੇ ਬਚਨ ਹੀ ਮੇਰੇ ਲਈ ਹੀਰੇ, ਰਤਨ, ਜਵਾਹਰਾਂ ਤੋਂ ਲੱਖਾਂ ਗੁਣਾ ਮਹਿੰਗੇ ਹਨ।

ਮੈਂ ਅੱਜ ਤਕ ਜਦੋਂ ਹਰ ਰੋਜ਼ ਗੁਰਬਾਣੀ ਦਾ ਨਿੱਤਨੇਮ ਕਰਦਾ ਹਾਂ ਤਾਂ ਉਸ ਮਹਾਨ ਤਪੱਸਵੀ ਯੋਧੇ ਸੰਤ ਬਾਬਾ ਜਰਨੈਲ ਸਿੰਘ ਜੀ ਦੇ ਦਿੱਤੇ ਹੋਏ ਅਨਮੋਲ ਬਚਨਾਂ ਦੀ ਕਮਾਈ ਕਰਨ ਦੀ ਵੱਡੀ ਕੋਸ਼ਿਸ਼ ਕਰਦਾ ਹੀ ਰਹਿੰਦਾ ਹਾਂ। ਉਸ ਤੋਂ ਬਾਅਦ ਮੇਰੇ ਜੀਵਨ ਵਿਚ ਐਸਾ ਵਰਤਾਰਾ ਵਰਤਿਆ ਕਿ ਮੈਨੂੰ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੁਠ ਕੇ ਗੁਰਬਾਣੀ ਦੀਆਂ ਲਿਖਤਾਂ, ਸਟੀਕਾਂ, ਗੁਰਮਤਿ ਦੀਆਂ ਕਿਤਾਬਾਂ ਅਤੇ ਗੁਰਮਤਿ ਦੇ ਕੈਲੰਡਰ ਲਿਖਣ ਦੀ ਆਪਣੇ ਦਰੋਂ-ਘਰੋਂ ਬਹੁਤ ਹੀ ਬਖਸ਼ਿਸ਼ ਭਰੀ ਅਮੁੱਲੀ ਸੇਵਾ ਬਖਸ਼ ਦਿੱਤੀ। ਪਿਆਰੀ ਸਾਧ ਸੰਗਤ ਜੀ, ਉਸ ਤੋਂ ਬਾਅਦ ਦਾਸ ਨੇ ਅੱਜ ਤਕ ਬਹੁਤ ਹੀ ਪਿਆਰੀਆਂ ਗੁਰਮਤਿ ਦੀਆਂ ਲਿਖਤਾਂ, ਬਾਣੀ ਦੀਆਂ ਪਾਵਨ ਸਟੀਕਾਂ, ਗੁਰਮਤਿ ਦੀਆਂ ਕਿਤਾਬਾਂ, ਕੈਲੰਡਰ ਲਿਖ-ਲਿਖ ਕੇ ਸਤਿਗੁਰੂ ਜੀ ਅਤੇ ਸਤਿਗੁਰੂ ਜੀ ਦੀਆਂ ਪਿਆਰੀਆਂ ਸਿੱਖ ਸੰਗਤਾਂ ਨੂੰ ਭੇਟਾ ਰਹਿਤ ਭੇਟ ਕਰਕੇ ਵੱਡੀਆਂ ਅਸੀਸਾਂ ਪ੍ਰਾਪਤ ਕੀਤੀਆਂ ਹਨ।

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੫)*

ਸਤਿਗੁਰੂ ਜੀ ਦੀ ਪਾਵਨ ਗੁਰਬਾਣੀ ਉਪਦੇਸ਼ ਕਰ ਰਹੀ ਹੈ ਕਿ ਪਿਆਰਿਓ, ਸਿੱਖ ਜਗਤ ਵਿਚ ਮੇਰੇ ਸਭ ਪਿਆਰੇ ਸਿੱਖ ਪਾਵਨ ਗੁਰਬਾਣੀ ਦੇ ਨਿੱਤਨੇਮ ਅਤੇ ਹੋਰ ਵਾਹਿਗੁਰੂ ਜੀ ਦਾ ਜਾਪ ਬਹੁਤ ਹੀ ਪਿਆਰ ਨਾਲ ਕਰਦੇ ਹਨ, ਪਰ ਕੋਈ ਵਿਰਲਾ ਹੀ ਪਿਆਰਾ ਅਤੇ ਸੂਝਵਾਨ ਸਿੱਖ ਪਾਵਨ ਗੁਰਬਾਣੀ ਦੇ ਉਪਦੇਸ਼ਾਂ ਨੂੰ ਬਹੁਤ ਹੀ ਵੀਚਾਰ-ਵੀਚਾਰ ਕੇ ਪੜ੍ਹਦਾ ਹੈ, ਸੋ ਐਸੇ ਸੋਝੀ ਵਾਲੇ ਸਿੱਖ ਨੂੰ ਸਤਿਗੁਰੂ ਜੀ "ਗੁਰਮੁਖ ਸਿੱਖ" ਦੀ ਉਪਾਧੀ ਦੇ ਕੇ ਨਿਵਾਜਦੇ ਹਨ, ਸੋ ਪਿਆਰਿਓ, ਪਾਵਨ ਗੁਰਬਾਣੀ ਦੇ ਨਿੱਤਨੇਮ ਅਤੇ ਪਾਠ ਬਹੁਤ ਹੀ ਹੌਲੀ-ਹੌਲੀ ਅਤੇ ਬਹੁਤ ਹੀ ਵੀਚਾਰ-ਵੀਚਾਰ ਕੇ ਪੜ੍ਹਿਆ ਕਰੋ ਅਤੇ ਸਦਾ-ਸਦਾ ਲਈ ਗੁਰਬਾਣੀ ਦੇ ਸ਼ਬਦ ਵਿਚ ਆਪਣੀ ਸੁਰਤ ਨੂੰ ਜੋੜ ਕੇ, ਗੁਰੂ ਸ਼ਬਦ ਵਿਚੋਂ ਰੱਬੀ ਨਾਮ ਦਾ ਮਹਾਂਰਸ ਪੀਆ ਕਰੋ ਜੀ।

*ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥*

*ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

(ਤੱਤ ਸਮਝਾਉਣ ਲਈ ਉਥਾਨਕਾ/ਸਾਖੀ ਹੈ ਕਿ) ਇਕ ਦਿਨ ਸਭ ਰੱਬੀ ਭਗਤ ਆਪਣੇ ਪਿਤਾ ਵਾਹਿਗੁਰੂ ਜੀ ਦੇ ਦਰਬਾਰ ਵਿਚ ਚਲੇ ਗਏ ਤਾਂ ਸਭ ਪਿਆਰੇ ਭਗਤਾਂ ਨੂੰ ਵੇਖ ਕੇ ਰੱਬ ਜ਼ਰਾ ਫਿਕਰ ਵਿਚ ਆ ਗਿਆ ਕਿ ਇਹ ਮੇਰੇ ਪਿਆਰੇ ਅਨਿਨ ਭਗਤ ਅੱਜ ਇਕੱਠੇ ਹੋ ਕੇ ਮੇਰੇ ਪਾਸ ਕਿਉਂ ਆ ਗਏ ਹਨ? ਤਾਂ ਰੱਬ ਨੇ ਆਪਣੇ ਅਨਿਨ ਭਗਤਾਂ ਨੂੰ ਆਪਣੇ ਕੋਲ ਬਿਠਾ ਕੇ ਪੁੱਛਿਆ ਕਿ ਮੇਰੇ ਪਿਆਰੇ ਸਪੁੱਤਰੋ, ਦੱਸੋ, ਤੁਸੀਂ ਕਿਹੜੇ ਕੰਮ ਲਈ ਇਕੱਠੇ ਹੋ ਕੇ ਮੇਰੇ ਪਾਸ ਆਏ ਹੋ? ਤਾਂ ਭਗਤਾਂ ਨੇ ਰੱਬ ਜੀ ਨੂੰ ਬੇਨਤੀ ਕੀਤੀ ਕਿ ਰੱਬ ਜੀ, ਤੁਸੀਂ ਆਪਣੀ ਪਾਵਨ ਗੁਰਬਾਣੀ ਦੇ ਉਪਦੇਸ਼ਾਂ ਵਿਚ ਵਾਰ-ਵਾਰ ਹੁਕਮ ਕੀਤੇ ਹਨ ਕਿ ਭਾਈ, ਤੁਸੀਂ ਆਪਣੇ ਪਰਵਾਰਾਂ ਅਤੇ ਬੱਚਿਆਂ ਦੇ ਮੋਹ ਮਮਤਾ ਵਿਚ ਨਹੀਂ ਫਸਣਾ, ਤੁਸੀਂ ਸਭ ਧਨ, ਦੌਲਤਾਂ ਅਤੇ ਪਰਵਾਰਾਂ ਦੇ ਮੋਹ ਤੋਂ ਨਿਰਲੇਪ ਹੋ ਕੇ ਰਹਿਣਾ ਹੈ, ਤਾਂ ਭਗਤਾਂ ਨੇ ਫਿਰ ਅੱਗੋਂ ਬੇਨਤੀ ਕੀਤੀ ਕਿ ਰੱਬ ਜੀ, ਅਸੀਂ ਵੀ ਤੁਹਾਡੇ ਪਰਵਾਰ ਦੇ ਬੱਚੇ ਹਾਂ, ਤੁਸੀਂ ਵੀ ਤਾਂ ਸਾਡੇ ਮੋਹ ਮਮਤਾ ਵਿਚ ਫਸੇ ਹੋਏ ਹੋ ਅਤੇ ਨਾਲ ਹੀ ਭਗਤਾਂ ਨੇ ਬੇਨਤੀ ਕੀਤੀ ਕਿ ਰੱਬ ਜੀ, ਅਸੀਂ ਤਾਂ ਆਪਣੇ ਪਰਵਾਰਾਂ ਅਤੇ ਮਹਿਲ ਮਾੜੀਆਂ ਦੇ ਮੋਹ ਵਿਚ ਫਸੇ ਹੋਇਆਂ ਨੇ ਤੁਹਾਡਾ ਪਿਆਰਾ ਸਿਮਰਨ ਕਰ ਕੇ ਜੀਵਨ ਮੁਕਤ ਹੋ ਜਾਣਾ ਹੈ, ਸਾਨੂੰ ਦੱਸੋ, ਤੁਸੀਂ ਸਾਡੇ ਮੋਹ ਮਮਤਾ ਵਿੱਚੋਂ ਕਿਵੇਂ ਛੁੱਟੋਗੇ? ਤੇ ਨਾਲ ਹੀ ਪਿਆਰੇ ਭਗਤਾਂ ਨੇ ਕਿਹਾ ਕਿ ਰੱਬ ਜੀ, ਤੁਸੀਂ ਆਪਣੇ ਛੁਟਣ ਦਾ ਫਿਕਰ ਕਰੋ, ਅਸੀਂ ਤਾਂ ਤੁਹਾਡੇ ਸਿਮਰਨ ਕਰ ਕੇ ਛੁੱਟ ਹੀ ਜਾਣਾ ਹੈ। ਸੋ ਜਦੋਂ ਪਿਆਰੇ ਰੱਬੀ ਭਗਤਾਂ ਦੇ ਇਹ ਪਿਆਰੇ ਬਚਨ ਰੱਬ ਨੇ ਸੁਣੇ ਤਾਂ ਅੱਗੋਂ ਰੱਬ ਜੀ ਪਿਆਰ ਵਿਚ ਉਨ੍ਹਾਂ ਆਪਣੇ ਅਨਿਨ ਭਗਤਾਂ ਦੇ ਬਚਨ ਸੁਣ ਕੇ ਨਿਹਾਲ ਨਿਹਾਲ ਹੋ ਗਏ ਅਤੇ ਆਪਣੇ ਸਭ ਅਨਿਨ ਰੱਬੀ ਭਗਤਾਂ ਨੂੰ ਵਾਰ-ਵਾਰ ਨਮਸਕਾਰਾਂ ਕਰ ਕੇ ਉੱਠ ਕੇ ਚਲੇ ਗਏ ਅਤੇ ਨਾਲ ਹੀ ਕਹਿ ਗਏ, ਮੇਰੇ ਪਿਆਰੇ ਭਗਤੋ, ਜਾਓ, ਮਾਤ ਲੋਕ ਵਿਚ ਜਾ ਕੇ ਮੇਰੀ ਖਲਕਤ ਨੂੰ ਤਾਰੋ, ਪਿਆਰਿਓ ਇਸ ਬਾਰੇ ਮੈਂ ਤੁਹਾਨੂੰ ਕੋਈ ਜੁਆਬ ਨਹੀਂ ਦੇ ਸਕਦਾ।

*ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥*
*ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥*
*ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥*
*ਹਮਾਰਾ ਧੜਾ ਹਰਿ ਰਹਿਆ ਸਮਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੬)*

ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਨੂੰ ਸਮਝਾ ਰਹੇ ਹਨ ਕਿ ਪਿਆਰਿਓ, ਆਮ ਹੀ ਕਈਆਂ ਨੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਪੁੱਤਰਾਂ, ਭਰਾਵਾਂ ਨਾਲ ਵੱਡੇ-ਵੱਡੇ ਧੜੇ ਬਣਾਏ ਹੋਏ ਹਨ। ਕੋਈ ਸੰਸਾਰ ਵਿਚ ਕਹਿੰਦਾ ਹੈ ਕਿ

ਮੇਰਾ ਕੁੜਮ, ਮਾਮਾ, ਚਾਚਾ, ਤਾਇਆ, ਮਾਸੜ, ਜਵਾਈ ਅਤੇ ਵੱਡੇ-ਵੱਡੇ ਲੀਡਰ ਬਹੁਤ ਤਕੜੇ ਹਨ, ਮੈਂ ਹਰ ਵਕਤ ਉਨ੍ਹਾਂ ਨਾਲ ਜੁੜ ਕੇ ਉਨ੍ਹਾਂ ਦੇ ਧੜੇ ਵਿਚ ਹੀ ਰਹਿੰਦਾ ਹਾਂ ਪਰ ਮੈਨੂੰ ਕੋਈ ਫਿਕਰ ਨਹੀਂ ਹੈ ਧੰਨ ਹਨ ਗੁਰੂ ਕੇ ਪਿਆਰੇ ਸਿੱਖ, ਜੋ ਕਹਿੰਦੇ ਹਨ ਕਿ ਦੁਨੀਆ ਦੇ ਲੋਕੋ, ਮੇਰੇ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੁਨੀਆ ਤੋਂ ਵੱਡੇ ਤਾਕਤਵਾਰ ਹਨ, ਸੋ ਮੇਰਾ ਵੱਡਾ ਧੜਾ ਮੇਰੇ ਸਤਿਗੁਰੂ ਜੀ ਦੇ ਨਾਲ ਹੈ, ਸੋ ਪਿਆਰਿਓ, ਦੁਨੀਆਂ ਵਿਚ ਸਿਰਫ ਆਪਣੇ ਸਤਿਗੁਰੂ ਜੀ ਤੇ ਹੀ ਮਾਣ ਕਰਿਆ ਕਰੋ ਜੀ।

*ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੮)*

ਪਿਆਰਿਓ, ਜਿਹੜੀ ਕਮਾਈ ਕਰਨ ਲਈ ਤੂੰ ਸਾਰੇ ਦੇਸ਼ ਦੇ ਕੋਨੇ-ਕੋਨੇ ਵਿਚ ਜਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਭੱਜਾ ਫਿਰਦਾ ਹੈਂ, ਪਿਆਰਿਆ! ਤੂੰ ਹਰਵਕਤ ਆਪਣੇ ਹਿਰਦੇ ਅੰਦਰ ਆਪਣੇ ਪਿਆਰੇ ਰੱਬ ਦੇ ਨਾਮ ਨੂੰ ਸਦਾ ਯਾਦ ਕਰਦਾ ਹੀ ਰਿਹਾ ਕਰ, ਤੂੰ ਪਾਵਨ ਗੁਰਬਾਣੀ ਦੇ ਸ਼ਬਦ ਗੁਰੂ ਨਾਲ ਜੁੜ ਕੇ ਰੱਬ ਅਗੇ ਦੋਵੇਂ ਹੱਥ ਜੋੜ ਕੇ ਅਰਦਾਸਾਂ ਕਰਿਆ ਕਰ ਕਿ ਰੱਬਾ, ਮੈਂ ਤੁਹਾਡਾ ਨਿਮਾਣਾ ਜਿਹਾ ਪੁੱਤ ਹਾਂ, ਮੈਨੂੰ ਬਖਸ਼ ਕੇ ਮੇਰੀ ਆਤਮਿਕ ਅਤੇ ਦੁਨਿਆਵੀ ਭੁੱਖ ਦੂਰ ਕਰਕੇ ਮੈਨੂੰ ਆਪਣਾ ਰਾਜਾ ਸਿਖ ਪੁੱਤ ਬਣਾ ਲਉ। ਸੋ ਪਿਆਰਿਓ, ਰੱਬ ਦਾ ਆਪਣੇ ਹਿਰਦੇ ਅੰਦਰ ਬਹੁਤ ਹੀ ਪਿਆਰ ਨਾਲ ਸਿਮਰਨ ਕਰਦੇ ਹੀ ਰਿਹਾ ਕਰੋ, ਰੱਬੀ ਪਿਆਰ ਮਿਲਣ ਕਰਕੇ ਦੁਨੀਆ ਦੀ ਮਾਇਆ ਤੇਰੇ ਪਿੱਛੇ-ਪਿੱਛੇ ਭੱਜੀ ਫਿਰੇਗੀ।

*ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੁਛੁ ਰਹਨੁ ਥਿਰੁ ਨਾਹੀ॥*
*ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੩)*

ਪਿਆਰਿਆ, ਯਾਦ ਰੱਖ, ਤੇਰੀ ਜ਼ਿੰਦਗੀ ਵਿਚ ਜਿਹੜਾ ਦਿਨ ਚੜ੍ਹਦਾ ਹੈ, ਉਹ ਮਨੁੱਖਾ ਜਨਮ ਵਿਚੋਂ ਤੇਰਾ ਇਹ ਦਿਨ ਘੱਟ ਗਿਆ ਹੈ, ਤੂੰ ਇਸ ਫਾਨੀ ਸੰਸਾਰ ਤੋਂ ਇਕ-ਨਾ-ਇਕ ਦਿਨ ਸਦਾ-ਸਦਾ ਲਈ ਕੂਚ ਕਰ ਜਾਣਾ ਹੈ, ਤੂੰ ਇੱਥੇ ਸਦਾ- ਸਦਾ ਲਈ ਰਹਿਣਾ ਨਹੀਂ ਹੈ, ਸੋ ਭੁੱਲੇ ਮੂਰਖਾ, ਤੂੰ ਮੋਹ-ਮਾਇਆ ਅਤੇ ਵਿਕਾਰਾਂ ਵਿਚ ਗਾਫਲ ਸੁੱਤਾ ਪਿਆ ਹੈਂ, ਤੂੰ ਇਸ ਮਨੁੱਖਾ ਜਨਮ ਨੂੰ ਸੱਚ-ਸੱਚ ਕਰਕੇ ਮੰਨ ਲਿਆ ਹੈ। ਤੇਰੇ ਕਈ ਰਿਸ਼ਤੇਦਾਰ, ਸੰਗੀ ਸਾਥੀ ਤੇਰੇ ਸਾਹਮਣੇ ਹੀ ਦੁਨੀਆਂ ਤੋਂ ਕੂਚ ਕਰ ਗਏ ਹਨ, ਸੋ ਪਿਆਰਿਆ, ਤੂੰ ਤਾਂ ਸਿਰਫ ਚੰਗੇ ਕਰਮ ਕਰਨ ਅਤੇ ਰੱਬ ਦਾ ਸਿਮਰਨ ਕਰਨ ਆਇਆ ਸੀ ਪਰ ਵੀਰਾ, ਤੂੰ ਅਜੇ ਵੀ ਸਮਝ ਜਾ।

ਚਲਦਾ...

# ਭਾਈ ਤਾਰਾ ਸਿੰਘ ਜੀ 'ਵਾਂ'

*-ਡਾ. ਗੁਰਚਰਨ ਸਿੰਘ**

ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ ਤੇ ਸਿੱਖ ਇਤਿਹਾਸ ਸ਼ਹਾਦਤਾਂ ਦਾ ਇਤਿਹਾਸ ਹੈ। ਲਗਪਗ ਪਿਛਲੇ ੪੦੦ ਸਾਲਾਂ ਵਿਚ ਇਸ ਕੌਮ ਦੇ ਸ਼ਹੀਦਾਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਕਿ ਗਿਣਤੀ ਕਰ ਸਕਣਾ ਇਕ ਔਖਾ ਕਾਰਜ ਹੈ। ਸ਼ਹੀਦੀਆਂ ਸਿੱਖਾਂ ਦੀ ਵਧੀਕੀ ਕਾਰਨ ਨਹੀਂ, ਸਗੋਂ ਹਕੂਮਤ ਦੇ ਭਰਮ-ਭੁਲੇਖਿਆਂ ਜਾਂ ਜਾਣ-ਬੁਝ ਕੇ ਕਠੋਰ ਨੀਤੀਆਂ ਦਾ ਸਿੱਟਾ ਕਹੀਆਂ ਜਾ ਸਕਦੀਆਂ ਹਨ। ਅਨਿਆਂ ਭਰਪੂਰ ਜਬਰ ਨੂੰ ਸਿੱਖ ਸਹਿਣ ਨਹੀਂ ਕਰ ਸਕਦੇ ਪਰ ਸਿਰ ਤਲੀ 'ਤੇ ਧਰ ਮੈਦਾਨ 'ਚ ਆ ਨਿੱਤਰਦੇ ਹਨ। ਮਾਝੇ ਦੇ ਸਰਹੱਦੀ ਪਿੰਡ ਡੱਲ-ਵਾਂ ਦੇ ਬਜ਼ੁਰਗ ਤਾਰਾ ਸਿੰਘ ਦੀ ਗਾਥਾ ਇਹੋ ਹਕੀਕਤ ਦਰਸਾਉਂਦੀ ਹੈ। ਦਿੱਲੀ ਵਿਚ ਮੁਹੰਮਦ ਸ਼ਾਹ ਰੰਗੀਲੇ ਦਾ ਰਾਜ ਸੀ ਤੇ ਪੰਜਾਬ ਵਿਚ ਜ਼ਕਰੀਆ ਖਾਂ ਪੰਜਾਬ ਦਾ ਗਵਰਨਰ ਸੀ। ਉਸ ਨੇ ੧੭੨੬ ਤੋਂ ਲੈ ਕੇ ੧੭੪੫ ਤਕ ਪੰਜਾਬ ਦੇ ਸਿੱਖਾਂ ਨੂੰ ਕੁਚਲ ਦੇਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ।

ਇਸ ਸਮੇਂ 'ਵਾਂ' ਪਿੰਡ ਦੇ 'ਗੁਰਦਾਸ' ਨਾਮ ਦੇ ਸਿੱਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕ ਕੇ ਸਿੱਖੀ-ਬਾਣਾ ਧਾਰਨ ਕਰ ਲਿਆ ਸੀ। ਉਸ ਦਾ ਸਭ ਤੋਂ ਵੱਡਾ ਪੁੱਤਰ ਤਾਰਾ ਸਿੰਘ, ਜੋ ੧੭੦੨ ਵਿਚ ਪੈਦਾ ਹੋਇਆ ਸੀ, ਵੀ ਤਿਆਰ-ਬਰ-ਤਿਆਰ ਸਿੰਘ ਸੀ। ਉਸ ਨੇ ਭਾਈ ਮਨੀ ਸਿੰਘ ਦੇ ਜਥੇ ਤੋਂ ਅੰਮ੍ਰਿਤ-ਪਾਨ ਕੀਤਾ ਸੀ। ਉਹ ਜਿੱਥੇ ਮਿਠ-ਬੋਲੜਾ ਸੀ, ਉੱਥੇ ਉਹ ਘੋੜ-ਸਵਾਰੀ ਤੀਰ-ਅੰਦਾਜ਼ੀ ਤੇ ਤਲਵਾਰਬਾਜ਼ੀ ਵਿਚ ਵੀ ਨਿਪੁੰਨ ਸੀ। ਉਹ ਸਿੱਖੀ ਨੂੰ ਪਈ ਹਰ ਵੰਗਾਰ ਵੇਲੇ ਮੂਹਰੇ ਹੁੰਦੇ ਸਨ।

ਭਾਈ ਤਾਰਾ ਸਿੰਘ ਦਾ ਆਪਣੇ ਪਿੰਡ ਵਿਚ ਉੱਚਾ ਵਾੜਾ ਸੀ। ਇਹ ਵਾੜਾ ਹਾਕਮਾਂ ਦੇ ਸਤਾਏ ਸਿੰਘਾਂ ਦੀ ਆਰਾਮ-ਗਾਹ ਸੀ। ਭਾਈ ਤਾਰਾ ਸਿੰਘ ਤੋਂ ਪ੍ਰਭਾਵਿਤ ਹੋ ਕੇ, ਅਨੇਕ ਸਿੰਘ ਅੰਮ੍ਰਿਤਧਾਰੀ ਹੋ ਗਏ ਸਨ।

ਸੰਨ ੧੭੨੬ ਈ. ਵਿਚ ਨੌਸ਼ਹਿਰਾ-ਭੜਾਣਾ ਦੇ ਚੌਧਰੀ ਸਾਹਿਬ ਰਾਇ ਨੇ ਸਿੰਘਾਂ ਦੇ ਖੇਤਾਂ 'ਚ ਉਜਾੜੇ ਲਈ ਆਪਣੀਆਂ ਘੋੜੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਭੜਾਣੇ ਪਿੰਡ ਦੇ ਦੋ ਸਿੱਖਾਂ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਚੌਧਰੀ ਨੂੰ ਰੋਕਿਆ ਤਾਂ ਕਹਿਣ ਲੱਗਾ:

"ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਹੀ ਇਹਨਾਂ ਨੂੰ ਬੰਨ੍ਹਾਂਗਾ।"

ਭੜਾਣੀਆਂ ਸਿੰਘਾਂ ਨੇ ਪਿੰਡ ਭੁੱਸੇ ਦੇ ਸਰਦਾਰ ਬਘੇਲ ਸਿੰਘ ਨੂੰ ਹਾਲ ਦੱਸਿਆ ਤਾਂ ਉਨ੍ਹਾਂ ਨੇ ਘੋੜੀਆਂ ਫੜ ਕੇ ਅੱਗੇ ਪਟਿਆਲੇ ਵੱਲ ਸ. ਆਲਾ ਸਿੰਘ ਕੋਲ ਵੇਚ ਦਿੱਤੀਆਂ ਤੇ ਵੱਟਕ ਭਾਈ ਤਾਰਾ ਸਿੰਘ ਦੇ ਲੰਗਰ ਵਿਚ ਪਾ ਦਿੱਤੀ।

ਚੌਧਰੀ 'ਚੋਰਾਂ' ਦੀ ਭਾਲ ਵਿਚ ਤਾਰਾ ਸਿੰਘ ਦੇ ਡੇਰੇ ਆਇਆ। ਭਾਈ ਤਾਰਾ ਸਿੰਘ ਨੇ ਅੱਗੋਂ ਸਾਹਿਬ ਰਾਏ ਨੂੰ ਵਧੀਕੀ ਕਰਨ ਤੋਂ ਬਾਜ਼ ਰਹਿਣ ਲਈ ਕਿਹਾ। ਚੌਧਰੀ ਪੱਟੀ ਦੇ ਫੌਜਦਾਰ ਜਾਫਰ ਬੇਗ ਨੂੰ ਚੜ੍ਹਾ ਲਿਆਇਆ। ਜਾਫਰ ਬੇਗ ਨੇ ੫੦ ਸੈਨਿਕਾਂ ਨਾਲ ਭਾਈ ਤਾਰਾ ਸਿੰਘ ਦੇ ਵਾੜੇ 'ਤੇ ਹਮਲਾ ਕਰ ਦਿੱਤਾ। ਵਾੜੇ ਦੇ ਬਾਹਰਵਾਰ ਹੀ ਬਘੇਲ ਸਿੰਘ ਦਾ ਉਨ੍ਹਾਂ ਨਾਲ ਟਾਕਰਾ ਹੋ ਗਿਆ। ਬੰਦੂਕਾਂ ਦੀ ਆਵਾਜ਼ ਸੁਣ ਕੇ ਵਾੜੇ ਵਿਚਲੇ ਸਿੰਘ ਵੀ ਸ਼ਸਤਰ ਲੈ ਕੇ ਆ ਗਏ। ਜਾਫਰ ਬੇਗ ਦਾ ਭਤੀਜਾ ਲੜਾਈ 'ਚ ਮਾਰਿਆ ਗਿਆ। ਬਘੇਲ ਸਿੰਘ ਨੇ ਲਗਪਗ ੫੦ ਘੋੜ ਸਵਾਰ ਮਾਰ ਮੁਕਾਏ, ਪਰ ਪਿਆਦਾ ਸਿਪਾਹੀ ਅੱਗੇ ਵਧ ਆਏ। ਇਸ ਮੁੱਠ-ਭੇੜ ਵਿਚ ਬਘੇਲ ਸਿੰਘ ਸ਼ਹੀਦੀ ਪ੍ਰਾਪਤ ਕਰ ਗਿਆ, ਪ੍ਰੰਤੂ ਜਾਫਰ ਬੇਗ ਨੂੰ ਨੱਠ ਜਾਣ ਲਈ ਮਜ਼ਬੂਰ ਕਰ ਦਿੱਤਾ।

ਇਸ ਹਾਰ ਦੀ ਖ਼ਬਰ ਲਾਹੌਰ ਜ਼ਕਰੀਆ ਖਾਂ ਨੂੰ ਦੱਸੀ ਗਈ, ਜਿਸ ਨੇ ੨੨੦੦ ਸਵਾਰਾਂ ਦੀ ਕਮਾਨ ਮੋਮਨ ਖਾਂ ਨੂੰ ਸੌਂਪੀ ਜੋ ਟਿੱਡੀ ਦਲ ਨਾਲ ਲੈ ਕੇ, 'ਜਹਾਦ' ਤੇ 'ਜਹਾਦ' ਦਾ ਨਾਅਰਾ ਲਾ, ਕੇਵਲ ਮੁੱਠੀ ਭਰ ਸਿੰਘਾਂ ਵਿਰੁੱਧ ਤਿਆਰੀਆਂ ਕਰਨ ਲੱਗਾ।

ਉਧਰ ਸਿੰਘਾਂ ਨੇ ਜ਼ਕਰੀਆ ਖਾਂ ਦੇ ਹਠੀ ਸੁਭਾ ਤੋਂ ਖਤਰਾ ਅਨੁਭਵ ਕਰਕੇ ਮਾਲਵੇ ਨਿਕਲ ਜਾਣ ਦੀ ਵਿਉਂਤ ਬਣਾਈ ਪਰ ਜਦ ਭਾਈ ਤਾਰਾ ਸਿੰਘ ਦੀ ਸਲਾਹ 'ਤੇ ਚੇਤਾਵਨੀ ਸਪੱਸ਼ਟ ਸੀ:

*ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੌ ਕਿਹ ਕੁੰਟ ਕਹੋ ਭਜਿ ਜਈਐ ॥੯੬॥*

*(ਬਚਿਤ੍ਰ ਨਾਟਕ)*

ਸ਼ਹੀਦੀ ਦਾ ਹੁਕਮ ਸੁਣ ਕੇ ਕਈ ਤਾਂ ਮਾਲਵੇ ਵੱਲ ਚਲੇ ਗਏ ਪਰ ਭਾਈ ਤਾਰਾ ਸਿੰਘ ਨਾਲ ੧੮ ਸਿਦਕੀ ਸਿੱਖ ਡਟੇ ਰਹੇ। ਮੋਮਨ ਖਾਂ ਪੜਾਅ ਕਰਦਾ-ਕਰਦਾ 'ਵਾਂ' ਪਿੰਡ ਵੱਲ ਆ ਰਿਹਾ ਸੀ। ਰਸਤੇ ਵਿਚ ਘਵਿੰਡ ਪਿੰਡ ਦੇ ਨੰਬਰਦਾਰ ਸੂਜੇ, ਡੱਲ ਪਿੰਡ ਦੇ ਮੁਖੀ ਬੁਲਾਕੀ ਆਦਿ ਨੇ ਆਪਣੇ ਸੂਹੀਆਂ ਰਾਹੀਂ ਤਾਰਾ ਸਿੰਘ ਨੂੰ ਦੋ ਚਾਰ ਦਿਨ ਵਾਸਤੇ ਲਾਂਭੇ ਜਾਣ ਲਈ ਕਹਾ ਭੇਜਿਆ, ਪਰ ਸਿੰਘ ਸ਼ਹੀਦੀਆਂ ਲਈ ਅਡੋਲ ਸਨ।

ਅਗਲੇ ਦਿਨ ੨੨੦੦ ਸੈਨਿਕਾਂ ਦਾ ਮੁਕਾਬਲਾ ਸਿੰਘਾਂ ਨੇ ਕੀਤਾ। ਮੋਮਨ ਖਾਂ ਦਾ ਸਹਾਇਕ ਤੱਕੀਯ ਖਾਂ ਸਿੰਘਾਂ ਹੱਥੋਂ ਜ਼ਖ਼ਮੀ ਹੋਇਆ ਤੇ ਲਗਪਗ ੩੦੦ ਮੁਸਲਮਾਨ ਵੀ ਖੇਤ ਰਹੇ। ਭਾਈ ਤਾਰਾ ਸਿੰਘ ਦੀ ਸ਼ਹਾਦਤ ਨੇ ਜੰਗਲਾਂ 'ਚ ਲੁਕੇ ਸਿੰਘਾਂ ਨੂੰ ਨਵਾਂ ਰੋਹ ਤੇ ਜੋਸ਼ ਦਿੱਤਾ। ਉਹ ਜਥੇ ਬਣਾ ਕੇ ਮੁਗਲਾਂ ਦੇ ਖ਼ਜ਼ਾਨੇ ਲੁੱਟਣ ਲੱਗ ਪਏ। ਇਹ ਸੰਘਰਸ਼ ਕਈ ਸਾਲ ਚਲਦਾ ਰਿਹਾ। ਅਖੀਰ ਸਿੰਘ ਸੂਰੇ ਪੰਜਾਬ ਦੇ ਸਰਦਾਰ ਬਣੇ।

■

# ਮਾਰਚ ਅਤੇ ਅਪ੍ਰੈਲ ੨੦੨੬ ਈ. ਦੇ (ਨਾਨਕਸ਼ਾਹੀ ਸੰਮਤ ੫੫੭-੫੮ ਮੁਤਾਬਕ) ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | |
|---|---|
| ਹੋਲਾ ਮਹੱਲਾ | ੨੧ ਫੱਗਣ ੦੪ ਮਾਰਚ |
| ਅਰੰਭਤਾ ਸੰਮਤ ਨਾਨਕਸ਼ਾਹੀ ੫੫੮ | ੦੧ ਚੇਤ ੧੪ ਮਾਰਚ |
| ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ | ੦੧ ਚੇਤ ੧੪ ਮਾਰਚ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਿਹ | ੦੨ ਚੇਤ ੧੫ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੦੪ ਚੇਤ ੧੭ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੦੬ ਚੇਤ ੧੯ ਮਾਰਚ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੦੯ ਚੇਤ ੨੨ ਮਾਰਚ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੧੦ ਚੇਤ ੨੩ ਮਾਰਚ |
| ਸ਼ਹੀਦੀ ਦਿਹਾੜਾ ਸ. ਭਗਤ ਸਿੰਘ | ੧੦ ਚੇਤ ੨੩ ਮਾਰਚ |
| ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ | ੧੨ ਚੇਤ ੨੫ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੯ ਚੇਤ ੦੧ ਅਪ੍ਰੈਲ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੯ ਚੇਤ ੦੧ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੨੫ ਚੇਤ ੦੭ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੭ ਚੇਤ ੦੯ ਅਪ੍ਰੈਲ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | ੨੭ ਚੇਤ ੦੯ ਅਪ੍ਰੈਲ |
| ਸਿੱਖ ਦਸਤਾਰ ਦਿਵਸ | ੩੧ ਚੇਤ ੧੩ ਅਪ੍ਰੈਲ |
| ਖਾਲਸਾ ਸਾਜਣਾ ਦਿਵਸ (ਵੈਸਾਖੀ) | ੦੧ ਵੈਸਾਖ ੧੪ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੦੫ ਵੈਸਾਖ ੧੮ ਅਪ੍ਰੈਲ |
| ਜਨਮ ਦਿਹਾੜਾ ਭਗਤ ਧੰਨਾ ਜੀ | ੦੮ ਵੈਸਾਖ ੨੧ ਅਪ੍ਰੈਲ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੧੭ ਵੈਸਾਖ ੩੦ ਅਪ੍ਰੈਲ |
| **ਪੂਰਨਮਾਸੀ** | ੨੦ ਫੱਗਣ ੦੩ ਮਾਰਚ |
| **ਸੰਗਰਾਂਦ** | ੦੧ ਚੇਤ ੧੪ ਮਾਰਚ |
| **ਮੱਸਿਆ** | ੦੬ ਚੇਤ ੧੯ ਮਾਰਚ |
| **ਪੂਰਨਮਾਸੀ** | ੨੦ ਚੇਤ ੦੨ ਅਪ੍ਰੈਲ |
| **ਸੰਗਰਾਂਦ** | ੦੧ ਵੈਸਾਖ ੧੪ ਅਪ੍ਰੈਲ |
| **ਮੱਸਿਆ** | ੦੪ ਵੈਸਾਖ ੧੭ ਅਪ੍ਰੈਲ |

ਫਰਵਰੀ ੨੦੨੬ ਦਾ ਬਾਕੀ

# ਰਾਗੁ ਧਨਾਸਰੀ

*-ਮਾ. ਬਲਬੀਰ ਸਿੰਘ ਹੰਸਪਾਲ**

*ਧਨਾਸਰੀ ਮਹਲਾ ੪॥*
*ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥*
*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ਰਹਾਉ॥*
*ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥*
*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥੨॥੬॥੧੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੯)*

**ਰਾਗੁ ਧਨਾਸਰੀ** **(ਤਿੰਨ ਤਾਲ)** **(ਮੱਧ ਲੈਅ)**

**ਸਥਾਈ**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਪਾਨ਼ੀ | ਸਾਂਨ਼ੀ | ਧਾ | ਪਾ | ਮਾ | ਪਾ | ਗ਼ਾ | ਮਾ |
| | | | | | | | | ਜਫ਼ | ਪਿਫ਼ | ਮ | ਨ | ਸ | ਤਿ | ਨਾ | ਮੁ |
| ਪਾ | ਪਾ | ਮਾ | ਪਾ | ਗ਼ਾ | - | ਰੇ | ਸਾ | ਨ਼ੀ | ਸਾ | ਸਾ | ਗ਼ਾ | ਰੇ | ਰੇ | ਸਾ | ਸਾ |
| ਸ | ਦਾ | ਸ | ਤਿ | ਨਾ | ਫ਼ | ਮੁ | ਫ਼ | ਹ | ਲ | ਤਿ | ਪ | ਲ | ਤਿ | ਮੁ | ਖ |
| ਗ਼ਾ | ਮਾ | ਪਾ | ਨ਼ੀ | ਧਾ | ਧਾ | ਪਾ | - | ਪਾ | ਨ਼ੀ | ਸਾਂ | ਨ਼ੀ | ਧਾ | - | ਪਾ | ਪਾ |
| ਊ | ਫ਼ | ਜ | ਲ | ਹੋ | ਈ | ਹੈ | ਫ਼ | ਨਿ | ਤ | ਧਿ | ਆਈ | ਐ | ਫ਼ | ਹ | ਰਿ |
| ਗ਼ੁ | ਮਾ | ਪਾ | ਮਾਪਾ | ਗ਼ਾ | ਗ਼ਾ | ਰੇ | ਸਾ | | | | | | | | |
| ਪੁ | ਰ | ਖੁ | ਨਿਫ਼ | ਰੰ | ਜ | ਨਾ | ਫ਼ | | | | | | | | |

* *ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ।*
*ਮੋ. ੯੮੧੪੯-੪੯੪੪੮*

**ਰਾਗੁ ਧਨਾਸਰੀ** **(ਤਿੰਨ ਤਾਲ)** **(ਮੱਧ ਲੈਅ)**

**(ਅੰਤਰਾ)**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਪਾ | – | ਪਾ | – | ਪਾਮਾ | ਧਾਪਾ | ਗੁਾ | ਮਾ |
| | | | | | | | | ਇ | s | ਛਾ | s | ਪੂs | ਰs | ਕੁ | ਸ |
| ਪਾ | ਨੀ | ਸਾਂ | ਗੁਾਂ | ਰੇਂ | ਰੇਂ | ਸਾਂ | ਸਾਂ | ਪਾ | ਨੀ | ਸਾਂ | – | ਨੀ | ਧਾ | ਪਾ | – |
| ਰ | ਬ | ਸੁ | ਖ | ਦਾ | ਤਾ | ਹ | ਰਿ | ਜਾ | s | ਕੈ | s | ਵ | ਸਿ | ਹੈ | s |
| ਗੁ | – | ਮਾ | ਪਾ | ਗੁਾ | – | ਰੇ | ਸਾ | | | | | | | | |
| ਕਾ | s | s | ਮ | ਧੇ | s | ਨਾ | s | | | | | | | | |

**ਤਾਨਾਂ:-**

੧. ਨ਼ੀਸਾ ਗੁਾਮਾ ਪਾਪਾ ਮਾਪਾ ਗੁਾਗੁਾ ਮਾਪਾ ਗੁਾਗੁਾ ਰੇਸਾ

੨. ਪਾਮਾ ਗੁਾਮਾ ਪਾਨੀ ਸਾਂਨੀ ਧਾਪਾ ਮਾਪਾ ਗੁਾਗੁਾ ਰੇਸਾ

੩. ਨ਼ੀਸਾ ਗੁਾਮਾ ਪਾਨੀ ਸਾਂਨੀ ਧਾਪਾ ਮਾਪਾ ਗੁਾਗੁਾ ਰੇਸਾ

੪. ਨ਼ੀਸਾ ਗੁਾਮਾ ਪਾਪਾ ਗੁਾਮਾ ਪਾਨੀ ਧਾਪਾ ਮਾਪਾ ਗੁਾਮਾ
ਪਾਨੀ ਸਾਂਨੀ ਧਾਪਾ ਮਾਪਾ ਗੁਾਗੁਾ ਮਾਪਾ ਗੁਾਗੁਾ ਰੇਸਾ

੫. ਨ਼ੀਸਾ ਗੁਾਮਾ ਪਾਨੀ ਧਾਪਾ ਮਾਪਾ ਗੁਾਗੁਾ ਰੇਸਾ ਗੁਾਮਾ
ਪਾਨੀ ਸਾਂਗੁਾਂ ਰੇਂਸਾਂ ਨੀਧਾ ਪਾਪਾ ਮਾਪਾ ਗੁਾਗੁਾ ਰੇਸਾ

ਖ਼ਬਰਨਾਮਾ

## ਨਵੰਬਰ ੧੯੮੪ ਸਿੱਖ ਕਤਲ-ਏ-ਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕਰਨਾ ਪੀੜਤਾਂ ਨਾਲ ਬੇਇਨਸਾਫ਼ੀ -ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੨ ਜਨਵਰੀ- ਦਿੱਲੀ ਵਿਖੇ ੧੯੮੪ ਈ. 'ਚ ਹੋਏ ਸਿੱਖ ਕਤਲ-ਏ-ਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜਨਕਪੁਰੀ ਅਤੇ ਵਿਕਾਸਪੁਰੀ ਨਾਲ ਸੰਬੰਧਿਤ ਕਤਲ-ਏ-ਆਮ ਦੇ ਮਾਮਲਿਆਂ ਵਿਚ ਅਦਾਲਤ ਵੱਲੋਂ ਬਰੀ ਕੀਤੇ ਜਾਣਾ ਕਰੀਬ ੪੧ ਸਾਲਾਂ ਤੋਂ ਇਨਸਾਫ਼ ਦੀ ਆਸ ਲਗਾਈ ਬੈਠੇ ਪੀੜਤ ਪਰਵਾਰਾਂ ਨਾਲ ਘੋਰ ਬੇਇਨਸਾਫ਼ੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨੇ ਉਨ੍ਹਾਂ ਪੀੜਤ ਪਰਵਾਰਾਂ ਨੂੰ ਮਾਨਸਿਕ ਤੌਰ 'ਤੇ ਗਹਿਰੀ ਸੱਟ ਮਾਰੀ ਹੈ, ਜੋ ਲੰਮੇ ਸਮੇਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਨਵੰਬਰ ੧੯੮੪ ਈ. ਦਾ ਸਿੱਖ ਕਤਲ-ਏ-ਆਮ ਇਤਿਹਾਸ ਅੰਦਰ ਕਰੂਰ ਕਾਰੇ ਵਜੋਂ ਦਰਜ ਹੈ, ਜਦੋਂ ਸਰਕਾਰੀ ਸ਼ਹਿ 'ਤੇ ਸਿੱਖਾਂ ਨੂੰ ਵਹਿਸ਼ੀਆਨਾ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਅਤੇ ਪੀੜਤ ਪਰਵਾਰ ਕਰੀਬ ੪੧ ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਹਨ। ਏਨੀ ਲੰਮੀ ਲੜਾਈ ਲੜਨ ਤੋਂ ਬਾਅਦ ਅਦਾਲਤ ਦਾ ਇਹ ਫੈਸਲਾ ਪੀੜਤਾਂ ਦੇ ਨਾਲ-ਨਾਲ ਸਮੁੱਚੀ ਕੌਮ ਨੂੰ ਵੱਡੀ ਪੀੜਾ ਦੇਣ ਵਾਲਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਸਾਫ਼ ਤੌਰ 'ਤੇ ਦਿੱਲੀ ਸਿੱਖ ਕਤਲ-ਏ-ਆਮ ਦਾ ਦੋਸ਼ੀ ਹੈ ਅਤੇ ਉਹ ਪਹਿਲਾਂ ਵੀ ਇਕ ਕੇਸ ਵਿਚ ਸਜ਼ਾ ਭੁਗਤ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਕਤਲ-ਏ-ਆਮ ਦੇ ਦੋਸ਼ੀ ਸੱਜਣ ਕੁਮਾਰ ਦਾ ਇਨ੍ਹਾਂ ਮਾਮਲਿਆਂ ਵਿਚ ਸਜ਼ਾ ਤੋਂ ਬਚ ਜਾਣਾ ਦੁਖਦਾਈ ਤੇ ਨਿਰਾਸ਼ਾਜਨਕ ਹੈ।

## ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣਾ ਸਿੱਖ-ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ-ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੯ ਫ਼ਰਵਰੀ- ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਵਿਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਕਰੜਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਪੜਤਾਲ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਆਖਿਆ ਕਿ ਇਹ ਸਿੱਖ-

ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਬੀਤੇ ਦਿਨੀਂ ਅਧਿਆਪਕ ਯੋਗਤਾ ਪ੍ਰੀਖਿਆ ਲਈ ਬਠਿੰਡਾ ਦੇ ਪਿੰਡ ਭੋਖੜਾ ਵਿਖੇ ਦਿੱਲੀ ਪਬਲਿਕ ਸਕੂਲ 'ਚ ਬਣੇ ਪ੍ਰੀਖਿਆ ਕੇਂਦਰ ਵਿਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਬਹੁਗਿਣਤੀ ਸਿੱਖ ਵੱਸੋਂ ਵਾਲਾ ਖਿੱਤਾ ਹੈ, ਜਿੱਥੇ ਹਰ ਇਕ ਨੂੰ ਇਹ ਪਤਾ ਹੈ ਕਿ ਕੜਾ ਸਿੱਖਾਂ ਦਾ ਅਨਿੱਖੜਵਾਂ ਅੰਗ ਹਨ, ਪਰ ਇਸ ਦੇ ਬਾਵਜੂਦ ਵੀ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਉਣ ਦੀ ਹਰਕਤ ਮੰਦਭਾਗੀ ਹੈ। ਉਨ੍ਹਾਂ ਆਖਿਆ ਕਿ ਗੁਰੂਆਂ ਦੀ ਧਰਤੀ ਪੰਜਾਬ ਵਿਚ ਅਜਿਹੀਆਂ ਹਰਕਤਾਂ ਕਿਸ ਦੇ ਇਸ਼ਾਰੇ 'ਤੇ ਹੋ ਰਹੀਆਂ ਹਨ, ਇਹ ਜਾਂਚ ਦਾ ਵਿਸ਼ਾ ਹੈ। ਕੀ ਪੰਜਾਬ ਸਰਕਾਰ ਇਸ ਨੂੰ ਪ੍ਰਵਾਨਗੀ ਦੇ ਰਹੀ ਹੈ, ਜੇਕਰ ਅਜਿਹਾ ਹੈ ਤਾਂ ਇਸ ਤੋਂ ਦੁਖਦਾਈ ਹੋਰ ਕੀ ਹੋ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸੰਜੀਦਾ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਵਾਸਤੇ ਲਿਖਿਆ ਜਾਵੇਗਾ। ਫ਼ਿਲਹਾਲ ਇਸ ਦੀ ਪੜਤਾਲ ਕਰਵਾਈ ਜਾ ਰਹੀ ਹੈ। ਜਾਂਚ-ਪੜਤਾਲ ਦੀ ਇਸ ਕਾਰਵਾਈ ਲਈ ਗੁਰਦੁਆਰਾ ਸ੍ਰੀ ਹਾਜੀਰਤਨ ਸਾਹਿਬ ਬਠਿੰਡਾ ਦੇ ਮੈਨੇਜਰ ਸ. ਦਰਸ਼ਨ ਸਿੰਘ, ਸਬ-ਆਫ਼ਿਸ ਤਲਵੰਡੀ ਸਾਬੋ ਦੇ ਇੰਚਾਰਜ ਸ. ਭੋਲਾ ਸਿੰਘ ਅਤੇ ਪ੍ਰਚਾਰਕ ਸਿੰਘਾਂ ਦੀ ਡਿਊਟੀ ਲਗਾਈ ਗਈ ਹੈ। ਇਸ ਕਮੇਟੀ ਦੀ ਜਾਂਚ ਰਿਪੋਰਟ ਅਨੁਸਾਰ ਬਣਦੀ ਕਰਵਾਈ ਹੋਵੇਗੀ।

ਐਡਵੋਕੇਟ ਧਾਮੀ ਨੇ ਪੰਜਾਬ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਹਰਕਤਾਂ ਦਾ ਮੌਕੇ 'ਤੇ ਹੀ ਵਿਰੋਧ ਦਰਜ ਕਰਵਾਇਆ ਜਾਵੇ। ਕਿਸੇ ਵੀ ਸਿੱਖ ਵਿਰੋਧੀ ਕਾਰਵਾਈ ਨੂੰ ਚੁਣੌਤੀ ਦਿੱਤੀ ਜਾਵੇ ਅਤੇ ਮੌਕੇ 'ਤੇ ਮੌਜੂਦ ਸਿੱਖ ਪ੍ਰਸੰਗ ਵਿਚ ਆਪਣੀ ਗੱਲ ਰੱਖ ਕੇ ਕੌਮੀ ਤਰਜਮਾਨੀ ਕਰਨਾ ਹਰ ਸਿੱਖ ਦਾ ਫ਼ਰਜ਼ ਹੈ ਅਤ ਜੇਕਰ ਅਜਿਹੀਆਂ ਹਰਕਤਾਂ ਨੂੰ ਮੂਕ ਪ੍ਰਵਾਨਗੀ ਮਿਲਦੀ ਰਹੀ ਤਾਂ ਸਿੱਖ ਵਿਰੋਧੀ ਅਨਸਰਾਂ ਦੇ ਹੌਂਸਲੇ ਹੋਰ ਵਧਣਗੇ।

## ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਰੱਦ ਕਰਨ 'ਤੇ ਐਡਵੋਕੇਟ ਧਾਮੀ ਨੇ ਕੀਤਾ ਇਤਰਾਜ਼

ਸ੍ਰੀ ਅੰਮ੍ਰਿਤਸਰ, ੧੦ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਇਕ ਪਾਸੇ ਸਿੱਖ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਪਰ ਸਿੱਖਾਂ ਨਾਲ ਸੰਬੰਧਿਤ ਮਾਮਲਿਆਂ ਵਿਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਫੈਸਲੇ ਵਿਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ ’ਤੇ ਚੱਲਦਿਆਂ ਸਿੱਖ ਭਾਵਨਾਵਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ ੩੩ ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਕਲੀਗਰ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੇ ੪੩ ਲੱਖ ਰੁਪਏ

ਸ੍ਰੀ ਅੰਮ੍ਰਿਤਸਰ, ੧੩ ਫਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਤੇ ਵਿਜੇਵਾੜਾ ਅੰਦਰ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ ਦੀਆਂ ਫੀਸਾਂ ਲਈ ੪੩ ਲੱਖ ੩ ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤਹਿਤ ਇਹ ਸਹਾਇਤਾ ਰਾਸ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ ’ਤੇ ਪੜ੍ਹਦੇ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

ਵਿੱਦਿਅਕ ਸਾਲ ੨੦੨੪-੨੫ ਤੇ ੨੦੨੫-੨੬ ਦੀਆਂ ਫੀਸਾਂ ਭੇਜੀਆਂ ਗਈਆਂ ਹਨ।

ਇਸ ਸੰਬੰਧੀ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਵੱਖ-ਵੱਖ ਸੂਬਿਆਂ ਅੰਦਰ ਵੱਸਦੇ ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ ਹਨ ਜਿਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿੱਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਬੱਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪੜ੍ਹ ਕੇ ਨੌਕਰੀਆਂ ਪ੍ਰਾਪਤ ਕਰ ਰਹੇ ਹਨ, ਜੋ ਆਪਣੇ ਪਰਵਾਰ ਦਾ ਸਹਾਰਾ ਬਣਨਗੇ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿਚ ਜਾ ਕੇ ਇੱਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ 'ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇੱਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਯੋਗ ਵਰਤੋਂ ਯਕੀਨੀ ਬਣੀ ਰਹੇ। ਇਸ ਮੌਕੇ ਉਨ੍ਹਾਂ ਨਾਲ ਸ. ਦਿਲਸ਼ਾਹ ਸਿੰਘ ਅਨੰਦ, ਸੁਪਰਵਾਈਜ਼ਰ ਸ. ਹਰਮਿੰਦਰਬੀਰ ਸਿੰਘ ਤੇ ਗੁਰਦੁਆਰਾ ਇੰਸਪੈਕਟਰ ਸ. ਚੰਚਲਦੀਪ ਸਿੰਘ ਸ਼ਾਮਲ ਹਨ। ■


---

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

ਸਰਦਾਰ ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ ਕਰਨ ਦਾ ਦ੍ਰਿਸ਼




Press Registrar General of India at No.354

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH

March 2026

Dharam Parchar Committee, Shiromani Gurdwara Parbandhak Committee, Sri Amritsar Sahib



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ-ਮਹੱਲੇ ਦਾ ਦ੍ਰਿਸ਼

Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-3-2026